Digitized by Arya Samaj Foundation Chennai and eGangotri

# ਸਮੀਖਿਆ ਨਿਧੀ

ਹਰਨੇਕ ਸਿੰਘ ਕੋਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7747

पुस्तकालय
पुस्तकालय
गुरुकुल कांगड़ी विश्वविद्यालय

DONATION

Forwarded free of Cost, and with the
Compliments of Deptt of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਮੀਖਿਆ ਨਿਧੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਲੇਖਕ ਦੀਆਂ ਰਚਨਾਵਾਂ

### ○ ਆਲੋਚਨਾ

ਸੁਨੇਹੁੜੇ : ਇਕ ਅਧਿਐਨ (1973)
ਭਾਈ ਗੁਰਦਾਸ : ਜੀਵਨ, ਚਿੰਤਨ ਤੇ ਕਲਾ (1986)
ਭਾਈ ਗੁਰਦਾਸ ਦਾ ਕਾਵਿ-ਲੋਕ (1990)
ਸਮੀਖਿਆ ਨਿਧੀ (1990)

### ○ ਕਵਿਤਾ

ਖ਼ਾਲੀ ਘਰ (1979)
ਪੱਥਰਾਂ ਦੀ ਬਾਰਿਸ਼ (1982)

### ○ ਪੰਜਾਬੀ ਅਧਿਆਪਨ

ਪੰਜਾਬੀ ਪੜ੍ਹਾਉਣ ਦੀਆਂ ਸਮੱਸਿਆਵਾਂ (1972)

### ○ ਸੰਪਾਦਨ

ਰੰਗ ਦਰਿਆਵਾਂ ਦੇ (1970)

### ○ ਬਾਲ-ਸਾਹਿਤ

ਪੰਮੀ ਦਾ ਮੋਤੀ (ਬਾਲ-ਨਾਵਲ) 1968
ਸੂਹੇ ਫੁੱਲਾਂ ਦੀ ਸੁਗੰਧ (ਕਾਵਿ-ਸੰਗ੍ਰਹਿ) 1972

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਮੀਖਿਆ ਨਿਧੀ

पुस्तकालय
पुस्तकालय
गुरुकुल कांगड़ी विश्वविद्यालय

7747

DONATION

Awarded free of Cost, and with the Compliments of Deptt. of Education, Govt. of India, New Delhi.

ਹਰਨੇਕ ਸਿੰਘ ਕੋਮਲ
ਪੀਐਚ. ਡੀ.

ਵਾਰਿਸਸ਼ਾਹ ਫਾਉਂਡੇਸ਼ਨ

ਅੰਮ੍ਰਿਤਸਰ–143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

SAMIKHYA NIDHI

by
Dr. Harnek Singh Komal M.A., Ph.D.
D.A.V. College, Bathinda-152107

ਪਹਿਲੀ ਵਾਰ : ਸਤੰਬਰ 1990

ਪ੍ਰਕਾਸ਼ਕ
ਵਾਰਿਸ ਸ਼ਾਹ ਫਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾਕ. ਖਾਲਸਾ ਕਾਲਜ, ਅੰਮ੍ਰਿਤਸਰ–143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ, ਅੰਮ੍ਰਿਤਸਰ

ਮੁੱਲ : 60 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the Compliments of Deptt. of Education, Govt. of India, New Delhi.

ਆਪਣੇ
ਵਿਦਿਆਰਥੀਆਂ
ਨੂੰ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਨਿਬੰਧ ਸੂਚੀ


| | | |
|---|---|---|
| | ਦੋ ਸ਼ਬਦ | 7 |
| 1. | ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਸ਼੍ਰੇਸ਼ਟਤਾ | 9 |
| 2. | ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਸਰੂਪ | 20 |
| 3. | ਜਪੁਜੀ ਦੀ ਅਲੰਕਾਰ-ਯੋਜਨਾ | 29 |
| 4. | ਨਾਨਕ ਸਿੰਘ ਦੀ ਨਾਵਲ-ਕਲਾ ਉੱਤੇ ਪਏ ਪ੍ਰਭਾਵ | 44 |
| 5. | ਨਾਨਕ ਸਿੰਘ ਦੇ ਨਾਵਲਾਂ ਵਿਚ ਪਾਤਰ-ਉਸਾਰੀ | 58 |
| 6. | ਪੰਜਾਬੀ ਗ਼ਜ਼ਲ ਦੇ ਨਕਸ਼ | 68 |
| 7. | ਪੰਜਾਬੀਅਤ ਦਾ ਕਵੀ : ਬਾਬੂ ਫ਼ੀਰੋਜ਼ਦੀਨ ਸ਼ਰਫ਼ | 84 |
| 8. | ਪੂਰਨ ਸਿੰਘ ਦੀ ਵਾਰਤਕ-ਸ਼ੈਲੀ | 93 |
| 9. | ਮੋਹਨ ਸਿੰਘ ਦਾ ਪ੍ਰਗਤੀਵਾਦ | 100 |
| 10. | ਦਰਸ਼ਨ ਸਿੰਘ ਅਵਾਰਾ ਕਾਵਿ-ਸੰਦੇਸ਼ | 108 |
| 11. | ਸੁਹਜਵਾਦੀ ਸ਼ੈਲੀਕਾਰ ਗੁਰਬਖ਼ਸ਼ ਸਿੰਘ | 111 |
| 12. | ਗੁਰਚਰਨ ਸਿੰਘ ਸਹਿੰਸਰਾ ਦੀ ਵਾਰਤਕ-ਸ਼ੈਲੀ | 117 |


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਦੋ ਸ਼ਬਦ

'ਸਮੀਖਿਆ ਨਿਧੀ' ਮੇਰੇ 12 ਆਲੋਚਨਾਤਮਕ ਨਿਬੰਧਾਂ ਦਾ ਸੰਗ੍ਰਹਿ ਹੈ । ਇਹ ਨਿਬੰਧ 'ਪੰਜਾਬੀ ਦੁਨੀਆਂ', 'ਆਲੋਚਨਾ', 'ਜਾਗ੍ਰਤੀ', 'ਸੁਰਤਾਲ', 'ਸਾਹਿਤ ਸਮਾਚਾਰ', ਆਦਿ ਪੱਤ੍ਰਿਕਾਵਾਂ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ । ਕੁਝ ਨਿਬੰਧ ਆਕਾਸ਼ਵਾਣੀ ਜਲੰਧਰ ਤੋਂ ਪ੍ਰਸਾਰਤ ਹੋਏ ਹਨ ਅਤੇ ਸਾਹਿਤਕ ਗੋਸ਼ਟੀਆਂ 'ਚ ਪੜ੍ਹੇ ਤੇ ਵਿਚਾਰੇ ਗਏ ਹਨ । ਇਨ੍ਹਾਂ ਨਿਬੰਧਾਂ ਨੂੰ ਹੀ ਪੁਸਤਕ ਦੇ ਰੂਪ 'ਚ ਸੰਭਾਲਣ ਦਾ ਯਤਨ ਕੀਤਾ ਗਿਆ ਹੈ ਤਾਂ ਕਿ ਸਾਹਿਤ ਦੇ ਵਿਦਿਆਰਥੀ ਲਾਭ ਉਠਾ ਸਕਣ ।

ਕਿਸੇ ਰਚਨਾ ਜਾਂ ਰਚਨਾਕਾਰ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆ ਮੈਂ ਸਹਿਜ ਰੂਪ 'ਚ ਹੀ ਆਪਣੀ ਗੱਲ ਸਮਝਾਉਣ ਦਾ ਯਤਨ ਕੀਤਾ ਹੈ, ਔਖੀ ਸ਼ਬਦਾਵਲੀ ਜਾਂ ਵਾਧੂ ਚਰਚਾ ਦਾ ਭਾਰ ਪਾ ਕੇ ਉਸ ਨੂੰ ਉਲਝਾਉਣ/ਲਮਕਾਉਣ ਦਾ ਯਤਨ ਨਹੀਂ ਕੀਤਾ । ਕਿਸੇ ਰਚਨਾ ਨਾਲੋਂ ਉਸ ਰਚਨਾ ਦੇ ਮੁਲਾਂਕਣ ਨੂੰ ਵਧੇਰੇ ਗੁੰਝਲਦਾਰ ਬਣਾ ਕੇ ਪੇਸ਼ ਕਰਨਾ ਮੇਰੇ ਵਿਸ਼ਵਾਸ ਦੀ ਸੀਮਾ ਤੋਂ ਬਾਹਰ ਦੀ ਗੱਲ ਹੈ । ਆਲੋਚਕ ਦਾ ਕਾਰਜ ਕਿਸੇ ਰਚਨਾ ਵਿਚ ਵਿਦਮਾਨ ਭਾਵਾਂ ਜਾਂ ਵਿਚਾਰਾਂ ਨੂੰ ਪ੍ਰਕਾਸ਼ 'ਚ ਲਿਆਉਣਾ ਹੈ, ਅੰਧਕਾਰ 'ਚ ਲਪੇਟਣਾ ਨਹੀਂ ।

ਮੁਲਾਂਕਣ ਸਮੇਂ ਮੈਂ ਕਿਸੇ ਰਚਨਾ ਜਾਂ ਰਚਨਾਕਾਰ ਨੂੰ ਕਿਸੇ ਪੂਰਵ-ਨਿਰਧਾਰਿਤ ਨਜ਼ਰੀਏ ਤੋਂ ਨਹੀਂ ਦੇਖਿਆ ਸਗੋਂ ਸਾਹਿਤਕ ਸਮੀਖਿਆ ਦੀਆਂ ਵਿਧੀਆਂ ਤੇ ਸਿਧਾਂਤਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਆਧਾਰ ਬਣਾਇਆ ਹੈ। ਕਿਸੇ ਰਚਨਾ ਦੇ ਮੁਲਾਂਕਣ ਸਮੇਂ ਮੈਂ ਉਸ ਦੇ ਸਾਹਿਤਕ ਗੁਣਾਂ ਨੂੰ ਵਧੇਰੇ ਅਹਿਮੀਅਤ ਦਿੰਦਾ ਹਾਂ। ਕੋਈ ਰਚਨਾ, ਭਾਵੇਂ ਉਸ ਦਾ ਵਿਸ਼ਾ ਕਿੰਨ੍ਹਾ ਵੀ ਮਹਾਨ ਹੋਵੇ, ਜੇ ਸਾਹਿਤਕ ਗੁਣਾਂ ਤੋਂ ਕੋਰੀ ਹੈ ਤਾਂ ਉਹ ਚੰਗੀ ਸਾਹਿਤਕ ਕਿਰਤ ਨਹੀਂ ਹੋ ਸਕਦੀ। ਕਿਸੇ ਹੋਰ ਖੇਤਰ 'ਚ ਉਸ ਦੀ ਮਹਾਨਤਾ ਹੋ ਸਕਦੀ ਹੈ, ਸਾਹਿਤ ਵਿਚ ਨਹੀਂ। ਕਿਸੇ ਰਚਨਾ ਦੇ ਵਿਸ਼ੇ ਦਾ ਆਪਣਾ ਮਹੱਤਵ ਹੁੰਦਾ ਹੈ ਪਰ ਸਾਹਿਤਕ ਗੁਣਾਂ ਤੋਂ ਕੋਰੀ ਰਚਨਾ ਵਿਸ਼ੇ ਦੇ ਮਹੱਤਵ ਨੂੰ ਵੀ ਅਰਥਹੀਨ ਬਣਾ ਦਿੰਦੀ ਹੈ।

ਇਨ੍ਹਾਂ ਨਿਬੰਧਾਂ ਨੂੰ ਪੁਸਤਕ ਦਾ ਰੂਪ ਦੇਣ 'ਚ ਮੈਨੂੰ ਆਪਣੇ ਮਿੱਤਰ ਡਾ. ਬਿਕਰਮ ਸਿੰਘ ਘੁੰਮਣ ਪਾਸੋਂ ਜੋ ਸਹਿਯੋਗ ਮਿਲਿਆ ਹੈ, ਉਸ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਮੈਂ ਆਪਣਾ ਫ਼ਰਜ਼ ਸਮਝਦਾ ਹਾਂ।

ਇਸ ਪੁਸਤਕ ਬਾਰੇ ਮਿਲੀ ਹਰ ਰਾਇ ਦਾ ਸਤਿਕਾਰ ਕਰਾਂਗਾ।

**ਹਰਨੇਕ ਸਿੰਘ ਕੋਮਲ**
ਗਲੀ ਵਿਕਾਸ ਪਬਲਿਕ ਸਕੂਲ
ਮਲੋਟ–152107 (ਪੰਜਾਬ)

ਸਤੰਬਰ 9, 1990

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਸ੍ਰੇਸ਼ਟਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਭੂ-ਪ੍ਰੇਮ ਦੇ ਰੰਗ ਵਿਚ ਰੰਗੇ ਹੋਏ ਸਿੱਖ ਗੁਰੂਆਂ ਤੇ ਭਗਤਾਂ ਦੀ ਬਾਣੀ ਦਾ ਇਕ ਅਨੂਪਮ ਸੰਗ੍ਰਹਿ ਹੈ। ਪਰਮਾਤਮਾ, ਆਤਮਾ, ਸ੍ਰਿਸ਼ਟੀ, ਸਤਿਗੁਰ, ਗੁਰਮੁਖ, ਗੁਰੂ ਤੇ ਸਿੱਖ ਦੀ ਪ੍ਰੀਤ, ਸਿੱਖੀ ਮਾਰਗ ਦੀ ਵਿਖਮਤਾ, ਸਾਧ-ਸੰਗਤ, ਸੇਵਾ, ਸਿਮਰਨ, ਨਿੰਮ੍ਰਤਾ, ਹਉਮੈ ਦਾ ਖੰਡਨ, ਪਰਉਪਕਾਰ, ਗੁਰਸ਼ਬਦ, ਨਾਮ-ਰਸ, ਕਿਰਤ, ਕਮਾਈ, ਵੰਡ ਛਕਣਾ, ਨਾਮ ਦਾਨ ਇਸ਼ਨਾਨ, ਮੁਕਤੀ, ਸੱਚ ਅਤੇ ਮਨਮੁਖ, ਨਿੰਦਕ, ਅਕ੍ਰਿਤਘਣ, ਨਿਗੁਰਾ, ਕਪਟੀ, ਹੰਕਾਰੀ, ਝੂਠ, ਮਨ, ਮਾਇਆ ਆਦਿ ਵਿਸ਼ੇ ਗੁਰਬਾਣੀ ਵਿਚ ਅੰਕਿਤ ਹਨ। ਗੁਰਬਾਣੀ ਦੀ ਮੂਲ ਪ੍ਰਕ੍ਰਿਤੀ ਭਾਵੇਂ ਅਧਿਆਤਮਕ ਹੈ ਪਰ ਇਹ ਸਮਾਜਕ ਸਭਿਆਚਾਰਕ ਤੇ ਰਾਜਨੀਤਕ ਰੰਗਤ ਤੋਂ ਵੀ ਕੋਰੀ ਨਹੀਂ। ਇਸ ਵਿਚ ਸਮਕਾਲੀ ਰਾਜ-ਪ੍ਰਬੰਧ 'ਤੇ ਟਿੱਪਣੀ ਅਤੇ ਧਾਰਮਿਕ ਭੇਖਾਂ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਗਿਆ ਹੈ। ਅਜਿਹੀ ਭਾਵਨਾ ਵਿਸੇਸ਼ ਤੌਰ 'ਤੇ ਨਾਨਕ ਬਾਣੀ ਵਿਚ ਵਿਦਮਾਨ ਹੈ। ਮਨੁੱਖ ਨੂੰ ਕੂੜ ਦਾ ਤਿਆਗ ਕਰਕੇ ਸਚਿਆਰ ਪਦ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਨਾ ਗੁਰਬਾਣੀ ਦਾ ਮੂਲ ਮਨੋਰਥ ਹੈ। ਇਹ ਕਾਵਿ-ਰਚਨਾ ਮਨੁੱਖ ਦੇ ਆਤਮਿਕ ਕਲਿਆਣ ਲਈ ਹੈ ਪਰ ਇਸ ਮੰਤਵ ਲਈ ਇਹ ਮਨੁੱਖ ਨੂੰ ਸੰਸਾਰ ਤਿਆਗਣ ਲਈ ਨਹੀਂ ਉਕਸਾਉਂਦੀ ਸਗੋਂ ਇਸ ਵਿਚ ਤਾਂ ਸਮਾਜ ਵਿਚ ਰਹਿ ਕੇ 'ਹਸੰਦਿਆਂ ਖੇਲੰਦਿਆਂ ਪੈਹਨਦਿਆਂ ਖਾਵੰਦਿਆਂ'[1] ਹੀ ਜੀਵਨ-ਮੁਕਤੀ ਦਾ ਰਾਹ ਦੱਸਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦਾਂ ਅਧਿਐਨ ਹਨੇਰੇ ਤੋਂ ਪ੍ਰਕਾਸ਼ ਵੱਲ, ਕੂੜ ਤੋਂ ਸੱਚ ਵੱਲ, ਅਗਿਆਨਤਾ ਤੋਂ ਗਿਆਨ ਵੱਲ ਤੇ ਬੰਧਨ ਤੋਂ ਮੁਕਤੀ ਵੱਲ ਲੈ ਜਾਣ ਵਾਲਾ ਰੂਹਾਨੀ ਸਫ਼ਰ ਹੈ। ਗੁਰੂ ਸਾਹਿਬਾਨ ਤੇ ਭਗਤ ਕਵੀਆਂ ਨੇ ਆਪਣੇ ਸੂਖਮ ਤੇ ਰਹੱਸਮਈ ਅਨੁਭਵ ਨੂੰ ਬੜੇ ਸੁਹਜਭਰਪੂਰ ਢੰਗ ਨਾਲ ਰੂਪਮਾਨ ਕੀਤਾ ਹੈ ਜਿਸ ਦੇ ਫਲਸਰੂਪ ਗੁਰੂ ਗ੍ਰੰਥ ਸਾਹਿਬ ਸਾਹਿਤਕ ਦ੍ਰਿਸ਼ਟੀਕੋਣ ਤੋਂ ਵੀ ਇਕ ਲਾਸਾਨੀ ਕ੍ਰਿਤ ਬਣ ਗਈ ਹੈ। ਇਸ ਨਿਬੰਧ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਸ੍ਰੇਸ਼ਟਤਾ ਦਾ ਅਧਿਐਨ ਕਰਨ ਦਾ ਯਤਨ ਕਰਦੇ ਹਾਂ।



CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਕਵੀਆਂ ਨੇ ਆਪਣੇ ਭਾਵਾਂ ਦੀ ਅਭਿਵਿਅਕਤੀ ਲਈ ਅਨੇਕਾਂ ਕਾਵਿ-ਰੂਪਾਂ ਨੂੰ ਅਪਣਾਇਆ ਹੈ। ਪ੍ਰਮੁੱਖ ਕਾਵਿ-ਰੂਪ ਹਨ —ਵਾਰ, ਬਾਰਹ-ਮਾਹ, ਰੁੱਤੀ, ਥਿੱਤੀ, ਸਤਵਾਰਾ, ਪੈਹਰੇ, ਪੱਟੀ, ਬਾਵਨ ਅੱਖਰੀ, ਗੋਸ਼ਟ, ਗਤਿ, ਆਰਤੀ, ਬਿਸ਼ਨਪਦਾ, ਛੰਤ, ਫੁਨਹੇ, ਘੋੜੀਆਂ, ਅਲਾਹੁਣੀਆਂ, ਸੱਦ, ਦੋਪਦੇ, ਚੋਬੋਲਾ, ਤਿਪਦੇ, ਪੰਚਪਦੇ, ਅਸ਼ਟਪਦੀ, ਸੋਹਲੇ, ਕਰਹਲੇ, ਬਿਰਹੜੇ ਆਦਿ। ਲਗਭਗ ਇਹ ਸਾਰੇ ਕਾਵਿ ਰੂਪ ਪੰਜਾਬੀ ਲੋਕ-ਗੀਤਾਂ ਦੀ ਧਾਰਨਾ ਅਨੁਸਾਰ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਮਨੋਰਥ ਲੋਕ-ਕਲਿਆਣ ਹੈ, ਇਸ ਲਈ ਕਾਵਿ-ਅਭਿਵਿਅਕਤੀ ਦਾ ਮਾਧਿਅਮ ਵੀ ਲੋਕਯਾਨ ਨਾਲ ਸੰਬੰਧਿਤ ਹੈ। ਇਸ ਗ੍ਰੰਥ ਵਿਚ ਕੁਝ ਕਾਵਿ-ਰੂਪ ਫ਼ਾਰਸੀ ਕਾਵਿ ਪਰੰਪਰਾ ਨਾਲ ਵੀ ਸੰਬੰਧਿਤ ਹਨ ਜਿਵੇਂ ਕਾਫ਼ੀ ਤੇ ਮਸਨਵੀ ਆਦਿ। ਇਨ੍ਹਾਂ ਸਾਰੇ ਕਾਵਿ-ਰੂਪਾਂ ਲਈ ਵੱਖ ਵੱਖ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਨ੍ਹਾਂ ਦਾ ਵੇਰਵਾ ਅਸੀਂ ਅੱਗੇ ਦੇ ਰਹੇ ਹਾਂ।

## ਛੰਦ-ਪ੍ਰਬੰਧ

ਗੁਰੂ ਗ੍ਰੰਥ ਸਾਹਿਬ ਦੀ ਅਧਿਕਤਰ ਰਚਨਾ ਛੰਦ-ਸ਼ਾਸਤ੍ਰ ਦੇ ਨਿਯਮਾਂ ਦੀ ਪਾਲਣਾ ਕਰਦੀ ਹੈ। ਗੁਰੂ ਸਾਹਿਬਾਨ ਤੇ ਭਗਤ ਕਵੀਆਂ ਨੇ ਕਾਵਿ-ਸਿਰਜਨਾ ਲਈ ਵੰਨ-ਸਵੰਨੇ ਛੰਦਾਂ ਦਾ ਪ੍ਰਯੋਗ ਕੀਤਾ ਹੈ। ਦੋਹਿਰਾ, ਸੋਰਠਾ, ਨਿਸ਼ਾਨੀ, ਸਿਰਖੰਡੀ, ਹੰਸਗੀਤ, ਦਵੱਯਾ, ਸਵੱਯਾ, ਚੌਪਈ, ਝੂਲਣਾ, ਤਾਟੰਕ, ਛਪੇ, ਰਡ, ਆਦਿ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਕੁਝ ਪ੍ਰਮੁੱਖ ਛੰਦ ਹਨ। ਇਨ੍ਹਾਂ ਵਿਚੋਂ ਨਿਸ਼ਾਨੀ, ਸਿਰਖੰਡੀ ਤੇ ਹੰਸਗਤਿ ਦਾ ਪ੍ਰਯੋਗ ਵਾਰ-ਰਚਨਾ ਲਈ ਕੀਤਾ ਗਿਆ ਹੈ। ਦੋਹਿਰਾ ਤੇ ਸੋਰਠਾ ਸਲੋਕਾਂ ਵਿਚ ਵਰਤਿਆ ਗਿਆ ਹੈ। ਕਈ ਥਾਈਂ ਇਕੋ ਰਚਨਾ ਲਈ ਕਈ ਕਈ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਵੇਂ ਕਿ ਜਪੁਜੀ ਵਿਚ ਦੋਹਿਰਾ, ਚੌਪਈ, ਤਾਟੰਕ ਤੇ ਹੋਰ ਕਈ ਛੰਦਾਂ ਦੀ ਵੰਨਗੀ ਮਿਲਦੀ ਹੈ।

ਕੁਝ ਵਿਦਵਾਨ ਪਉੜੀ ਨੂੰ ਵੀ ਇਕ ਛੰਦ ਮੰਨਦੇ ਹਨ ਪਰ ਇਹ ਗੱਲ ਠੀਕ ਨਹੀਂ। ਪਉੜੀ ਕਵਿਤਾ (ਵਾਰ) ਦਾ ਇਕ ਬੰਦ ਹੈ ਜਿਸ ਦੀ ਰਚਨਾ ਲਈ ਨਿਸ਼ਾਨੀ, ਸਿਰਖੰਡੀ ਜਾਂ ਹੰਸਗਤਿ ਛੰਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਡਖਣੇ' ਵੀ ਕੋਈ ਛੰਦ ਨਹੀਂ। ਡੱਖਣੇ ਇਕ ਸਿੰਧੀ ਸ਼ਬਦ ਹੈ ਜਿਸ ਦਾ ਅਰਥ ਹੈ 'ਦੱਖਣ'। ਪੰਜਾਬ ਦੇ ਦੱਖਣੀ ਇਲਾਕੇ ਸਿੰਧ ਦੀ ਬੋਲੀ ਨੂੰ ਦੱਖਣੀ ਕਿਹਾ ਜਾਂਦਾ ਹੈ। ਇਸ ਭਾਸ਼ਾ ਵਿਚ ਰਚੇ ਗਏ ਸ਼ਲੋਕਾਂ ਨੂੰ 'ਡੱਖਣੇ' ਦਾ ਨਾਂ ਦਿੱਤਾ ਗਿਆ ਹੈ। ਇਹ ਨਾਮਕਰਣ ਭਾਸ਼ਾ ਦੇ ਆਧਾਰ ਉਤੇ ਹੀ ਹੈ, ਕਿਸੇ ਛੰਦ ਜਾਂ ਕਾਵਿ-ਰੂਪ ਅਨੁਸਾਰ ਨਹੀਂ। ਇਸ ਵਿਚ 'ਡ' ਸ਼ਬਦ ਦਾ ਪ੍ਰਯੋਗ ਵਧੇਰੇ ਕੀਤਾ ਗਿਆ ਹੈ। ਡੱਖਣੇ ਦਾ ਨਮੂਨਾ ਵੇਖੋ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂ ਚਉ ਸਜਣ ਮੈਡਿਆ ਡਈ ਸਿਸੁ ਉਤਾਰਿ ।
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰ ।੧।

ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਦੁੜਾਵੇ ਡੇਖੁ ।
ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨਾ ਡੇਖੁ ।੧।[2]

ਡਖਦੇ ਨਾਂ ਹੇਠ ਦਰਜ ਸ਼ਲੋਕਾਂ ਵਿਚ ਦੋਹਿਰਾ ਜਾਂ ਸੋਰਠਾ-ਛੰਦ ਵਰਤਿਆ ਗਿਆ ਹੈ ।

ਗੁਰੂ ਗ੍ਰੰਥ ਸਾਹਿਬ ਦੇ ਛੰਦ-ਪ੍ਰਬੰਧ ਦੇ ਪ੍ਰਸੰਗ ਵਿਚ ਇਹ ਗੱਲ ਵਰਣਨਯੋਗ ਹੈ ਕਿ ਇਸ ਵਿਚ ਦਰਜ ਬਾਣੀ ਵਿਚ ਭਾਵਾਂ ਦੀ ਤੀਬਰਤਾ ਇੰਨੀ ਜ਼ਿਆਦਾ ਹੈ ਕਿ ਕਈ ਵਾਰ ਇਹ ਕਾਵਿ-ਰਚਨਾ ਪਿੰਗਲ ਦੀ ਕੈਦ ਤੋਂ ਮੁਕਤ ਹੋ ਜਾਂਦੀ ਹੈ ਪਰ ਛੰਦ-ਸ਼ਾਸਤ੍ਰ ਦੀ ਉਲੰਘਣਾ ਕਰਕੇ ਵੀ ਇਸ ਵਿਚ ਕਲਾਤਮਕ ਸੁਹਜ ਬਣਿਆ ਰਹਿੰਦਾ ਹੈ ਜੋ ਇਸ ਦੀ ਕਾਵਿ ਸ੍ਰੇਸਟਤਾ ਨੂੰ ਪ੍ਰਮਾਣਿਤ ਕਰਦਾ ਹੈ ।

## ਕਾਵਿ-ਭਾਸ਼ਾ

ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਪੰਜਾਬੀ-ਪ੍ਰਧਾਨ ਸੰਤ-ਭਾਸ਼ਾ ਹੈ ਜਿਸ ਉਪਰ ਸੰਸਕ੍ਰਿਤ, ਅਰਬੀ, ਫ਼ਾਰਸੀ, ਰੇਖਤਾ, ਗਾਥਾ, ਬ੍ਰਜ ਭਾਸ਼ਾ ਅਤੇ ਲਹਿੰਦੀ, ਮਲਵਈ, ਦੁਆਬੀ, ਆਦਿ ਉਪ-ਭਾਸ਼ਾਵਾਂ ਦੀ ਰੰਗਤ ਹੈ । ਭਾਸ਼ਾ ਦੀ ਵੰਨ-ਸਵੰਨਤਾ, ਸ਼ਬਦ-ਭੰਡਾਰ ਦੀ ਅਮੀਰੀ ਤੇ ਸ਼ਬਦ-ਜੋੜਾਂ ਦੀ ਇਕਸਾਰਤਾ ਇਸ ਗ੍ਰੰਥ ਦੀ ਭਾਸ਼ਾਈ ਮਹਾਨਤਾ ਨੂੰ ਪ੍ਰਮਾਣਿਤ ਕਰਦੀ ਹੈ । ਇਸ ਲਈ ਅੰਗ੍ਰੇਜ਼ ਵਿਦਵਾਨ ਮਿਸਟਰ ਟ੍ਰੰਪ ਨੇ ਇਸ ਗ੍ਰੰਥ ਨੂੰ ਪੁਰਾਤਨ ਭਾਰਤੀ ਬੋਲੀਆਂ ਦਾ ਖ਼ਜ਼ਾਨਾ ਕਿਹਾ ਹੈ ।[3] ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਕੇਵਲ ਸ਼ਬਦਾਂ ਦੀ ਘਾੜਤ ਹੀ ਨਹੀਂ ਸਗੋਂ ਇਹ ਅਰਥ-ਭਰਪੂਰ ਤੇ ਪ੍ਰਭਾਵਸ਼ਾਲੀ ਹੈ ਜੋ ਸੂਖਮ ਪ੍ਰਕ੍ਰਿਤੀ ਦੇ ਰਹੱਸਮਈ ਅਨੁਭਵ ਨੂੰ ਰੂਪਮਾਨ ਕਰਨ ਲਈ ਸਾਰਥਿਕ ਸਿੱਧ ਹੋਈ ਹੈ । ਸੰਗੀਤਕਤਾ ਤੇ ਰਵਾਨਗੀ ਇਸ ਭਾਸ਼ਾ ਦੀ ਇਕ ਹੋਰ ਵਿਸ਼ੇਸ਼ਤਾ ਹੈ । ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਤੁਕਾਂ ਅਖਾਣ-ਮੁਹਾਰਿਆਂ ਦਾ ਰੂਪ ਗ੍ਰਹਿਣ ਕਰਕੇ ਲੋਕ-ਬੋਲੀ ਦਾ ਅੰਗ ਬਣ ਗਈਆਂ ਹਨ । ਬਿੰਬਾਂ ਤੇ ਪ੍ਰਤੀਕਾਂ ਦੇ ਵਿਆਪਕ ਪ੍ਰਯੋਗ ਕਾਰਣ ਭਾਸ਼ਾ ਦਾ ਸਰੂਪ ਸਥੂਲ ਵਧੇਰੇ ਹੈ, ਸੂਖਮ ਘੱਟ । ਭਾਸ਼ਾ ਦੀ ਪ੍ਰਕ੍ਰਿਤੀ ਰੂਪਕਮਈ ਹੋਣ ਕਰਕੇ ਇਹ ਬਹੁਤ ਥੋੜ੍ਹੇ ਸ਼ਬਦਾਂ ਵਿਚ ਮਹਾਨ ਭਾਵਾਂ ਨੂੰ ਉਜਾਗਰ ਕਰਨ ਦੀ ਸਮਰੱਥਾ ਰੱਖਦੀ ਹੈ ।

## ਰਸ-ਸੰਚਾਰ

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਿਚਾਰਾਂ ਦੀ ਪ੍ਰਕ੍ਰਿਤੀ ਅਧਿਕਤਰ ਰਹੱਸਮਈ ਹੈ ਪਰ ਇਨ੍ਹਾਂ ਦੀ ਅਭਿਵਿਅਕਤੀ ਬੜੀ ਰਸ-ਭਰਪੂਰ ਹੈ । ਦਾਰਸ਼ਨਿਕ ਵਿਚਾਰਾਂ ਨੂੰ ਵੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਾਵਿ-ਰਸ ਦੀ ਚਾਸ਼ਨੀ ਵਿਚ ਡਬੋਕੇ ਹੀ ਪੇਸ਼ ਕੀਤਾ ਗਿਆ ਹੈ। ਕਾਵਿ-ਰਸ ਦੇ ਸੰਚਾਰ ਦੁਆਰਾ ਇਸ ਕਾਵਿ-ਰਚਨਾ ਵਿਚ ਸੁਹਜ ਤੇ ਆਨੰਦ ਦੀ ਉਤਪਤੀ ਹੋਈ ਹੈ। ਜਿਸ ਦਾ ਸਦਕਾ ਗੁਰੂਆਂ ਤੇ ਭਗਤਾਂ ਦੀ ਇਕ ਕਾਵਿ-ਸਿਰਜਨਾ 'ਰਸੀਲੀ ਬਾਣੀ' ਬਣ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਕਵਿਤਾ ਦੇ ਸਾਰੇ ਨੌਂ ਰਸ ਵਿਦਮਾਨ ਹਨ ਪਰ ਇਕ ਭਗਤੀ ਭਾਵਨਾ ਵਾਲੀ ਰਚਨਾ ਹੋਣ ਕਰਕੇ ਇਸ ਵਿਚ ਸ਼ਾਂਤ ਰਸ ਤੇ ਸ਼ਿੰਗਾਰ ਰਸ ਹੀ ਸਰਵ-ਪ੍ਰਧਾਨ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਆਤਮਾ ਤੇ ਪਰਮਾਤਮਾ ਅਤੇ ਗੁਰੂ ਤੇ ਸਿੱਖ ਦੇ ਰਾਗਾਤਮਿਕ ਸੰਬੰਧਾਂ ਦਾ ਵਰਣਨ ਵਿਆਪਕ ਰੂਪ ਵਿਚ ਕੀਤਾ ਗਿਆ ਹੈ ਜਿਸ ਦੇ ਫਲਸਰੂਪ ਸ਼ਿੰਗਾਰ ਰਸ ਦੀ ਉਤਪਤੀ ਹੁੰਦੀ ਹੈ ਕਿਉਂਕਿ ਪ੍ਰੇਮ (ਰਤਿ) ਹੀ ਸ਼ਿੰਗਾਰ ਰਸ ਦਾ ਸਥਾਈ ਭਾਵ ਹੈ। ਪਰਮਾਤਮਾ ਦੇ ਰਸੀਲੇ ਵਿਅਕਤਿਤਵ ਦਾ ਰਸ-ਭਰਪੂਰ ਚਿਤ੍ਰਣ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਕੀਤਾ ਹੈ :

ਤੇਰੇ ਬੰਕੇ ਲੋਇਣ ਦੰਤ ਰੀਸਾਲਾ।
ਸੋਹਣੇ ਨਕ ਜਿਨ ਲੰਮੜੇ ਵਾਲਾ।
ਕੰਚਨ ਕਾਇਆ ਸੁਇਨੇ ਕੀ ਢਾਲਾ।...[4]

ਸ਼ਿੰਗਾਰ ਰਸ ਦੇ ਦੋਵੇਂ ਪੱਖ, ਸੰਯੋਗ ਤੇ ਵਿਯੋਗ, ਇਸ ਕਾਵਿ-ਰਚਨਾ ਵਿਚ ਵਿਦਮਾਨ ਹਨ ਪਰ ਆਤਮ-ਵਿਯੋਗ ਦੀ ਭਾਵਨਾ ਹੀ ਵਧੇਰੇ ਪ੍ਰਬਲ ਹੈ ਜਿਸ ਦੇ ਫਲਸਰੂਪ ਵਿਯੋਗ ਸ਼ਿੰਗਾਰ ਦਾ ਉਤਮ ਨਮੂਨਾ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਨਾਨਕ ਦੇਵ ਰਚਿਤ ਬਾਰਹਮਾਹ ਤੁਖਾਰੀ ਸ਼ਿੰਗਾਰ ਰਸ ਦੇ ਪੱਖੋਂ ਇਕ ਸ੍ਰੇਸ਼ਟ ਕ੍ਰਿਤੀ ਹੈ। ਆਤਮ ਵਿਯੋਗ ਤੋਂ ਉਪਜੀ ਵਿਯੋਗ ਸ਼ਿੰਗਾਰ ਦੀ ਇਕ ਹੋਰ ਵੰਨਗੀ ਨਿੰਮਨਾਂਕਿਤ ਪੰਕਤੀਆਂ ਪ੍ਰਸਤੁਤ ਕਰਦੀਆਂ ਹਨ :

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ।
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ।
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ।[5]

ਜਦ ਮਨੁੱਖ ਨੂੰ ਇਸ ਸੰਸਾਰ ਦੀ ਨਾਸ਼ਮਾਨਤਾ ਦਾ ਅਹਿਸਾਸ ਹੁੰਦਾ ਹੈ ਅਤੇ ਪਦਾਰਥਕ ਜੀਵਨ ਉਸ ਨੂੰ ਭਰਮਜਾਲ ਹੀ ਜਾਪਦਾ ਹੈ ਤਾਂ ਵੈਰਾਗ ਅਥਵਾ ਉਪਰਾਮਤਾ ਉਤਪੰਨ ਹੁੰਦੀ ਹੈ। ਗੁਰਬਾਣੀ ਵਿਚ ਅਜਿਹੀ ਉਪਰਾਮਤਾ ਤੋਂ ਬਚਾਓ ਲਈ ਪ੍ਰਭੂ ਦੇ ਸਿਮਰਨ ਦੀ ਪ੍ਰੇਰਨਾ ਕੀਤੀ ਗਈ ਹੈ। ਅਜਿਹਾ ਵਰਣਨ ਸ਼ਾਂਤ ਰਸ ਨਾਲ ਭਰਪੂਰ ਹੈ ਕਿਉਂਕਿ ਸ਼ਾਂਤ ਰਸ ਦਾ ਸਥਾਈ ਭਾਵ ਵੈਰਾਗ ਹੈ। ਸ਼ਾਂਤ ਰਸ ਦੀ ਇਕ ਵੰਨਗੀ ਵੇਖੋ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ।
ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ ।
ਸਭੋ ਭਜੈ ਆਸਰਾ ਚੁਕੈ ਸਭ ਅਸਰਾਉ ।
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਾਤੀ ਵਾਉ ।੧।[6]

ਸਾਰੀ ਗੁਰਬਾਣੀ ਵਿਚ ਹੀ ਸ਼ਾਂਤ ਰਸ ਸਰਵ-ਪ੍ਰਧਾਨ ਹੈ। ਇਸ ਤੋਂ ਇਲਾਵਾ ਕਰੁਣਾ ਰਸ, ਬੀਰ ਰਸ, ਰੌਦਰ ਰਸ, ਹਾਸ ਰਸ, ਭਿਆਨਕ ਰਸ, ਵੀਭਤਸ ਰਸ ਤੇ ਅਦੁਭੁਤ ਰਸ ਵੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ ਪਰ ਮਾਤ੍ਰਾ ਦੇ ਪੱਖੋਂ ਸ਼ਾਂਤ ਰਸ ਤੇ ਕਾਵਿ-ਗੁਣਾਂ ਦੇ ਪੱਖੋਂ ਸ਼ਿੰਗਾਰ ਰਸ ਹੀ ਸਰਵ-ਸ਼੍ਰੇਸਟ ਹੈ ।

### ਅਲੰਕਾਰ-ਯੋਜਨਾ

ਗੁਰੂ ਗ੍ਰੰਥ ਸਾਹਿਬ ਬੇ-ਸ਼ੁਮਾਰ ਅਲੰਕਾਰਾਂ ਨਾਲ ਸ਼ਿੰਗਾਰੀ ਇਕ ਸ਼੍ਰੇਸਟ ਕਾਵਿ-ਰਚਨਾ ਹੈ। ਅਲੰਕਾਰ ਗੁਰੂ ਗ੍ਰੰਥ ਸਾਹਿਬ ਦੀ ਕਾਵਿ-ਸ਼ੈਲੀ ਨੂੰ ਸੁਹਜ ਪ੍ਰਧਾਨ ਕਰਦੇ ਹਨ। ਇਸ ਗ੍ਰੰਥ ਦੀ ਅਲੰਕਾਰ-ਯੋਜਨਾ ਲਾਸਾਨੀ ਹੈ ਜੋ ਗੁਰੂ ਸਾਹਿਬਾਨ ਤੇ ਭਗਤ ਕਵੀਆਂ ਦੀ ਕਲਪਨਾ ਦਾ ਸਿੱਟਾ ਹੈ ਅਤੇ ਇਸ ਤੋਂ ਉਨ੍ਹਾਂ ਦੀ ਸਾਹਿਤਕ ਪ੍ਰਤਿਭਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਸ਼ਬਦਾਂ ਦੀ ਜੜ੍ਹਤ ਜਾਂ ਉਨ੍ਹਾਂ ਦੇ ਅਰਥਾਂ ਵਿਚੋਂ ਅਲੰਕਾਰ ਸਹਿਜ ਸੁਭਾ ਹੀ ਜਨਮ ਲੈਂਦੇ ਹਨ। ਸਮੀਖਿਆ ਦੀ ਅਲੰਕਾਰ ਪ੍ਰਣਾਲੀ ਅਨੁਸਾਰ ਕੀਤੇ ਵਰਗੀਕਰਣ ਮੁਤਾਬਕ ਅਲੰਕਾਰਾਂ ਦਾ ਸ਼ਾਇਦ ਹੀ ਕੋਈ ਅਜਿਹਾ ਭੇਦ ਹੋਵੇਗਾ ਜਿਸ ਦਾ ਪ੍ਰਯੋਗ ਗੁਰੂ ਗ੍ਰੰਥ ਸਾਹਿਬ ਵਿਚ ਨਾ ਕੀਤਾ ਗਿਆ ਹੋਵੇ। ਸ਼ਬਦ ਅਲੰਕਾਰਾਂ ਵਿਚੋਂ ਅਨੁਪ੍ਰਾਸ ਦਾ ਪ੍ਰਯੋਗ ਵਿਆਪਕ ਰੂਪ ਵਿਚ ਕੀਤਾ ਗਿਆ ਹੈ। ਜਪੁਜੀ ਵਿਚੋਂ ਅਨੁਪ੍ਰਾਸ ਦਾ ਇਕ ਨਮੂਨਾ ਵੇਖੋ :

ਕਥਨਾ ਕਥੀ ਨ ਆਵੈ ਤੋਟਿ ।
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ।[7]

ਅਰਥ ਅਲੰਕਾਰਾਂ ਵਿਚੋਂ ਰੂਪਕ ਤੇ ਦ੍ਰਿਸ਼ਟਾਂਤ ਦਾ ਪ੍ਰਯੋਗ ਵਧੇਰੇ ਕੀਤਾ ਗਿਆ ਹੈ। ਰੂਪਕ ਦੁਆਰਾ ਭਾਵਾਂ ਨੂੰ ਤੀਬਰਤਾ ਨਾਲ ਅਭਿਵਿਅਕਤ ਕੀਤਾ ਗਿਆ ਹੈ। ਉਦਾਹਰਣ ਵਜੋਂ ਕਬੀਰ ਜੀ ਨੇ ਮਨ ਦੀ ਚੰਚਲਤਾ ਕਾਰਣ ਮਨ ਲਈ ਪੰਛੀ ਦਾ ਰੂਪਕ ਪ੍ਰਯੁਕਤ ਕੀਤਾ ਹੈ ਜਿਵੇਂ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ ।
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲ ਖਾਇ ।੮੬।[8]

ਜਦ ਕਿਸੇ ਭਾਵ ਨੂੰ ਸਮਝਾਉਣ ਲਈ ਵਿਆਖਿਆ ਦੀ ਲੋੜ ਪਈ ਹੈ ਤਾਂ ਉੱਥੇ ਦ੍ਰਿਸ਼ਟਾਂਤ ਦੀ ਵਰਤੋਂ ਕੀਤੀ ਗਈ ਹੈ। ਉਦਾਹਰਣ ਵਜੋਂ, ਗੁਰੂ ਅਰਜਨ ਦੇਵ ਜੀ ਨੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿਮਰਨ ਤੋਂ ਬਿਨਾ ਮਨੁੱਖੀ ਜੀਵਨ ਦੀ ਨਿਰਾਰਥਕਤਾ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ :

ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ।
ਮੇਘ ਬਿਨਾ ਜਿਉ ਖੇਤੀ ਜਾਇ ।੫।[9]

ਗੁਰੂ ਗ੍ਰੰਥ ਸਾਹਿਬ ਵਰਗੀ ਅਧਿਆਤਮਕ ਕਾਵਿ-ਰਚਨਾ ਦੀ ਸਿਰਜਨ-ਪ੍ਰਕ੍ਰਿਆ ਵਿਚ ਅਨੂਪਮ ਅਲੰਕਾਰ-ਯੋਜਨਾ ਇਸ ਦੀ ਸਾਹਿੱਤਕ-ਸ੍ਰੇਸ਼ਟਤਾ ਦੀ ਪ੍ਰਤੀਕ ਹੈ ।

## ਪ੍ਰਕ੍ਰਿਤੀ ਚਿਤ੍ਰਣ

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਕ੍ਰਿਤੀ ਚਿਤ੍ਰਣ ਵੀ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ । ਗੁਰੂ ਨਾਨਕ ਦੇਵ ਜੀ ਕੁਦਰਤ ਵਿਚ ਉਸ ਦੇ ਕਾਦਰ ਦਾ ਜਲਵਾ ਵੇਖਦਿਆਂ ਫੁਰਮਾਉਂਦੇ ਹਨ :

ਬਲਿਹਾਰੀ ਕੁਦਰਤਿ ਵਸਿਆ ।
ਤੇਰਾ ਅੰਤੁ ਨ ਜਾਈ ਲਖਿਆ ।[10]

ਰਾਗ ਧਨਾਸਰੀ ਵਿਚ ਗੁਰੂ ਨਾਨਕ ਦੇਵ ਜੀ ਨੇ 'ਆਰਤੀ'[11] ਲਿਖਕੇ ਪ੍ਰਾਕ੍ਰਿਤੀ ਦੇ ਸਮੁੱਚੇ ਉਪਕਰਣਾਂ ਨੂੰ ਪਰਮਾਤਮਾ ਦੀ ਆਰਤੀ ਕਰਦਿਆਂ ਪ੍ਰਦਰਸ਼ਿਤ ਕੀਤਾ ਹੈ ਜੋ ਪ੍ਰਕ੍ਰਿਤੀ ਚਿਤ੍ਰਣ ਦਾ ਇਕ ਅਨੂਪਮ ਨਮੂਨਾ ਹੈ ।

ਪ੍ਰਕ੍ਰਿਤੀ ਦੇ ਚਿਤ੍ਰਣ ਦੁਆਰਾ ਗੁਰੂ ਸਾਹਿਬਾਨ ਤੇ ਭਗਤ ਕਵੀਆਂ ਨੇ ਕਈ ਸਦਾ-ਚਾਰਕ ਤੱਤਾਂ ਨੂੰ ਵੀ ਦ੍ਰਿੜ੍ਹਾਇਆ ਹੈ । ਉਦਾਹਰਣ ਵਜੋਂ, ਸ਼ੇਖ਼ ਫ਼ਰੀਦ ਜੀ ਨੇ ਮਨੁੱਖ ਨੂੰ ਨਿੰਮ੍ਰਤਾ ਗ੍ਰਹਿਣ ਕਰਨ ਲਈ ਘਾਹ ਦੇ ਦ੍ਰਿਸ਼ਟਾਂਤ ਦੁਆਰਾ ਪ੍ਰੇਰਿਤ ਕੀਤਾ ਹੈ ਜਿਵੇਂ :

ਫਰੀਦਾ ਥੀਉ ਪਵਾਹੀ ਦਭੁ । ਜੇ ਸਾਂਈ ਲੋੜਹਿ ਸਭੁ ।
ਇਕੁ ਛਿਜਹਿ ਬਿਆ ਲਿਤਾੜੀਅਹਿ । ਤਾਂ ਸਾਈ ਦੈ ਦਰਿ ਵਾੜੀਅਹਿ ।੧੬।[12]

ਪ੍ਰਕ੍ਰਿਤੀ ਚਿਤ੍ਰਣ ਦੀ ਇਕ ਹੋਰ ਵਿਧੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਕ੍ਰਿਤੀ ਨੂੰ ਮਨੁੱਖੀ ਭਾਵਾਂ ਨਾਲ ਜੋੜਿਆ ਗਿਆ ਹੈ ਅਰਥਾਤ ਪ੍ਰਕ੍ਰਿਤੀ ਦਾ ਰੂਪ ਮਨੁੱਖੀ ਭਾਵਾਂ ਅਨੁਸਾਰ ਬਦਲਦਾ ਦਿਖਾਈ ਦਿੰਦਾ ਹੈ । ਇਕ ਆਤਮ-ਵਿਯੋਗੀ ਨੂੰ, ਜਿਸ ਨੂੰ ਬਿਰਹਣ ਦੇ ਰੂਪ ਵਿਚ ਪ੍ਰਦਰਸ਼ਿਤ ਕੀਤਾ ਗਿਆ ਹੈ, ਆਪਣੇ ਦੁੱਖਾਂ ਵਿਚ ਪ੍ਰਕ੍ਰਿਤੀ ਦੀ ਦੁਖੀ ਨਜ਼ਰ ਆਉਂਦੀ ਹੈ, ਜਿਵੇਂ :

ਮੈਂ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ।
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ।[13]

ਸੁਖਦਾਈ ਅਵਸਥਾ ਵਿਚ ਕਿਸੇ ਸਾਧਕ ਨੂੰ ਇਹੋ ਪ੍ਰਕ੍ਰਿਤੀ ਸੁਖਾਵੀਂ ਨਜ਼ਰ ਆਉਂਦੀ



CC-0. In Public Domain. Gurukul Kangri Collection, Haridwar

ਹੈ, ਜਿਵੇਂ : Digitized by Arya Samaj Foundation Chennai and eGangotri

ਚੇਤ ਬਸੰਤੁ ਭਲਾ ਭਵਰ ਸੁਹਾਵੜੇ ।
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੇ ।[14]

ਕਈ ਵਾਰ ਪ੍ਰਕ੍ਰਿਤੀ ਦਾ ਸੁਖਾਵਾਂ ਰੂਪ ਆਤਮ-ਵਿਯੋਗੀ ਲਈ ਦੁਖਦਾਈ ਹੋ ਜਾਂਦਾ ਹੈ, ਜਿਵੇਂ ।

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ।
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾ ਮਨਿ ਚਮਕਿ ਡਰਾਏ ।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ।
ਹਰਿ ਬਿਨ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ।[15]

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਕ੍ਰਿਤੀ ਚਿਤ੍ਰਣ ਦੀ ਇਕ ਹੋਰ ਵਿਧੀ ਹੈ—ਬਿੰਬਾਵਲੀ ਦੇ ਸਰੋਤ ਵਜੋਂ (As a source of imagery) ਪ੍ਰਕ੍ਰਿਤੀ ਦਾ ਪ੍ਰਯੋਗ ਇਸ ਗ੍ਰੰਥ ਵਿਚ ਬਿੰਬਾਂ ਦੇ ਇਸ ਭੰਡਾਰ (ਪ੍ਰਕ੍ਰਿਤੀ) ਦੀ ਭਰਪੂਰ ਵਰਤੋਂ ਕੀਤੀ ਗਈ ਹੈ ਅਤੇ ਇਸ ਦਾ ਚੋਣ-ਖੇਤਰ ਵੀ ਬੜਾ ਵਿਸ਼ਾਲ ਹੈ ।

## ਬਿੰਬਾਵਲੀ

ਗੁਰੂ ਗ੍ਰੰਥ ਸਾਹਿਬ ਦੀ ਸਾਹਿੱਤਕ ਸ੍ਰੇਸਟਤਾ ਦਾ ਇਕ ਹੋਰ ਪ੍ਰਮਾਣ ਇਸ ਦੀ ਅਨੂਪਮ ਬਿੰਬਾਵਲੀ ਹੈ । ਇਸ ਗ੍ਰੰਥ ਵਿਚ ਅਮੂਰਤ ਭਾਵਾਂ ਤੇ ਵਿਚਾਰਾਂ ਨੂੰ ਜੀਵਨ, ਪ੍ਰਕ੍ਰਿਤੀ, ਇਤਿਹਾਸ ਤੇ ਮਿਥਿਹਾਸ ਵਿਚੋਂ ਬਿੰਬ ਗ੍ਰਹਿਣ ਕਰਕੇ ਰੂਪਮਾਨ ਕੀਤਾ ਗਿਆ ਹੈ । ਅਜਿਹੀ ਬਿੰਬ-ਯੋਜਨਾ ਸ਼ਾਇਦ ਹੀ ਦੁਨੀਆਂ ਦੀ ਕਿਸੇ ਹੋਰ ਕਾਵਿ-ਰਚਨਾ ਵਿਚੋਂ ਮਿਲਦੀ ਹੋਵੇ । ਵਿਚਾਰਾਂ ਤੇ ਭਾਵਾਂ ਦੇ ਸੂਖਮ ਵਰਣਨ ਦੀ ਥਾਂ ਗੁਰੂ ਗ੍ਰੰਥ ਸਾਹਿਬ ਵਿਚ ਬਿੰਬਾਂ ਦਾ ਪ੍ਰਯੋਗ ਪਾਠਕ ਦੇ ਇੰਦ੍ਰਿਆਈ ਬੋਧ ਨੂੰ ਉਜਾਗਰ ਕਰਦਾ ਹੈ ਅਤੇ ਇਸ ਤਰ੍ਹਾਂ ਕਾਵਿ-ਸ਼ੈਲੀ ਵਧੇਰੇ ਪ੍ਰਭਾਵਸ਼ਾਲੀ ਤੇ ਸੁਹਜ-ਭਰਪੂਰ ਬਣ ਗਈ ਹੈ । ਗੁਰੂ ਗ੍ਰੰਥ ਸਾਹਿਬ ਦੇ ਬਿੰਬ-ਵਿਧਾਨ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਇਥੇ ਸੰਭਵ ਨਹੀਂ । ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰ ਦੀ ਮਹਾਨਤਾ ਨੂੰ ਰੂਪਮਾਨ ਕਰਨ ਲਈ ਸਾਗਰ, ਮਾਨਸਰੋਵਰ, ਤੀਰਥ, ਦਰਿਆ, ਬੋਹਿਥਾ, ਬਿਰਖ, ਪਰਮਲ, ਧਰਤੀ, ਪਾਰਸ, ਵੈਦ, ਸ਼ਾਹ, ਕੁੰਜੀ ਆਦਿ ਬਿੰਬ ਪ੍ਰਯੁੱਕਤ ਕੀਤੇ ਗਏ । ਨਮੂਨੇ ਲਈ ਅਜਿਹੀਆਂ ਕੁਝ ਪੰਕਤੀਆਂ ਵੇਖੋ :

(ੳ) ਗੁਰੁ ਸਾਗਰੁ ਰਤਨੀ ਭਰਪੂਰੇ ।
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ।[16]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਗੁਰੁ ਸਰਵਰੁ ਮਾਨਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ ।
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ।[17]

(ੲ) ਗੁਰ ਸਮਾਨਿ ਤੀਰਥ ਨਹੀਂ ਕੋਇ ।
ਸਰੁ ਸੰਤੋਖੁ ਤਾਸੁ ਗੁਰੁ ਹੋਇ । ਰਹਾਉ ।
ਗੁਰੁ ਦਰਿਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ।[18]

(ਸ) ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ।
ਕਰਿ ਕਿਰਪਾ ਪਾਰਿ ਉਤਾਰਿਆ ।[19]

(ਹ) ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ।
ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ।[20]

(ਕ) ਸਤਿਗੁਰੁ ਅੰਮ੍ਰਿਤ ਬਿਰਖ ਹੈ ਅੰਮ੍ਰਿਤ ਰਸਿ ਫਲਿਆ ।
ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ।[21]

(ਖ) ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ ।
ਜਾ ਕਾ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ।[22]

(ਗ) ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ।
ਗੁਰ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ।[23]

(ਘ) ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ ।
ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ।
ਮੇਰਾ ਬੈਦੁ ਗੁਰੂ ਗੋਵਿੰਦਾ ।
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ।[24]

(ਙ) ਗੁਰ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ ।[25]

(ਚ) ਗੁਰ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨਾ ਕੁੰਜੀ ਹਥਿ ।[26]

**ਰਾਗੁ**

ਕਵਿਤਾ ਤੇ ਸੰਗੀਤ ਦਾ ਗਹਿਰਾ ਸੰਬੰਧ ਹੈ। ਗੁਰੂ ਗ੍ਰੰਥ ਸਾਹਿਬ ਰਾਗ ਤੇ ਕਵਿਤਾ ਦਾ ਸੁਮੇਲ ਹੈ। ਗੁਰੂ ਸਾਹਿਬਾਨ ਤੇ ਭਗਤ ਕਵੀ ਆਪਣੇ ਰਹੱਸਮਈ ਅਨੁਭਵ ਨੂੰ ਲੋਕਾਂ ਨਾਲ ਸਾਂਝਾ ਕਰਨ ਲਈ ਬਾਣੀ ਦਾ ਗਾਇਨ ਕਰਦੇ ਹਨ। ਮਰਦਾਨਾ ਰਬਾਬੀ ਗੁਰੂ ਨਾਨਕ ਦੇਵ ਜੀ ਦਾ ਸੰਗੀ ਰਿਹਾ ਹੈ ਅਤੇ ਬਾਣੀ ਉਚਾਰਣ ਸਮੇਂ ਗੁਰੂ ਜੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਇਹ ਕਹਿਣਾ ਕਿ ਮਰਦਾਨਿਆ ! ਰਬਾਬੁ ਵਜਾਇ। ਇਸ ਗੱਲ ਦੀ ਸਾਖੀ ਭਰਦਾ ਹੈ ਕਿ ਗੁਰੂ ਜੀ ਆਪਣੀ ਬਾਣੀ ਦਾ ਉਚਾਰਣ ਗਾ ਕੇ ਹੀ ਕਰਦੇ ਸਨ। ਸੰਗਤਾਂ ਵਿਚ ਗੁਰਬਾਣੀ ਦੇ ਕੀਰਤਨ ਦੀ ਪੁਰਾਣੀ ਪ੍ਰਥਾ ਵੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਾਵਿ-ਰਚਨਾ ਤੇ ਸੰਗੀਤ ਦੇ ਗੂੜ੍ਹੇ ਰਿਸ਼ਤੇ ਨੂੰ ਪ੍ਰਮਾਣਿਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਇਸ ਵਿਚ ਦਰਜ ਕੀਤੀ ਗਈ ਬਾਣੀ ਦੀ ਤਰਤੀਬ ਵੀ ਰਾਗਾਂ ਅਨੁਸਾਰ ਹੀ ਰੱਖੀ ਗਈ ਹੈ ਅਤੇ ਅੰਤ ਵਿਚ ਰਾਗਮਾਲਾ ਅੰਕਿਤ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਰਾਗਾਂ ਦੀ ਸੰਖਿਆ 31 ਬਣਦੀ ਹੈ ਜਿਵੇਂ— (1) ਸਿਰੀ ਰਾਗ, (2) ਮਾਝ (3) ਗਉੜੀ (4) ਆਸਾ (5) ਗੁਜਰੀ (6) ਦੇਵ ਗੰਧਾਰੀ (7) ਬਿਹਾਗੜਾ (8) ਵਡਹੰਸ (9) ਸੋਰਠ (10) ਧਨਾਸਰੀ (11) ਜੈਤਸਰੀ (12) ਟੋਡੀ (13) ਬੈਰਾੜੀ (14) ਤਿਲੰਗ (15) ਸੂਹੀ (16) ਬਿਲਾਵਲ (17) ਗੋਂਡ (18) ਰਾਮਕਲੀ (19) ਨਟ ਨਰਾਇਨ (20) ਮਾਲੀ ਗਉੜੀ (21) ਮਾਰੂ (22) ਤੁਖਾਰੀ (23) ਕੇਦਾਰਾ (24) ਭੈਰਉ (25) ਬਸੰਤ (26) ਸਾਰੰਗ (27) ਮਲ੍ਹਾਰ (28) ਕਾਨੜਾ (29) ਕਲਿਆਨ (30) ਪਰਭਾਤੀ (31) ਜੈਜਾਵੰਤੀ। ਇਨ੍ਹਾਂ ਰਾਗਾਂ ਵਿਚੋਂ ਕੇਵਲ 14 ਹੀ ਰਾਗ ਹਨ ਤੇ ਬਾਕੀ 17 ਰਾਗਨੀਆਂ ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਅੰਤਰ ਨੂੰ ਸਪਸ਼ਟ ਨਹੀਂ ਕੀਤਾ ਗਿਆ।[27] ਇਨ੍ਹਾਂ ਰਾਗਾਂ ਦੀ ਵਰਤੋਂ ਬਾਣੀ ਵਿਚਲੇ ਭਾਵਾਂ ਦੀ ਮੂਲ ਪ੍ਰਕ੍ਰਿਤੀ ਅਨੁਸਾਰ ਕੀਤੀ ਗਈ ਹੈ। ਵਾਰਾਂ ਨੂੰ ਲੋਕ-ਵਾਰਾਂ ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਪੱਖ ਇਸ ਦੀ ਸਾਹਿੱਤਕ ਸ੍ਰੇਸ਼ਟਤਾ ਨੂੰ ਬੁਲੰਦ ਕਰਦਾ ਹੈ।

## ਸੰਪਾਦਨ-ਕਲਾ

ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਵੀ ਗੁਰੂ ਅਰਜਨ ਦੇਵ ਜੀ ਹੱਥੋਂ ਬੜੇ ਸੁਚੱਜੇ ਢੰਗ ਨਾਲ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਬਾਣੀ ਇਕ ਖ਼ਾਸ ਤਰਤੀਬ ਵਿਚ ਦਰਜ ਕੀਤੀ ਗਈ ਹੈ। ਸਮੁੱਚੀ ਵਿਉਂਤ ਰਾਗਾਂ ਅਨੁਸਾਰ ਹੈ ਅਤੇ ਹਰ ਇਕ ਰਾਗ ਵਿਚ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਵਿਸ਼ੇਸ਼ ਕ੍ਰਮਨੁਸਾਰ ਦਰਜ ਕੀਤੀ ਗਈ ਹੈ। ਹਰ ਇਕ ਰਾਗ ਵਿਚ ਛੰਦ ਜਾਂ ਕਾਵਿ-ਰੂਪ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਆਰੰਭ ਹੁੰਦਾ ਹੈ ਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਤੱਕ ਚਲਦਾ ਹੈ, ਫਿਰ ਭਗਤਾਂ ਦੀ ਬਾਣੀ ਦਿੱਤੀ ਗਈ ਹੈ ਅਤੇ ਉਸ ਉਪਰੰਤ ਦੂਸਰਾ ਛੰਦ ਜਾਂ ਕਾਵਿ-ਰੂਪ ਦਰਜ ਕੀਤਾ ਗਿਆ ਹੈ। ਨਿਰਸੰਦੇਹ, ਗੁਰੂ ਗ੍ਰੰਥ ਸਾਹਿਬ ਸੰਪਾਦਨ-ਕਲਾ ਦਾ ਇਕ ਉਤਮ ਨਮੂਨਾ ਹੈ।

## ਨਿਸ਼ਕਰਸ਼

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ-ਰੂਪਾਂ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਦਾਂ ਤੇ ਭਾਸ਼ਾ [illegible] ਭਰਪੂਰ ਤੇ ਅਲੰਕਾਰਾਂ ਨਾਲ ਸ਼ਿੰਗਾਰੀ ਹੋਈ ਹੈ। ਇਸ ਵਿਚ ਪ੍ਰਕ੍ਰਿਤੀ ਦਾ ਚਿਤ੍ਰਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਭਾਵਾਂ ਤੇ ਵਿਚਾਰਾਂ ਨੂੰ ਰੂਪਮਾਨ ਕਰਨ ਲਈ ਬੜੇ ਢੁਕਵੇਂ ਬਿੰਬ ਪ੍ਰਯੁੱਕਤ ਕੀਤੇ ਗਏ ਹਨ। ਇਹ ਸਾਰੀ ਬਾਣੀ ਰਾਗਾਂ ਵਿਚ ਹੈ ਅਤੇ ਰਾਗਾਂ ਅਨੁਸਾਰ ਤਰਤੀਬ ਦੇ ਕੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਵੀ ਬੜੀ ਸੁਚੱਜੀ ਵਿਉਂਤ ਨਾਲ ਹੋਇਆ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਧਿਆਨ ਵਿਚ ਰੱਖਦਿਆਂ ਕਿਹਾ ਜਾ ਸਕਦਾ ਹੈ ਕਿ ਸਾਹਿੱਤਕ ਪੱਖ ਤੋਂ ਗੁਰੂ ਗ੍ਰੰਥ ਸਾਹਿਬ ਇਕ ਸਰਵ-ਸ਼੍ਰੇਸਟ ਕਾਵਿ-ਰਚਨਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਵਾਰ ਗੁਜਰੀ, ਮਹਲਾ 5, ਪੰਨਾ 522.
2. ਮਾਰੂ ਵਾਰ, ਮਹਲਾ 5, ਡਖਣੇ, ਪੰਨਾ 1094.
3. 'But the chief importance of the Sikh Granth lies in the linguistic, as being treasury of the old Hinduvi dialects'. —Trump, *Adi Granth*, Preface, p. iii
4. ਵਡਹੰਸ ਮਹਲਾ 1, ਛੰਤ, ਪੰਨਾ 567.
5. ਰਾਗੁ ਵਡਹੰਸੁ, ਮਹਲਾ 1, ਪੰਨਾ 558.
6. ਸਿਰੀ ਰਾਗੁ ਮਹਲਾ 5, ਪੰਨਾ 70,
7. ਜਪੁ, ਪੰਨਾ 2.
8. ਸਲੋਕ ਭਗਤ ਕਬੀਰ ਜੀ, ਪੰਨਾ 1369.
9. ਗਉੜੀ ਸੁਖਮਨੀ ਮਹਲਾ 5, ਪੰਨਾ 269.
10. ਵਾਰ ਆਸਾ ਮਹਲਾ 1, ਪੰਨਾ 469.
11. ਗੁਰੂ ਗ੍ਰੰਥ ਸਾਹਿਬ, ਪੰਨਾ 663.
12. ਸ਼ਲੋਕ ਸ਼ੇਖ ਫਰੀਦ ਜੀ, ਪੰਨਾ 1378.
13. ਰਾਗੁ ਵਡਹੰਸ ਮਹਲਾ 1, ਪੰਨਾ 558.
14. ਤੁਖਾਰੀ, 'ਬਾਰਹਮਾਹ' ਮਹਲਾ 1, ਪੰਨੇ 1107-08.
15. ਉਹੀ, ਪੰਨਾ 1108.
16. ਧਨਾਸਰੀ ਮਹਲਾ 1, ਪੰਨਾ 685.
17. ਰਾਗ ਸੂਹੀ ਮਹਲਾ 3, ਪੰਨੇ 756-57.




CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

18. ਪਰਭਾਤੀ ਮਹਲਾ 1, ਪੰਨੇ 1328–29.
19. ਵਾਰ ਆਸਾ ਮਹਲਾ 1, ਪੰਨਾ 470.
20. ਵਾਰ ਗਉੜੀ ਮਹਲਾ 4, ਪੰਨਾ 302.
21. ਵਾਰ ਸਾਰੰਗ ਮਹਲਾ 1, ਪੰਨਾ 1245.
22. ਪਰਭਾਤੀ ਮਹਲਾ 1, ਪੰਨਾ 1329.
23. ਆਸਾ ਮਹਲਾ 3, ਪੰਨਾ 427,
24. ਸੋਰਠਿ ਮਹਲਾ 5, ਪੰਨਾ 618.
25. ਆਸਾ ਮਹਲਾ 4, ਪੰਨਾ 449.
26. ਵਾਰ ਸਾਰੰਗ ਮਹਲਾ 4, ਪੰਨਾ 1237.
27. S.S. Kohli, *A Critical Study of Adi Granth*, P. 96



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਸਰੂਪ

ਭਾਈ ਗੁਰਦਾਸ ਇਕ ਕਵੀ ਹਨ ਅਤੇ ਉਨ੍ਹਾਂ ਦਾ ਮੂਲ ਉਦੇਸ਼ ਕਾਵਿ ਦੇ ਮਾਧਿਅਮ ਦੁਆਰਾ ਗੁਰਮਤਿ ਵਿਚਾਰਧਾਰਾ ਦਾ ਪ੍ਰਕਾਸ਼ਨ ਹੈ, ਇਤਿਹਾਸ ਲਿਖਣਾ ਨਹੀਂ। ਇਤਿਹਾਸ ਲਿਖਣ ਅਤੇ ਕਾਵਿ ਸਿਰਜਣਾ ਵਿਚ ਬੁਨਿਆਦੀ ਤੌਰ ਤੇ ਕਾਫ਼ੀ ਅੰਤਰ ਹੈ। ਇਤਿਹਾਸ ਦਾ ਸ੍ਰੋਤ ਤੱਥ ਹੁੰਦੇ ਹਨ ਪਰ ਕਵਿਤਾ ਇਤਿਹਾਸਕ ਪਰਿਪੇਖ ਵਿਚ ਹੁੰਦਿਆਂ ਵੀ ਕਲਪਨਾਮਈ ਪ੍ਰਕ੍ਰਿਤੀ ਦੀ ਧਾਰਨੀ ਹੁੰਦੀ ਹੈ। ਇਤਿਹਾਸ ਵਿਚ ਸਮੇਂ ਤੇ ਸਥਾਨ ਦਾ ਨਿਸ਼ਚਿਤ ਹੋਣਾ ਆਵੱਸ਼ਕ ਹੈ, ਕਿਸੇ ਘਟਨਾ ਦਾ ਵਰਣਨ ਠੀਕ ਸਮਾਂ ਤੇ ਸਥਾਨ ਦੱਸ ਕੇ ਹੀ ਕੀਤਾ ਜਾਂਦਾ ਹੈ ਪਰ ਕਵਿਤਾ, ਭਾਵੇਂ ਉਸ ਦੀ ਪ੍ਰਕ੍ਰਿਤੀ ਇਤਿਹਾਸਕ ਹੋਵੇ, ਅਜਿਹੇ ਬੰਧਨ ਤੋਂ ਮੁਕਤ ਹੋ ਸਕਦੀ ਹੈ। ਭਾਈ ਗੁਰਦਾਸ ਦੀ ਕਾਵਿ-ਰਚਨਾ ਅਜੇਹੀ ਇਕ ਉਦਾਹਰਣ ਹੈ।

ਭਾਵੇਂ ਭਾਈ ਗੁਰਦਾਸ ਦੀ ਕਾਵਿ-ਰਚਨਾ ਇਤਿਹਾਸ ਦੇ ਨੇਮਾਂ ਦਾ ਪਾਲਣ ਨਹੀਂ ਕਰਦੀ ਪਰ ਫਿਰ ਵੀ ਉਨ੍ਹਾਂ ਦੀਆਂ ਵਾਰਾਂ, ਵਿਸ਼ੇਸ਼ ਤੌਰ ਤੇ ਪਹਿਲੀ ਵਾਰ, ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। ਗੁਰੂ ਨਾਨਕ ਤੋਂ ਗੁਰੂ ਹਰਿਗੋਬਿੰਦ ਤੱਕ ਛੇ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਭਾਈ ਗੁਰਦਾਸ ਦੀਆਂ ਵਾਰਾਂ ਬਹੁਤ ਉਪਯੋਗੀ ਸਿੱਧ ਹੁੰਦੀਆਂ ਹਨ। ਇਤਿਹਾਸ ਦੇ ਸੰਦਰਭ ਵਿਚ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। 'ਇਹ ਵਾਰਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਲੋਕਗਮਨ ਹੋਣ ਤੋਂ ਪੰਜਾਹ ਤੋਂ ਸੱਤਰ ਸਾਲਾਂ ਦੇ ਦਰਮਿਆਨ ਉਨ੍ਹਾਂ ਲੋਕਾਂ ਦੇ ਜੀਵਨ-ਕਾਲ ਵਿਚ ਰਚੀਆਂ ਗਈਆਂ ਜੋ ਗੁਰੂ ਸਾਹਿਬ ਨੂੰ ਜਾਣਦੇ ਸਨ, ਵਿਸ਼ੇਸ਼ ਤੌਰ ਤੇ ਬਾਬਾ ਬੁੱਢਾ ਜੀ, ਜਿਨ੍ਹਾਂ ਨੂੰ ਭਾਈ ਗੁਰਦਾਸ ਚੰਗੀ ਤਰ੍ਹਾਂ ਜਾਣਦੇ ਸਨ। ਦੁਰਭਾਗਵਸ, ਭਾਈ ਗੁਰਦਾਸ ਨੇ ਗੁਰੂ ਨਾਨਕ ਦੀ ਜੀਵਨੀ ਲਿਖਣ ਲਈ ਪ੍ਰਾਪਤ ਗਿਆਨ ਦੀ ਵਰਤੋਂ ਨਹੀਂ ਕੀਤੀ, ਪਰ ਫਿਰ ਵੀ ਜੋ ਸੰਕੇਤ ਉਨ੍ਹਾਂ ਆਪਣੀਆਂ ਵਾਰਾਂ ਵਿਚ ਦਿੱਤੇ ਹਨ, ਉਨ੍ਹਾਂ ਨੂੰ ਪ੍ਰਮਾਣਿਕ ਮੰਨਿਆ ਜਾ ਸਕਦਾ ਹੈ'।[1] ਡਾ. ਫੌਜਾ ਸਿੰਘ ਅਨੁਸਾਰ, ਗੁਰੂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਲਿਖਣ ਲਈ ਭਾਈ ਗੁਰਦਾਸ ਦੀਆਂ ਵਾਰਾਂ ਵਧੀਆ ਤੇ ਪੁਰਾਤਨ ਸ੍ਰੋਤ ਹੈ। ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਦੀ ਕ੍ਰਿਤ ਦੀਆਂ ਕੁਝ ਸੀਮਾਵਾਂ ਹਨ, ਜਿਵੇਂ ਕਿ ਲੇਖਕ ਦੀ ਭਾਵੁਕਤਾ, ਅਭਿਵਿਅਕਤੀ ਲਈ ਕਾਵਿ ਦਾ ਮਾਧਿਅਮ ਅਤੇ ਥੋੜ੍ਹੀ ਬਹੁਤ ਆਦਿ ਭੌਤਿਕ ਤੱਤਾਂ ਦੀ ਹੋਂਦ ਪਰ ਫਿਰ ਵੀ ਇਸ ਤੋਂ ਸਿੱਖ ਮੱਤ ਦੇ ਬਾਨੀ ਦੇ ਜੀਵਨ ਬਾਰੇ ਵਡਮੁੱਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ।[2] ਇਸ ਤਰ੍ਹਾਂ 'ਭਾਈ ਗੁਰਦਾਸ ਦੀ ਰਚਨਾ, ਜਿਸ ਦਾ ਚਰਿੱਤਰ ਭਾਵੇਂ ਉਪਦੇਸ਼ਾਤਮਕ ਹੈ, ਇਤਿਹਾਸਕ ਪੱਖੋਂ ਮਹਾਨ ਹੈ'।[3] ਇਕ ਅੰਗਰੇਜ਼ ਵਿਦਵਾਨ ਨੇ ਇਥੋਂ ਤੱਕ ਕਹਿ ਦਿੱਤਾ ਹੈ ਕਿ ਇਨ੍ਹਾਂ ਤੋਂ ਬਿਨਾ ਗੁਰੂ ਨਾਨਕ ਦੀ ਕੋਈ ਜਨਮਸਾਖੀ ਸੰਪੂਰਨ ਨਹੀਂ ਹੋ ਸਕਦੀ।[4] ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਕਈ ਘਟਨਾਵਾਂ ਦਾ ਪਹਿਲਾ ਜਾਂ ਦਰੁਸਤ ਵਿਵਰਣ ਵੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਮਿਲਦਾ ਹੈ। ਡਾ. ਫੌਜਾ ਸਿੰਘ ਅਨੁਸਾਰ, 'ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਸਭ ਤੋਂ ਪਹਿਲਾਂ ਲਿਖਤੀ ਵਰਣਨ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਮਿਲਦਾ ਹੈ'।[5] ਭਾਈ ਵੀਰ ਸਿੰਘ ਨੇ 'ਭਾਈ ਗੁਰਦਾਸ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨਾਲ ਗੋਸ਼ਟ ਨੂੰ ਪੁਰਾਤਨ ਜਨਮ ਸਾਖੀ ਵਿਚ ਦਿੱਤੇ ਵਰਣਨ ਨਾਲੋਂ ਵਧੇਰੇ ਸੱਚਾ ਮੰਨਿਆ ਹੈ'।[6] ਡਾ. ਸੁਰਿੰਦਰ ਸਿੰਘ ਕੋਹਲੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਵਰਣਨ ਕਰਦਿਆਂ ਭਾਈ ਗੁਰਦਾਸ ਵੱਲੋਂ ਦਿੱਤੇ ਗਏ ਬਿਉਰੇ ਦਾ ਵਿਸ਼ੇਸ਼ ਉਲੇਖ ਕੀਤਾ ਹੈ।[7]

7747

ਉਪਰੋਕਤ ਵਿਵੇਚਨ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਭਾਵੇਂ ਸ਼ੁੱਧ ਇਤਿਹਾਸ ਨਹੀਂ ਕਿਹਾ ਜਾ ਸਕਦਾ ਪਰ ਉਨ੍ਹਾਂ ਵਿਚ ਅਜਿਹੇ ਇਤਿ-ਹਾਸਕ ਸੰਕੇਤ ਵਿਦਮਾਨ ਹਨ ਜੋ ਗੁਰੂ-ਇਤਿਹਾਸ ਉਲੀਕਣ ਲਈ ਵਡਮੁੱਲੀ ਸਾਮਗ੍ਰੀ ਪ੍ਰਦਾਨ ਕਰਦੇ ਹਨ। ਇਹ ਇਤਿਹਾਸਕ ਸੰਕੇਤ ਅਧਿਕਤਰ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਨਾਲ ਸੰਬੰਧਿਤ ਹੋਣ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਿੰਬ ਨੂੰ ਉਜਾਗਰ ਕਰਦੇ ਹਨ।

ਗੁਰੂ ਨਾਨਕ ਦੇਵ ਦਾ ਆਗਮਨ ਢਹਿ-ਢੇਰੀ ਹੋਈ ਮਾਨਵਤਾ ਤੇ ਧਰਮ ਨੂੰ ਸੁਰਜੀਤ ਕਰਨ ਲਈ ਹੋਇਆ।[8] ਭਾਈ ਗੁਰਦਾਸ ਅਨੁਸਾਰ ਧਰਤੀ ਉੱਤੇ ਪਸਰੇ ਪਾਪ ਦਾ ਨਾਸ਼ ਕਰਨ ਅਤੇ ਊਚ-ਨੀਚ ਦਾ ਭੇਦ ਮਿਟਾ ਕੇ ਜਨਤਾ ਨੂੰ ਇਕ ਪਰਮਾਤਮਾ ਦਾ ਨਾਮ ਜਪਾਉਣ ਲਈ ਗੁਰੂ ਨਾਨਕ ਦੇਵ ਇਸ ਦੁਨੀਆਂ ਵਿਚ ਆਏ, ਅਰਥਾਤ :

> ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
> ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
> ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।
> ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।
> ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।੧/੨੩



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਦੀ ਕਰੁਣਾ ਭਰਪੂਰ ਤਸਵੀਰ ਗੁਰੂ ਨਾਨਕ ਦੇਵ ਨੇ ਆਪਣੀਆਂ ਅੱਖੀਂ ਵੇਖੀ। ਇਸ ਦਾ ਵਰਣਨ ਭਾਈ ਸਾਹਿਬ ਨੇ ਇਸ ਤਰ੍ਹਾਂ ਕੀਤਾ ਹੈ :

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।੧/੨੪

ਗੁਰੂ ਨਾਨਕ ਦੇਵ ਦੇ ਆਗਮਨ ਨਾਲ ਮਨੁੱਖਤਾ ਦੇ ਇਤਿਹਾਸ ਦਾ ਨਵਾਂ ਯੁੱਗ ਆਰੰਭ ਹੋਇਆ। ''ਲੋਕਾਂ ਵਿਚ ਨਵੀਂ ਜ਼ਿੰਦਗੀ ਨੇ ਪ੍ਰਵੇਸ਼ ਕੀਤਾ, ਉਸ (ਗੁਰੂ ਨਾਨਕ) ਵਿਚੋਂ ਉਨ੍ਹਾਂ ਨੂੰ ਆਪਣਾ ਇਸ਼ਟ, ਆਪਣੀ ਦੁਨੀਆਂ ਤੇ ਆਪਣੀ ਗੁਆਚੀ ਹੋਈ ਆਤਮਾ ਲੱਭ ਪਈ।''[9] ਭਾਈ ਗੁਰਦਾਸ ਨੇ ਨਾਨਕ-ਉਦੇ ਦਾ ਚਿਤ੍ਰਣ ਇਸ ਤਰ੍ਹਾਂ ਕੀਤਾ ਹੈ :

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ।੧/੨੭

ਭਾਈ ਗੁਰਦਾਸ ਦੇ ਵਿਵਰਣ ਅਨੁਸਾਰ ਗੁਰੂ ਨਾਨਕ ਦੇਵ ''ਧਰਤ ਲੁਕਾਈ ਸੋਧਣ'' ਲਈ ਸਭ ਤੋਂ ਪਹਿਲਾਂ ਹਿੰਦੂ ਤੀਰਥਾਂ ਦੀ ਯਾਤਰਾ ਕਰਦੇ ਹਨ। ਇਸ ਉਪਰੰਤ ਉਹ ਸੁਮੇਰ ਪਰਬਤ ਤੇ ਸਿਧਾਂ ਨੂੰ ਮਿਲ ਕੇ ਉਨ੍ਹਾਂ ਨਾਲ ਗੋਸ਼ਟਿ ਕਰਦੇ ਹਨ। ਫਿਰ ਗੁਰੂ ਨਾਨਕ ਦੇਵ ਮੱਕੇ ਦੀ ਯਾਤਰਾ ਸਮੇਂ ਮੱਕਾ ਘੁੰਮਾ ਕੇ ਆਪਣੀ ਆਤਮਿਕ ਸ਼ਕਤੀ ਦਾ ਪ੍ਰਦਰਸ਼ਨ ਕਰਦੇ ਹਨ, ਕਾਜੀਆਂ ਦੇ ਹਿੰਦੂ ਜਾਂ ਮੁਸਲਮਾਨਾਂ ਦੀ ਸ੍ਰੇਸ਼ਟਤਾ ਸੰਬੰਧੀ ਪੁੱਛੇ ਪ੍ਰਸ਼ਨਾਂ ਦੇ ਉਤਰ ਵਜੋਂ ਸ਼ੁਭ ਅਮਲਾਂ ਦੀ ਮਹੱਤਤਾ ਬਾਰੇ ਦੱਸਦੇ ਹਨ ਅਤੇ ਮੱਕੇ ਵਿਚ ਦਿਵ-ਵਿਜੈ ਪ੍ਰਾਪਤ ਕਰਦੇ ਹਨ। ਇਸ ਤੋਂ ਬਾਅਦ ਬਗਦਾਦ ਵਿਚ 'ਜ਼ਾਹਰੀ ਕਲਾ' ਦਾ ਪ੍ਰਦਰਸ਼ਨ ਕਰਦਿਆਂ 'ਸਤਿਨਾਮ ਦਾ ਚੱਕਰ' ਚਲਾਉਂਦੇ ਹੋਏ ਅਖੀਰ ਕਰਤਾਰਪੁਰ ਵਿਚ ਸੰਸਾਰੀ ਜੀਵਨ ਬਤੀਤ ਕਰਦਿਆਂ ਗੁਰਸਿਖੀ ਦਾ ਪ੍ਰਚਾਰ ਕਰਦੇ ਹਨ। ਇਕ ਵਾਰ ਫਿਰ ਸ਼ਿਵਰਾਤ੍ਰੀ ਦਾ ਮੇਲਾ ਸੁਣ ਕੇ ਗੁਰੂ ਨਾਨਕ ਦੇਵ ਵਟਾਲੇ ਜਾਂਦੇ ਹਨ ਅਤੇ ਸਿਧਾਂ ਨਾਲ ਗੋਸ਼ਟਿ ਕਰਦੇ ਹਨ। ਆਪਣੀ ਜੀਵਨ-ਯਾਤਰਾ ਦੇ ਆਖਰੀ ਪੜਾਅ ਤੇ ਪੁੱਜ ਕੇ ਗੁਰਗੱਦੀ ਭਾਈ ਲਹਿਣੇ ਜੀ ਨੂੰ ਬਖ਼ਸ਼ ਦਿੰਦੇ ਹਨ।[10]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਦੇਵ ਜੀ ਅਕਾਲ ਰੂਪ ਵਿਚ ਪ੍ਰਗਟ ਹੋਏ ਹਨ। ਉਹ ਪਰਮਾਤਮਾ ਦਾ ਹੀ ਰੂਪ ਹਨ। ਡਾ. ਜੇ. ਐਸ. ਗਰੇਵਾਲ ਅਨੁਸਾਰ, ''ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਦੇ ਪਰਮਾਤਮਾ ਦੇ ਅੰਤਿਮ ਤੇ ਸਦੀਵੀ ਸਪੋਕਸ-ਮੈਨ ਹੋਣ ਦਾ ਵਿਚਾਰ ਕਾਫੀ ਮਹੱਤਵਪੂਰਨ ਹੈ।''[11] ਭਾਈ ਗੁਰਦਾਸ ਦੀਆਂ ਨਿਮਨੰਕਿਤ ਪੰਕਤੀਆਂ ਗੁਰੂ ਨਾਨਕ ਦੇਵ ਜੀ ਨੂੰ ਪਰਮਾਤਮਾ ਦੇ ਰੂਪ ਵਿਚ ਪ੍ਰਦਰਸ਼ਿਤ ਕਰਦੀਆਂ ਹਨ, ਜਿਵੇਂ :

(ੳ) ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ ।੧/੧੭

(ਅ) ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ। ੧/੩੫



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਨੂੰ ਦਿਗ-ਵਿਜਈ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ ਅਤੇ 'ਅਧਿਆਤਮਿਕ ਸਲਤਨਤ ਵਿਚ ਗੁਰੂ ਨਾਨਕ ਦੀ ਮਹਾਨਤਾ ਨੂੰ ਉਜਾਗਰ ਕਰਨ ਤੇ ਜ਼ੋਰ ਦਿੱਤਾ ਹੈ।'[12] ਨਾਨਕ-ਬਿੰਬ ਨੂੰ ਬਿਰਤਾਂਤ ਰੂਪ ਵਿਚ ਪੇਸ਼ ਕਰਨ ਦੀ ਪਿਰਤ ਦਾ ਆਰੰਭ ਭਾਈ ਗੁਰਦਾਸ ਤੋਂ ਹੀ ਹੁੰਦਾ ਹੈ। ਇਸ ਤੋਂ ਬਾਅਦ ਜੋ ਵੀ ਜਨਮ-ਸਾਖੀਆਂ ਜਾਂ ਪ੍ਰਬੰਧ-ਕਾਵਿ ਲਿਖੇ ਗਏ, ਉਨ੍ਹਾਂ ਵਿਚ ਗੁਰੂ ਨਾਨਕ ਦਿਗ ਵਿਜਈ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ। ਵਿਸ਼ੇਸ਼ ਧਿਆਨਯੋਗ ਗੱਲ ਇਹ ਹੈ ਕਿ ਵਿਜੈ ਯਾਤ੍ਰਾ ਦੀ ਦਿਸ਼ਾ ਬਹੁਤ ਕਰਕੇ ਇਸਲਾਮ ਵੱਲ ਰਹੀ ਹੈ।'[13] ਇਸਲਾਮ-ਵਿਜੈ ਦੀ ਇਹ ਯਾਤਰਾ ਭਾਵੇਂ ਵਿਸ਼ੇਸ਼ ਤੌਰ ਤੇ ਮੱਕੇ ਦੀ ਵਿਜੈ ਦੇ ਰੂਪ ਵਿਚ ਪ੍ਰਗਟ ਹੋਈ ਹੈ, ਜਿਵੇਂ :

ਧਰੀ ਨੀਸਾਣੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ। ੧/੩੪

ਪਰ, ਗੁਰੂ ਨਾਨਕ ਦੇਵ ਜੀ ਦੀ ਵਿਜੈ-ਯਾਤਰਾ ਦਾ ਰੁਖ ਨਾਥਾਂ ਵੱਲ ਵੀ ਹੋਇਆ ਹੈ। ਉਹ ਨਾਥਾਂ ਨਾਲ ਗੋਸ਼ਟ ਕਰਕੇ ਜਿੱਤ ਪ੍ਰਾਪਤ ਕਰਦੇ ਹਨ, ਅਰਥਾਤ :

ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧੀ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ। ੧/੪੪

ਨਾਥਾਂ ਤੇ ਨਵਾਬਾਂ ਸਭ ਨੇ ਗੁਰੂ ਜੀ ਦੀ ਅਧੀਨਗੀ ਮੰਨ ਲਈ, ਅਰਥਾਤ :

ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ।
ਬਾਬਰ ਕੇ ਬਾਬੇ ਮਿਲੇ ਨਿਵ ਨਿਵ ਸਭ ਨਬਾਬ ਨਿਵਾਇਆ। ੨੬/੨੧

ਅਖੀਰ ਵਿਚ ਨਾਥਾਂ ਅਤੇ ਇਸਲਾਮ ਤੇ ਜਿੱਤ ਪ੍ਰਾਪਤ ਕਰਕੇ ਗੁਰੂ ਨਾਨਕ ਦੇਵ ਜੀ ਜਗਤ-ਵਿਜੈ ਪ੍ਰਾਪਤ ਕਰਦੇ ਹਨ ਜਿਸ ਦਾ ਚਿਤ੍ਰਣ ਭਾਈ ਗੁਰਦਾਸ ਨੇ ਇਨ੍ਹਾਂ ਪੰਕਤੀਆਂ ਦੁਆਰਾ ਕੀਤਾ ਹੈ :

ਗੜ ਬਗਦਾਦੁ ਨਿਵਾਇਕੇ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਤਲਾ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।
ਜੀਤੀ ਨਉਖੰਡ ਮੇਦਨੀ ਸਤਿਨਾਮੁ ਦਾ ਚੱਕ੍ਰ ਫਿਰਾਇਆ।
ਦੇਵ ਦਾਨੋ ਰਾਕਸਿ ਦੈਤ ਸਭ ਚਿਤਿਗੁਪਤਿ ਸਭਿ ਚਰਨੀ ਲਾਇਆ।
ਇੰਦ੍ਰਾਸਣਿ ਅਪਛਰਾ ਰਾਗ ਰਾਗਣੀ ਮੰਗਲੁ ਗਾਇਆ।
ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰ ਨਾਨਕ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ। ੧/੩੭

ਇਸ ਤਰ੍ਹਾਂ ਜਗੰਤ-ਵਿਜਈ ਹੋ ਕੇ ਗੁਰੂ ਨਾਨਕ ਦੇਵ ਜੀ ਆਪਣੇ ਨਿਰਮਲ ਪੰਥ ਦੀ ਸਥਾਪਨਾ ਕਰਦੇ ਹਨ। ਭਾਈ ਗੁਰਦਾਸ ਅਨੁਸਾਰ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ। ੧/੪੫

ਇਸ ਤਰ੍ਹਾਂ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਨਾਇਕ, ਗੁਰੂ ਨਾਨਕ, ਇਕ ਧਰਮਬੀਰ ਦੇ ਰੂਪ ਵਿਚ ਵਿਚਰਦਾ ਹੋਇਆ ਜਗਤ-ਵਿਜਈ ਦੀ ਪਦਵੀ ਧਾਰਨ ਕਰ ਲੈਂਦਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ, 'ਸਭ ਤੋਂ ਪਹਿਲਾਂ ਭਾਈ ਗੁਰਦਾਸ ਨੇ ਹੀ ਗੁਰੂ ਨਾਨਕ ਨੂੰ ਸਿਰਜਨਾਤਮਕ ਵਿਜਈ ਦੇ ਰੂਪ ਵਿਚ ਪਛਾਣਿਆ ਸੀ।'[14]

ਗੁਰੂ ਨਾਨਕ ਦੇਵ ਹਿੰਦੂ ਤੇ ਮੁਸਲਮਾਨਾਂ ਦੇ ਸਾਂਝੇ ਸਨ, ਡਾ. ਰਾਧਾਕ੍ਰਿਸ਼ਨਨ ਅਨੁਸਾਰ, 'ਗੁਰੂ ਨਾਨਕ ਨੇ ਹਿੰਦੂ ਤੇ ਮੁਸਲਮਾਨਾਂ ਨੂੰ ਇਕ ਲੜੀ ਵਿਚ ਪਰੋਣ ਦਾ ਯਤਨ ਕੀਤਾ। ਉਨ੍ਹਾਂ ਦਾ ਜੀਵਨ ਤੇ ਉਪਦੇਸ਼ ਦੋਹਾਂ ਜਾਤੀਆਂ ਵਿਚ ਸਦ-ਭਾਵਨਾ ਦਾ ਪ੍ਰਤੀਕ ਹੈ।[15] ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਨੂੰ ਹਿੰਦੂ ਤੇ ਮੁਸਲਮਾਨਾਂ ਦੋਹਾਂ ਧਰਮਾਂ ਦੇ ਲੋਕਾਂ ਦੀ ਸਵੀਕ੍ਰਿਤੀ ਪ੍ਰਾਪਤ ਹੈ :

(ੳ) ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ। ੧/੩੪

(ਅ) ਗੰਗ ਬਨਾਰਸ ਹਿੰਦੂਆਂ ਮੁਸਲਮਾਣਾ ਮਕਾ ਕਾਬਾ।
ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ। ੨੪/੪

ਇਹ ਗੱਲ ਸਪਸ਼ਟ ਹੈ ਕਿ ਗੁਰੂ ਨਾਨਕ ਦਾ ਕਿਸੇ ਇਕ ਧਰਮ ਵੱਲ ਵਿਸ਼ੇਸ਼ ਝੁਕਾਉ ਨਜ਼ਰ ਨਹੀਂ ਆਉਂਦਾ। 'ਭਾਈ ਗੁਰਦਾਸ ਨਾਨਕ ਉਦੈ ਦੀ ਗੱਲ ਹਿੰਦੂ-ਮੁਸਲਿਮ ਤਨਾਉ ਦੇ ਸੰਦਰਭ ਵਿਚ ਕਰਦੇ ਹਨ ਅਤੇ ਦੋਹਾਂ ਨੂੰ ਨਾਨਕ-ਦ੍ਰਿਸ਼ਟੀ ਤੋਂ ਖੰਡਨ-ਯੋਗ ਸਮਝਦੇ ਹਨ। ਦੋਹਾਂ ਵਿਚੋਂ ਕਿਸੇ ਇਕ ਵੱਲ ਜਾਂ ਦੋਹਾਂ ਵੱਲ ਝੁਕਾਉ ਗੁਰੂ ਦੀ ਬਾਣੀ ਜਾਂ ਭਾਵ-ਮੁਦ੍ਰਾ ਵਿਚ ਨਹੀਂ। ਗੁਰੂ ਨਾਨਕ ਦੀ ਭਾਵ-ਮੁਦ੍ਰਾ ਸਮਝੌਤੇ ਜਾਂ ਆਗਿਆਕਾਰਿਤਾ ਦੀ ਨਹੀਂ, ਸਿਰਜਨਾਤਮਕ ਵਿਜੈ ਦੀ ਹੈ'।[16] ਜਦ ਗੁਰੂ ਨਾਨਕ ਦੇਵ ਪਾਸੋਂ ਹਿੰਦੂ ਧਰਮ ਜਾਂ ਇਸਲਾਮ ਦੋਹਾਂ ਵਿਚੋਂ ਇਕ ਦੀ ਸ੍ਰੇਸਟਤਾ ਸੰਬੰਧੀ ਨਿਰਣਾ ਮੰਗਿਆ ਜਾਂਦਾ ਹੈ ਤਾਂ ਉਹ ਇਕ ਟੁੱਕ ਫੈਸਲਾ ਸੁਣਾ ਦਿੰਦੇ ਹਨ :

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਮਲਮਾਨੋਈ ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।੧/੩੩

ਭਾਈ ਗੁਰਦਾਸ ਦੀਆਂ ਵਾਰਾਂ ਦਾ ਨਾਇਕ, ਗੁਰੂ ਨਾਨਕ ਦੇਵ, ਧਾਰਮਿਕ ਸੰਕੀਰਣਤਾ ਤੋਂ ਮੁਕਤ 'ਜਗਤ ਗੁਰੂ' ਹੈ। ਅਜਿਹਾ ਸੰਕੇਤ ਕਈ ਥਾਈਂ ਮਿਲਦਾ ਹੈ, ਜਿਵੇਂ :

(ੳ) ਜਗਤੁ ਗੁਰੂ ਗੁਰੁ ਨਾਨਕ ਦੇਉ।੨੪/੨

(ਅ) ਜਾਹਰ ਪੀਰ ਜਗਤੁ ਗੁਰੁ ਬਾਬਾ।੨੪/੩, ੨੪/੪

ਭਾਈ ਗੁਰਦਾਸ ਦਾ ਕਥਨ-'ਨਾਨਕ ਨਿਰਮਲ ਪੰਥ ਚਲਾਇਆ' (1/45) ਗੁਰੂ ਨਾਨਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੁਆਰਾ ਸਿੱਖ ਧਰਮ ਦੀ ਸਥਾਪਨਾ ਵੱਲ ਸੰਕੇਤ ਹੈ। ਡਾ ਹਰਿਭਜਨ ਸਿੰਘ ਦੇ ਕਥਨ ਅਨੁਸਾਰ, 'ਆਧੁਨਿਕ ਯੁੱਗ ਵਿਚ ਇਹ ਵਿਚਾਰ ਪ੍ਰਚਲਿਤ ਕੀਤਾ ਗਿਆ ਕਿ ਗੁਰੂ ਨਾਨਕ ਨੇ ਹਿੰਦੂ ਧਰਮ ਅਤੇ ਇਸਲਾਮ ਦਾ ਸੁਮੇਲ ਸਥਾਪਿਤ ਕਰਨ ਦਾ ਉਦਮ ਕੀਤਾ। ਇਹ ਵਿਚਾਰ ਨਾਨਕ-ਬਿੰਬ ਵਿਚ ਸਥਾਈ ਸਥਾਨ ਪ੍ਰਾਪਤ ਨਹੀਂ ਕਰ ਸਕਿਆ। ਉਨ੍ਹਾਂ ਹਿੰਦੂ ਧਰਮ ਜਾਂ ਇਸਲਾਮ ਦੇ ਕਾਬਲ-ਕਬੂਲ ਸਿਧਾਂਤਾਂ ਨੂੰ ਸਵੀਕਾਰ ਕਰਕੇ ਉਨ੍ਹਾਂ ਦਾ ਇਕ ਨਵਾਂ ਸੰਗ੍ਰਹਿ ਪੇਸ਼ ਕੀਤਾ ਹੈ—ਅਜਿਹਾ ਮੱਤ ਨਾਨਕ ਧਾਰਾ ਦੇ ਕਲਾਕਾਰਾਂ ਤੇ ਵਿਚਾਰਕਾਂ ਨੂੰ ਸਵੀਕਾਰ ਨਾ ਹੋ ਸਕੇਗਾ'।[17]

ਗੁਰੂ ਨਾਨਕ ਦੇਵ ਜੀ ਦਾ ਜੋ ਸਰੂਪ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਦ੍ਰਿਸ਼ਟੀ-ਗੋਚਰ ਹੁੰਦਾ ਹੈ ਉਸ ਅਨੁਸਾਰ ਉਹ ਕਰਾਮਾਤਾਂ ਦਾ ਖੰਡਨ ਵੀ ਕਰਦੇ ਹਨ ਤੇ ਪ੍ਰਦਰਸ਼ਨ ਵੀ। ਗੁਰੂ ਨਾਨਕ ਦੇਵ ਦਾ ਕਰਾਮਾਤਾਂ ਵਿਚ ਕੋਈ ਵਿਸ਼ਵਾਸ ਨਹੀਂ, ਜਿਵੇਂ :

(ੳ) ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉ ਢਿਲ ਅਵੇਹੀ ਲਾਈ।
ਬਾਬਾ ਬੋਲੇ ਨਾਥ ਜੀ, ਅਸਾਂ ਤੇ ਵੇਖਣਿ ਜੋਗਿ ਵਸਤੁ ਨ ਕਾਈ।
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ।੧/੪੨

(ਅ) ਬਾਬਾ ਬੋਲੇ ਨਾਥ ਜੀ, ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।੧/੪੩

ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਦੁਆਰਾ ਪ੍ਰਦਰਸ਼ਿਤ ਕਰਾਮਾਤਾਂ ਦਾ ਵਿਵਰਣ ਵੀ ਭਾਈ ਗੁਰਦਾਸ ਦੀ ਕਾਵਿ ਰਚਨਾ ਵਿਚ ਵਿਦਮਾਨ ਹੈ, ਜਿਵੇਂ :

(ੳ) ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।੧/੩੨

(ਅ) ਦਿੱਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨਿ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।੧/੩੫

(ੲ) ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।
ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਕੋਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।
ਜ਼ਾਹਰ ਕਲਾ ਨਾ ਛਪੈ ਛਪਾਈ।੧/੩੬

ਅਜਿਹੀਆਂ ਕਰਾਮਾਤਾਂ ਦਾ ਵਰਣਨ ਭਾਈ ਗੁਰਦਾਸ ਦੀਆਂ ਵਾਰਾਂ ਦੇ ਇਤਿਹਾਸਕ ਪੱਖ ਨੂੰ ਕਮਜ਼ੋਰ ਕਰਦਾ ਹੈ ਕਿਉਂਕਿ ਇਤਿਹਾਸ ਦਾ ਆਧਾਰ ਤੱਥ ਹੁੰਦੇ ਹਨ, ਕਰਾਮਾਤਾਂ ਨਹੀਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਦੇਵ ਦੇ ਚਰਿਤ੍ਰ ਦੀ ਇਕ ਵਿਸ਼ੇਸ਼ਤਾ ਉਨ੍ਹਾਂ ਅੰਦਰ ਵਿਦਮਾਨ ਲੋਕ-ਦਰਦ ਦੀ ਗਹਿਰੀ ਭਾਵਨਾ ਹੈ। ਉਹ ਪੀੜ੍ਹ-ਗ੍ਰਸਤ ਜਨਤਾ ਦੀ ਕਰੁਣਾਮਈ ਪੁਕਾਰ ਸੁਣ ਕੇ ਹੀ 'ਧਰਤਿ ਲੁਕਾਈ' ਸੋਧਣ ਲਈ ਉਦਾਸੀਆਂ ਦਾ ਪ੍ਰਾਰੰਭ ਕਰਦੇ ਹਨ, ਜਿਵੇਂ :

ਬਾਝਹੁ ਗੁਰੂ ਗੁਬਾਰਿ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣਿ ਧਰਤਿ ਲੁਕਾਈ।੧/੨੪

ਉਹ ਸੱਚ ਦੇ ਖੋਜੀ ਹਨ। ਦੁਨੀਆਂ ਵਿਚ ਪਸਰੇ ਕੂੜ ਦੇ ਹਨੇਰੇ ਵਿਚ ਉਨ੍ਹਾਂ ਨੂੰ ਸੱਚ ਦੀ ਤਲਾਸ਼ ਹੈ :

ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।੧/੨੯

ਉਹ ਅਜਿਹੇ ਤੇਜਸਵੀ ਹਨ ਜਿਨ੍ਹਾਂ ਦਾ ਤੇਜ ਝਲਿਆ ਨਹੀਂ ਜਾਂਦਾ, ਅਰਥਾਤ :

ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।੧/੩੧

ਜਿੱਥੇ ਗੁਰੂ ਜੀ ਨੇ ਧਾਰਮਿਕ ਕਰਮ-ਕਾਂਡਾਂ ਦਾ ਖੰਡਨ ਕੀਤਾ ਹੈ ਉੱਥੇ ਉਨ੍ਹਾਂ ਨੇ ਆਪਣੇ ਪੁੱਤਰਾਂ ਦੀ ਥਾਂ ਭਾਈ ਲਹਿਣੇ ਨੂੰ ਗੁਰਗੱਦੀ ਬਖਸ਼ ਕੇ ਪੁਰਾਣੀ ਪਰੰਪਰਾ ਨੂੰ ਤੋੜ ਕੇ ਨਵੀਂ ਲੀਹ ਪਾਈ ਹੈ, ਜਿਸ ਨੂੰ ਭਾਈ ਗੁਰਦਾਸ ਨੇ ਉਲਟੀ ਗੰਗਾ ਵਹਾਉਣਾ ਕਿਹਾ ਹੈ, ਅਰਥਾਤ :

ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।੧/੩੮

## ਹਵਾਲੇ ਅਤੇ ਟਿੱਪਣੀਆਂ

1. 'The vars were composed between fifty to seventy years after the death of Nanak and in the life-time of many people who knew the Guru, particularly Bhai Budha, who was personally known to the author. Bhai Gurdas Unfortunately did not use the available knowledge to produce a biography; but whatever reference he makes



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
in the vars must be considered authentic'. Khushwant Singh, *A History of the Sikhs*, Vol. I, P. 301 (Appendix I.)

2. 'The Vars of Bhai Gurdas is a better and older source and can well be made the basis for the reconstruction of Guru Nanak's life. There are in the work, no doubt, a few limitations, such as the emotional-involvement of the author, the use of poetry as the medium of expression and presence, though not much, of supernatural element, Even so, it remains the most valuabla evidence on the life of the founder of Sikhism'. Dr. Fauja Singh, 'The Image of Guru Nanak in the Vars of Bhai Gurdas', Punjab History Conference. Fouth Session, (March 14-15, 1969) Proceedings (Papers on Guru Nanak). p, 69.

3. His writngs, though didactic in character, are of great historical interest, Dr Bakhshish Singh Nijjar, *Punjab Under the Great Mughals*, p, 172.

4. It certainly warrants our closest attention because of its relative nearness to the time of Guru Nanak and no treatment of the Janam Sakhis would be complete without it, W. H. McLeod, *Guru Nanak and the Sikh Religion*. p. 14.

5. 'ਜਨਮ ਸਾਖੀਆਂ-ਸਾਹਿੱਤ ਕਿ ਇਤਿਹਾਸ ?" 'ਜਨਮ ਸਾਖੀ ਅਧਿਐਨ' (ਸੰ. ਕਿਰਪਾਲ ਸਿੰਘ ਕੋਮਲ) ਪੰਨਾ 64.

6. 'ਪੁਰਾਤਨ ਜਨਮ ਸਾਖੀ', ਪੰਨਾ 181 (ਪਗ ਟਿੱਪਣੀ)

7. *Travels of Guru Nanak*, Pp. 21, 140, 144 and 145.

8. 'At a time when men were conscious of failure, Nanak appeared to renovate the spirit of religion and humanity'. Dr. S. Radhakrishnan, "Introduction" *Selections from the Sacred Writings of the Sikhs*, p, 18.

9. 'A new life came to the people. in him they found their God, their world, and their lost souls' Prof. Puran Singh, *The Ten Masters* p. 7.

10. 'ਵਾਰਾਂ ਭਾਈ ਗੁਰਦਾਸ', 1/27 ਤੋਂ 1/45



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

11. 'The idea of Nanak as the last and the eternal spokesman of God assumes great importance in the Vars of Bhai Gurdas'. Dr. J. S. Grewal, *Guru Nanak in History*, Pp. 298-99,

12. 'Bhai Gurdas emphasizes the overwhelming greatess of Guru Nanak in the spiritual realm'. Dr. J. S. Grewal, *Guru Nanak in History* p. 296.

13. ਡਾ. ਹਰਿਭਜਨ ਸਿੰਘ, 'ਅਧਿਅਨ ਅਤੇ ਅਧਿਆਪਨ', ਪੰਨਾ 60.

14. 'ਅਧਿਅਨ ਅਤੇ ਅਧਿਆਪਨ', ਪੰਨਾ 61.

15. 'Nanak strove to bring Hindus and Muslims together. His life and teaching were a symbol of the harmony between the two communities'. S. Radhakrishnan Introduction, *Selections from the Sacred Writings of the Sikhs*. p. 23.

16. ਡਾ. ਹਰਿਭਜਨ ਸਿੰਘ, 'ਅਧਿਅਨ ਅਤੇ ਅਧਿਆਪਨ', ਪੰਨਾ 60.

17. ਉਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਜਪੁਜੀ ਦੀ ਅਲੰਕਾਰ-ਯੋਜਨਾ

ਅਲੰਕਾਰ ਕਵਿਤਾ ਨੂੰ ਸੁਹਜ ਪ੍ਰਦਾਨ ਕਰਦੇ ਹਨ। ਅਲੰਕਾਰ-ਵਾਦੀਆਂ ਨੇ ਤਾਂ ਅਲੰਕਾਰ ਨੂੰ ਹੀ 'ਕਾਵਿ ਦੀ ਆਤਮਾ' ਮੰਨਿਆ ਹੈ। 'ਚੰਦ੍ਰਾ ਲੋਕ' ਦੇ ਕਰਤਾ ਜਯ ਦੇਵ ਨੇ ਤਾਂ ਇੱਥੋਂ ਤੱਕ ਵੀ ਕਹਿ ਦਿੱਤਾ ਹੈ ਕਿ 'ਜਿਹੜਾ ਆਲੋਚਕ ਅਲੰਕਾਰਾਂ ਤੋਂ ਬਿਨਾ ਵੀ ਕਾਵਿ ਨੂੰ ਕਾਵਿ ਸਵੀਕਾਰ ਕਰਦਾ ਹੈ ਉਹ ਸੇਕ ਤੋਂ ਬਿਨਾ ਅੱਗ ਨੂੰ ਅੱਗ ਮੰਨਦਾ ਹੈ।' ਅਲੰਕਾਰ ਕਵੀ ਦੀ ਕਲਪਨਾ ਦਾ ਸਿੱਟਾ ਹੁੰਦੇ ਹਨ ਅਤੇ ਕਿਸੇ ਕਵਿਤਾ ਦੀ ਅਲੰਕਾਰ ਯੋਜਨਾ ਤੋਂ ਉਸ ਕਵੀ ਦੀ ਸਾਹਿੱਤਕ-ਪ੍ਰਤਿਭਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਕਿਸੇ ਸ੍ਰੇਸ਼ਟ ਕਾਵਿ ਵਿਚੋਂ ਅਲੰਕਾਰ ਸ਼ਬਦਾਂ ਦੀ ਜੜਤ ਤੇ ਉਨ੍ਹਾਂ ਦੇ ਅਰਥਾਂ ਚੋਂ ਸਹਿਜ ਸੁਭਾ ਹੀ ਜਨਮ ਲੈਂਦੇ ਹਨ—ਇਸ ਤੱਥ ਦੀ ਪੁਸ਼ਟੀ ਲਈ ਗੁਰੂ ਨਾਨਕ ਦੇਵ ਜੀ ਦੀ ਅਨੂਪਮ ਕਾਵਿ-ਕ੍ਰਿਤ ਜਪੁਜੀ ਇਕ ਯੋਗ ਉਦਾਹਰਣ ਹੈ।

ਸਿਧਾਂਤਕਾਰਾਂ ਨੇ ਅਲੰਕਾਰਾਂ ਦੇ ਚਾਰ ਭੇਦ ਮੰਨੇ ਹਨ—(1) ਸ਼ਬਦ ਅਲੰਕਾਰ (2) ਅਰਥ ਅਲੰਕਾਰ (3) ਸ਼ਬਦਾਰਥ ਅਲੰਕਾਰ ਅਤੇ (4) ਪੱਛਮੀ ਅਲੰਕਾਰ। ਅਰਥ ਅਲੰਕਾਰ ਦੇ ਅੱਗੇ ਉਪ ਭੇਦ ਹਨ (ੳ) ਸਦ੍ਰਿਸ਼ਤਾ ਮੂਲਕ ਅਲੰਕਾਰ : ਉਪਮਾ, ਰੂਪਕ ਸਮਰਣ, ਸੰਦੇਹ, ਉਤਪ੍ਰੇਖਿਆ, ਅਤਿਕਥਨੀ, ਦੀਪਕ, ਦ੍ਰਿਸ਼ਟਾਂਤ ਆਦਿ (ਅ) ਵਿਰੋਧਮੂਲਕ : ਵਿਰੋਧਾਭਾਸ, ਵਿਭਾਵਨਾ, ਵਿਸ਼ੇਸੋਕਤੀ ਆਦਿ (ੲ) ਸਿੰਖਲਾਮੂਲ ਜਿਵੇਂ ਸਾਰ (ਸ) ਨਿਆਇਮੂਲਕ ਜਿਵੇਂ ਕਾਵਿਲਿੰਗ। ਇਹ ਵਰਗੀਕਰਣ ਬੜਾ ਗੁੰਝਲਦਾਰ ਹੈ ਸੋ ਅਸੀਂ ਜਪੁਜੀ ਦੀ ਅਲੰਕਾਰ-ਯੋਜਨਾ ਦਾ ਅਧਿਐਨ ਕਰਨ ਲਈ ਜਪੁਜੀ ਦੇ ਅਲੰਕਾਰਾਂ ਨੂੰ ਦੋ ਮੁੱਖ ਭੇਦਾਂ ਵਿਚ ਵੀ ਵੰਡਿਆ ਹੈ ਅਰਥਾਤ (1) ਸ਼ਬਦ ਅਲੰਕਾਰ ਅਤੇ (2) ਅਰਥ ਅਲੰਕਾਰ।

## ਸ਼ਬਦ ਅਲੰਕਾਰ

ਜਦ ਕਿਸੇ ਕਾਵਿ-ਰਚਨਾ ਦੇ ਸ਼ਬਦਾਂ ਦੀ ਜੜਤ ਸੁਹਜ ਅਥਵਾ ਚਮਤਕਾਰ ਪੈਦਾ ਕਰੇ ਤਾਂ ਸ਼ਬਦ ਅਲੰਕਾਰ ਦੀ ਉਤਪਤੀ ਹੁੰਦੀ ਹੈ। ਜਪੁਜੀ ਨੂੰ ਅਨੂਪਮ ਸ਼ਬਦਾਂ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੜਤ ਦੁਆਰਾ ਅਲੰਕ੍ਰਿਤ ਕੀਤਾ ਗਿਆ ਹੈ ਜੋ ਹੇਠ ਲਿਖੇ ਸ਼ਬਦ ਅਲੰਕਾਰਾਂ ਦੁਆਰਾ ਪ੍ਰਗਟ ਹੁੰਦੀ ਹੈ :

### ਅਨੁਪ੍ਰਾਸ ਅਲੰਕਾਰ

ਜਦ ਕਿਸੇ ਕਵਿਤਾ ਦੀ ਕਿਸੇ ਪੰਕਤੀ ਵਿਚ ਅੱਖਰਾਂ ਦੀ ਸਮਾਨਤਾ ਅਤੇ ਪਦਾਂ ਦਾ ਵਜ਼ਨ ਅਨੇਕ ਵਾਰ ਵਾਕ ਵਿਚ ਤੁੱਲ ਹੋਵੇ ਤਾਂ ਅਨੁਪ੍ਰਾਸ ਹੁੰਦਾ ਹੈ। ਇਸ ਦੇ ਪੰਜ ਭੇਦ ਹਨ। ਛੇਕ, ਵਿਰੱਤਿ, ਸ੍ਰਤਿ, ਲਾਟ ਅਤੇ ਅੰਤ ਅਨੁਪ੍ਰਾਸ।

**ਛੇਕਨੁਪ੍ਰਾਸ** : ਜੇ ਇਕੋ ਅੱਖਰ ਹੀ ਪਦਾਂ ਦੇ ਆਦਿ ਅਤੇ ਮੱਧ ਵਿਚ ਕਈ ਵਾਰ ਆਵੇ ਤਾਂ 'ਛੇਕਨੁਪ੍ਰਾਸ' ਹੁੰਦਾ ਹੈ। ਜਪੁਜੀ ਵਿਚ ਇਸ ਅਲੰਕਾਰ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆ ਹਨ :

'ੳ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—
ਊਚੇ ਉਪਰਿ ਊਚਾ ਨਾਊ। (੨੪)

'ਅ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ। (੩੦)

'ਸ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—
ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ। (੪)...
ਸਤਿ ਸੁਹਾਣੁ ਸਦਾ ਮਨਿ ਚਾਉ। (੨੧)...
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ। (੨੭)...
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ। (੩੬)...
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਾਨੁ। (੨੩)...

'ਹ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—
ਧਰਤੀ ਹੋਰੁ ਪਰੈ ਹੋਰੁ ਹੋਰੁ। (੧੦)

'ਕ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—

ਕਥਨਾ ਕਥੀ ਨ ਆਵੈ ਤੋਟਿ।
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ।(੩)...
ਜੇ ਕੋ ਕਹੈ ਕਰੈ ਵੀਚਾਰੁ।
ਕਰਤੇ ਕੈ ਕਰਣੈ ਨਾਹੀ ਸੁਮਾਰੁ। (੧੬)...



CC-0. In Public Domain. Gurukul Kangri Collection, Haridwar

ਕੁਦਰਤਿ ਕਵਣ ਕਹਾ ਵੀਚਾਰੁ ।

Digitized by Arya Samaj Foundation Chennai and eGangotri

ਵਾਰਿਆ ਨਾ ਜਾਵਾ ਏਕ ਵਾਰੁ । (੧੬)...

'ਦ' ਅੱਖਰ ਪਦਾਂ ਦੇ ਆਦਿ ਜਾਂ ਮੱਧ ਵਿਚ ਆਉਣ ਨਾਲ—

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰ । (੪)...

ਤੀਰਥੁ ਤਪੁ ਦਇਆ ਦਤੁ ਦਾਨੁ । (੨੧)...

ਗਾਵਹਿ ਇੰਦ ਇੰਦਾਸਣ ਬੈਠੇ ਦੇਵਤਿਆ ਦਰਿ ਨਾਲੇ । (੨੭)...

'ਨ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—

ਨਾਨਕ ਨਦਰੀ ਨਦਰਿ ਨਿਹਾਲ । (੩੮)

'ਪ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—

ਸੁਣਿਐ ਪੜਿ ਪੜਿ ਪਾਵਹਿ ਮਾਨੁ । (੧੦)...

ਪਵਣ ਪਾਣੀ ਅਗਨੀ ਪਾਤਾਲ । (੩੪)...

'ਮ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—

ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ । (੨੭)

'ਵ' ਅੱਖਰ ਪਦਾਂ ਦੇ ਆਦਿ ਵਿਚ ਆਉਣ ਨਾਲ—

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ । (੩)...

**ਵ੍ਰਿਤੀਨੁਪ੍ਰਾਸ** : ਜੇ ਇਕੋ ਅੱਖਰ ਹੀ ਅਨੇਕ ਵਾਰ ਪਦਾਂ ਦੇ ਅੰਤ ਤੇ ਆਵੇ ਅਤੇ ਪਦਾਂ ਦਾ ਤੋਲ ਵੀ ਸਮਾਨ ਹੋਵੇ ਤਾਂ ਵ੍ਰਿਤੀਨੁਪ੍ਰਾਸ ਹੁੰਦਾ ਹੈ । ਕੁਝ ਉਦਾਹਰਣਾਂ ਪੇਸ਼ ਹਨ :

'ੳ' ਅੱਖਰ ਪਦਾਂ ਦੇ ਅੰਤ ਵਿਚ ਆਉਣ ਨਾਲ—

ਕੀਤਾ ਪਸਾਉ ਏਕੋ ਕਵਾਉ ।
ਤਿਸ ਤੇ ਹੋਏ ਲਖ ਦਰਿਆਉ । (੧੬)

'ੲ' ਅੱਖਰ ਪਦਾਂ ਦੇ ਅੰਤ ਵਿਚ ਆਉਣ ਨਾਲ—

ਥਾਪਿਆ ਨ ਜਾਇ ਕੀਤਾ ਨ ਹੋਇ

ਆਪੇ ਆਪਿ ਨਿਰੰਜਨ ਸੋਇ । (੫)...

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ । (੩੦)



CC-0. In Public Domain. Gurukul Kangri Collection, Haridwar

'ਸ' ਅੱਖਰ ਪਦਾਂ ਦੇ ਅੰਤ ਵਿਚ ਆਉਣ ਨਾਲ—
Digitized by Arya Samaj Foundation Chennai and eGangotri

ਹੈਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ। (੨੭)

'ਨ/ਣ' ਅੱਖਰ ਪਦਾਂ ਦੇ ਅੰਤ ਵਿਚ ਆਉਣ ਨਾਲ—

ਪੰਚ ਪਰਵਾਣ ਪੰਚ ਪਰਧਾਨੁ
ਪੰਚੇ ਪਾਵਹਿ ਦਰਗਾਹਿ ਮਾਨੁ । (੧੬)...

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ । (੩੫)

'ਦ' ਅੱਖਰ ਪਦਾਂ ਦੇ ਅੰਤ ਵਿਚ ਆਉਣ ਨਾਲ—
ਗੁਰਸੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ । (੫)

'ਰ' ਅੱਖਰ ਪਦਾਂ ਦੇ ਅੰਤ ਵਿਚ ਆਉਣ ਨਾਲ—
ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤ ਬਹਿ ਸਰਬ ਸਮਾਲੇ । (੨੭)...

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ । (੩੦)

'ਵ' ਅੱਖਰ ਪਦਾਂ ਦੇ ਅੰਤ ਵਿਚ ਆਉਣ ਨਾਲ—
ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ । (੬)...
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ । (੩੦)

**ਸੁਤੀਨੁਪ੍ਰਾਸ** : ਸਮ-ਅਸਥਾਨ ਦੇ ਵਰਣਾ ਦਾ ਸੰਯੋਗ ਹੋਣ ਨਾਲ ਸੁਤੀਨੁਪ੍ਰਾਸ ਹੁੰਦਾ ਹੈ ਜਿਵੇਂ ਦੋਹੋਠੀ (Bilabial) ਦੰਤ-ਹੋਠੀ (Labi-dental) ਦੰਤੀ (Dental) ਮੂਰਧਨੀ (Retroflex) ਵਰਤਸੀ (Alveolar) ਤਾਲਵੀ (Palatal) ਕੰਠੀ (Velar) ਆਦਿ ਦੁਆਰਾ ਸ਼ਬਦਾਂ ਦਾ ਉੱਚਾਰਣ ।

ਦੁਹੋਠੀ (Bilabial) ਦੁਆਰਾ ਉਚਰੇ ਸ਼ਬਦ ਪ, ਫ, ਬ, ਭ, ਮ, ਪਦਾਂ ਦੇ ਆਦਿ ਵਿਚ ਆਉਣ ਨਾਲ ਉਤਪੰਨ ਸੁਤੀਨੁਪ੍ਰਾਸ :

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ । (੪)
ਸੁਣਿਐ ਪੜਿ ਪੜਿ ਪਾਵਹਿ ਮਾਨੁ । (੧੦)...
ਮੰਨੈ ਸੁਰਤਿ ਹੋਵੈ ਮਨਿ ਬੁਧਿ । (੧੩)...
ਮੰਨੈ ਪਾਵਹਿ ਮੋਖੁ ਦੁਆਰ । (੧੫)...
ਪੰਚ ਪਰਵਾਣ ਪੰਚ ਪਰਧਾਨੁ ਪੰਚੇ ਪਾਵਹਿ ਦਰਗਹਿ ਮਾਨੁ । (੧੬)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੰਤੀ (Dental) ਅੱਖਰਾਂ ਤ, ਥ, ਦ, ਧ, ਨ, ਲ, ਰ, ਦੁਆਰਾ ਉਤਪੰਨ ਸੁਤੀਨੁਪ੍ਰਾਸ :

ਧੌਲੁ ਧਰਮੁ ਦਇਆ ਕਾ ਪੂਤੁ । (੧੬)...

ਤੀਰਥੁ ਤਪੁ ਦਇਆ ਦਤੁ ਦਾਨੁ । (੨੧)...

ਨਾਨਕ ਨਦਰੀ ਕਰਮੀ ਦਾਤਿ । (੨੪)...

ਰਾਤੀ ਰੁਤੀ ਥਿਤੀ ਵਾਰ । (੩੪)

ਤਾਲਵੀ (Palatal) ਅੱਖਰਾਂ ਚ, ਜ, ਯ, ਦੇ ਉੱਚਾਰਣ ਦੁਆਰਾ ਉਤਪੰਨ ਸੁਤੀਨੁਪ੍ਰਾਸ :

ਚੰਗਾ ਨਾਉ ਰਖਾਇ ਕੇ ਜਸੁ ਕੀਰਤਿ ਜਗਿ ਲੇਇ । (੭)

ਕੰਠੀ ਅੱਖਰਾਂ ਕ, ਗ, ਖ, ਘ, ਦੇ ਉੱਚਾਰਣ ਦੁਆਰਾ ਉਤਪੰਨ ਸੁਤੀਨੁਪ੍ਰਾਸ :

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ । (੨੮)...

ਕੇਤੇ ਬਰਮੈ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ । (੩੫)

**ਲਾਟਾਨੁਪ੍ਰਾਸ** : ਜਦ ਪਦਾਂ ਨੂੰ ਉੱਚਾਰਣ ਸਮੇਂ ਕੁਝ ਵਕਫ਼ਾ ਜਾਂ ਕਿਸੇ ਪਦ ਤੇ ਵਿਸ਼ੇਸ਼ ਬਲ ਦੇਣ ਨਾਲ ਇਸ ਦੇ ਅਰਥ ਹੀ ਬਦਲ ਜਾਣ ਤਾਂ ਲਾਟਾਨੁਪ੍ਰਾਸ ਦੀ ਹੋਂਦ ਮੰਨੀ ਜਾਂਦੀ ਹੈ । ਜਪੁਜੀ ਦੀ ਇਸ ਪੰਕਤੀ :

ਗਾਵੈ ਕੋ ਤਾਣੁ ਹੋਵੇ ਕਿਸੇ ਤਾਣੁ । (੩)

ਦਾ ਪਾਠ ਦੋ ਤਰ੍ਹਾਂ ਹੋ ਸਕਦਾ ਹੈ । ਪਹਿਲੇ ਪਾਠ ਅਨੁਸਾਰ :

ਗਾਵੇ ਕੋ, (?) ਤਾਣੁ ਹੋਵੇ ਕਿਸੇ ਤਾਣੁ ।

ਇਸ ਤੋਂ ਇਹ ਅਰਥ ਨਿਕਲਦੇ ਹਨ :

ਵਾਹਿਗੁਰੂ ਨੂੰ ਕੌਣ ਗਾ ਸਕਦਾ ਹੈ ? ਜਿਸ ਨੂੰ ਪਰਮਾਤਮਾ ਰੱਖਿਆ ਦਾ ਬਲ ਪ੍ਰਾਪਤ ਹੈ ।

ਹੁਣ, ਇਸ ਦੇ ਦੂਜੇ ਪਾਠ ਅਨੁਸਾਰ :

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ।

ਇਸ ਪਾਠ ਤੋਂ ਇਹ ਅਰਥ ਨਿਕਲਦੇ ਹਨ ਕਿ ਜਿਸ ਵਿਚ ਵਧੇਰੇ ਬਲ ਹੈ ਉਹ ਪ੍ਰਭੂ ਦੇ ਬਲ ਦੀ ਮਹਿਮਾ ਗਾਉਂਦਾ ਹੈ । ਉੱਚਾਰਣ ਦੇ ਇਸ ਵਕਫ਼ੇ ਨਾਲ ਭਾਵ ਹੀ ਬਦਲ ਜਾਂਦਾ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

**ਅੰਤ ਅਨੁਪ੍ਰਾਸ** : ਜਦ ਕਿਸ ਪੰਕਤੀ ਦੇ ਅਖੀਰਲੇ ਸ਼ਬਦਾਂ ਦਾ ਵਜ਼ਨ ਅਤੇ ਸੁਰ ਮੇਲ ਖਾਂਦਾ ਹੋਵੇ ਤਾਂ ਅੰਤ ਅਨੁਪ੍ਰਾਸ ਹੁੰਦਾ ਹੈ। ਇਸ ਭੇਦ ਦੇ ਇਹ ਰੂਪ ਜਪੁਜੀ ਵਿਚੋਂ ਮਿਲਦੇ ਹਨ।

ਪਹਿਲਾ ਰੂਪ : ਜਦ ਸਾਰੀਆਂ ਤੁਕਾਂ ਦੇ ਅਖੀਰਲੇ ਸ਼ਬਦਾਂ ਦਾ ਇਕੋ ਵਜ਼ਨ ਹੋਵੇ ਅਤੇ ਅਖੀਰਲਾ ਅੱਖਰ ਵੀ ਇਕ ਹੋਵੇ। ਉਦਾਹਰਣ ਲਈ ਜਪੁਜੀ ਵਿਚੋਂ ਇਕ ਪਉੜੀ ਵੇਖੋ :

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ।
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰ।
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।
ਮੁਹੌ ਕਿ ਬੋਲਣ ਬੋਲੀਐ ਜਿਤੁ ਸੁਣਿ ਧਰੇ ਪਿਆਰੁ।
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।
ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ।
ਨਾਨਕ ਏਵੈ ਜਾਣੀਐ ਸਭ ਆਪੇ ਸਚਿਆਰੁ। (੪)

ਦੂਜਾ ਰੂਪ : ਜਦ ਜੁਸਤ ਤੁਕਾਂ—ਅਰਥਾਤ ਦੂਜੀ, ਚੌਥੀ, ਛੇਵੀਂ ਆਦਿ ਦਾ ਮੇਲ ਹੋਵੇ ਜਿਵੇਂ :

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ।
ਨਾਨਕ ਆਖਣਿ ਸਭ ਕੋ ਆਖੈ ਇਕ ਦੂ ਇਕ ਸਿਆਣਾ।
ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ।
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ। (੨੧)

ਤੀਜਾ ਰੂਪ : ਤਾਕ ਤੁਕਾਂ ਦਾ ਤਾਕ ਤੁਕਾਂ ਨਾਲ ਅਤੇ ਜੁਸਤ ਤੁਕਾਂ ਦਾ ਜੁਸਤ ਤੁਕਾਂ ਨਾਲ—ਅਰਥਾਤ ਪਹਿਲੀ, ਤੀਜੀ, ਪੰਜਵੀਂ ਅਤੇ ਦੂਜੀ, ਚੌਥੀ, ਛੇਵੀ ਤੁਕ ਦਾ ਮੇਲ ਹੋਵੇ, ਜਿਵੇਂ ਹੇਠ ਲਿਖੀਆਂ ਪੰਕਤੀਆਂ ਵਿਚ ਹੈ :

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ। (੨੩)

ਚੌਥਾ ਰੂਪ : ਦੋ ਦੋ ਤੁਕਾਂ ਦਾ ਮੇਲ ਹੁੰਦਾ ਹੈ ਅਤੇ ਇਹ ਚਾਲ ਮਸਨਵੀ ਵਾਲੀ ਹੈ। ਜਪੁਜੀ ਵਿਚ ਇਸ ਦੀ ਵਰਤੋਂ ਵਿਆਪਕ ਰੂਪ ਵਿਚ ਕੀਤੀ ਗਈ ਹੈ। ਉਦਾਹਰਣ ਲਈ ਕੁਝ ਪੰਕਤੀਆਂ ਦਰਜ ਹਨ :

ਮੰਨੇ ਕੀ ਗਤਿ ਕਹੀ ਨਾ ਜਾਇ।
ਜੇ ਕੋ ਕਹੈ ਪਿਛੈ ਪਛੁਤਾਇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਗਦਿ ਕਲਮ ਨ ਲਿਖਣਹਾਰੁ ।
ਮੰਨੇ ਕਾ ਬਹਿ ਕਰਨਿ ਵੀਚਾਰੁ ।
ਐਸਾ ਨਾਮੁ ਨਿਰੰਜਨੁ ਹੋਇ ।
ਜੇ ਕੋ ਮੰਨਿ ਜਾਣੈ ਮਨਿ ਕੋਇ । (੧੨)

ਅਨੁਪ੍ਰਾਸ ਦਾ ਜਿਨ੍ਹਾ ਵਿਆਪਕ ਪ੍ਰਯੋਗ ਜਪੁਜੀ ਵਿਚ ਹੋਇਆ ਹੈ, ਸ਼ਾਇਦ ਹੀ ਕਿਸੇ ਹੋਰ ਕਾਵਿ-ਰਚਨਾ ਵਿਚ ਮਿਲ ਸਕੇ । ਜਪੁਜੀ ਦੇ ਹਰ ਸ਼ਬਦ ਤੇ ਹਰ ਪੰਕਤੀ 'ਚੋਂ ਕਿਸੇ ਅਲੌਕਿਕ ਧੁਨ ਦੀ ਗੂੰਜ ਸੁਣਾਈ ਦੇ ਰਹੀ ਹੈ । ਸ਼ਬਦਾਂ ਦੀ ਇਹ ਅਦੁਭੁਤ ਜੜਤ ਗੁਰੂ ਨਾਨਕ ਦੇਵ ਜੀ ਦੀ ਮਹਾਨ ਕਲਾ-ਕੁਸ਼ਲਤਾ ਦੀ ਸੂਚਿਕ ਹੈ ।

## ਪੁਨਰੁਕਤੀ ਅਲੰਕਾਰ

ਜਦ ਕਿਸੇ ਕਾਵਿ-ਰਚਨਾ ਦੇ ਕਿਸੇ ਵਾਕ ਵਿਚ ਪੁਨਰ ਰੁਕਤੀ (ਪੁਨਰ+ਉਕਤੀ= ਦੁਬਾਰਾ ਕਹੀ) ਦਾ ਝਉਲਾ ਪਵੇ ਪਰ ਅਸਲ ਵਿਚ ਕੋਈ ਪੁਨਰੁਕਤੀ ਨਾ ਹੋਵੇ ਤਾਂ ਪੁਨਰੁਕਤੀ ਅਲੰਕਾਰ ਦੀ ਹੋਂਦ ਮੰਨੀ ਜਾਂਦੀ ਹੈ, ਜਿਵੇਂ :

ਚੰਗਾ ਨਾਉ ਰਖਾਇਕੈ ਜਗੁ ਕੀਰਤਿ ਜਗਿ ਲੇਇ । (੭)

ਇਥੇ ਕੀਰਤਿ ਦਾ ਅਰਥ ਚਰਚਾ ਜਾਂ ਸੁਹਰਤ ਹੈ, ਇਸ ਲਈ ਇਹ ਕੋਈ ਪੁਨਰੁਕਤੀ ਨਹੀਂ ।

## ਅਰਥ ਅਲੰਕਾਰ

ਜਪੁਜੀ ਵਿਚ ਨਿਰਾ ਸ਼ਬਦਾਂ ਦਾ ਚਮਤਕਾਰ ਤੇ ਸੁਹਜ ਹੀ ਨਹੀਂ ਅਰਥਾਂ ਦੀ ਖ਼ੂਬਸੂਰਤੀ ਵੀ ਹੈ ਜੋ ਅਰਥ ਅਲੰਕਾਰ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ । ਅਰਥ ਅਲੰਕਾਰ ਦੇ ਬਹੁਤ ਸਾਰੇ ਭੇਦ ਉਪਭੇਦ ਇਸ ਅਦੁੱਤੀ ਕਾਵਿ ਰਚਨਾ ਵਿਚ ਵਿਦਮਾਨ ਹਨ । ਅਰਥ ਅਲੰਕਾਰ ਦਾ ਪ੍ਰਮੁੱਖ ਭੇਦ 'ਉਪਮਾ' ਹੈ ਪਰ ਇਸ ਦੀ ਕੋਈ ਉਦਾਹਰਣ ਜਪੁਜੀ ਵਿਚੋਂ ਨਹੀਂ ਮਿਲਦੀ ਜਿਸ ਦਾ ਕਾਰਨ ਇਹ ਹੈ ਕਿ ਗੁਰੂ ਜੀ ਨੇ ਜਪੁਜੀ ਵਿਚ ਆਪਣੇ ਵਿਚਾਰਾਂ ਨੂੰ ਵਿਸਤਾਰ ਨਹੀਂ ਦਿੱਤਾ ਸਗੋਂ ਬੜੇ ਸੰਕੋਚ ਅਤੇ ਸੰਜਮ ਤੋਂ ਕੰਮ ਲਿਆ ਹੈ । ਉਨ੍ਹਾਂ ਨੇ ਬੜੇ ਥੋੜ੍ਹੇ ਸ਼ਬਦਾਂ ਵਿਚ ਬਹੁਤ ਸਾਰੇ ਮਹਾਨ ਭਾਵਾਂ ਨੂੰ ਅਭਿਵਿਅਕਤ ਕਰਨ ਦਾ ਯਤਨ ਕੀਤਾ ਹੈ ਪਰ ਉਪਮਾ ਦੀ ਵਰਤੋਂ ਨਾਲ ਅਜਿਹਾ ਸੰਭਵ ਨਹੀਂ ਸੀ, ਇਸੇ ਲਈ ਗੁਰੂ ਜੀ ਨੇ ਉਪਮਾ ਦੀ ਥਾਂ ਰੂਪਕ ਦੀ ਵਰਤੋਂ ਕੀਤੀ ਹੈ ਜੋ ਉਪਮਾ ਦਾ ਸੰਕੁਚਿਤ ਰੂਪ ਹੈ ।

ਹੁਣ ਅਸੀਂ ਅਰਥ ਅਲੰਕਾਰਾਂ, ਜੋ ਜਪੁਜੀ ਦਾ ਸ਼ਿੰਗਾਰ ਹਨ, ਦਾ ਵਿਸ਼ਲੇਸ਼ਣ ਉਨ੍ਹਾਂ ਦੇ ਭੇਦਾਂ ਉਪਭੇਦਾਂ ਅਨੁਸਾਰ ਕਰਨ ਦਾ ਯਤਨ ਕਰਦੇ ਹਾਂ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਰੂਪਕ ਅਲੰਕਾਰ

ਜਦ ਉਪਮੇਯ ਨੂੰ ਉਪਮਾਨ ਵਿਚ ਅਭੇਦ ਸਮਝ ਲਿਆ ਜਾਵੇ ਤਾਂ ਰੂਪਕ ਅਲੰਕਾਰ ਹੁੰਦਾ ਹੈ। ਇਹ ਇਕ ਅਰਥ ਅਲੰਕਾਰ ਹੈ ਅਤੇ ਇਸ ਦੇ ਉਪ-ਭੇਦ ਹਨ —ਸਮ-ਰੂਪਕ, ਵਿਸ਼ੇਸ਼-ਰੂਪਕ ਤੇ ਨਯੂਨਤਾ ਰੂਪਕ। ਜਪੁਜੀ ਵਿਚ ਸਮ-ਰੂਪਕ ਦੀ ਵਰਤੋਂ ਕੀਤੀ ਗਈ ਹੈ ਜੋ ਉਪਮੇਯ ਨੂੰ ਉਪਮਾਨ ਦੇ ਸਮਾਨ ਰੱਖਣ ਨਾਲ ਹੋਂਦ ਵਿਚ ਆਉਂਦਾ ਹੈ, ਜਿਵੇਂ :

ਮੁੰਦਾ ਸੰਤੋਖ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ। (੨੮)

ਜੋਗ-ਮੱਤ ਦੇ ਪ੍ਰਚਲਤ ਭੇਖਾਂ ਦਾ ਖੰਡਨ ਕਰਦਿਆਂ ਗੁਰੂ ਜੀ ਨੇ ਇਨ੍ਹਾਂ ਰੂਪਕਾਂ ਦੁਆਰਾ ਜੋਗ ਦਾ ਸਹੀ ਰਾਹ ਦੱਸਿਆ ਹੈ ਅਰਥਾਤ ਅਸਲ ਜੋਗੀ ਉਹ ਹੈ ਜੋ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇ, ਮਿਹਨਤ ਨੂੰ ਖੱਪਰ ਤੇ ਝੋਲੀ ਅਤੇ ਪ੍ਰਭੂ ਦੇ ਧਿਆਨ ਦੀ ਸੁਆਹ ਮਲੇ। ਮੌਤ ਦਾ ਡਰ ਗੋਦੜੀ ਹੋਵੇ, ਸਰੀਰ ਨੂੰ ਵਿਸ਼ੇ-ਵਿਕਾਰਾਂ ਤੋਂ ਬਚਾ ਰੱਖਣਾ ਜੋਗ ਮੱਤ ਦੀ ਰਹਿਤ ਹੋਵੇ ਅਤੇ ਸ਼ਰਧਾ ਨੂੰ ਡੰਡਾ ਬਣਾਇਆ ਜਾਵੇ।

ਇਸੇ ਪ੍ਰਸੰਗ 'ਚ ਵਰਤੇ ਕੁਝ ਹੋਰ ਰੂਪਕ :

ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ।
ਆਪ ਨਾਥੁ ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ। (੨੯)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਜੀ ਨੇ ਆਤਮਕ ਜੋਗ ਦੀਆਂ ਉੱਤਮ ਰਹੁ ਰੀਤਾਂ ਨੂੰ ਰੂਪਕਾਂ ਦੁਆਰਾ ਬੜੇ ਸੁਚੱਜੇ ਢੰਗ ਨਾਲ ਰੂਪਮਾਨ ਕੀਤਾ ਹੈ।

ਇਸੇ ਤਰ੍ਹਾਂ ਗੁਰੂ ਜੀ ਨੇ ਉੱਚੀ ਆਤਮਕ ਅਵਸਥਾ ਨੂੰ ਪਹਾਰਾ (ਦੁਕਾਨ) ਸੁਨਿਆਰ, ਅਹਿਰਣ, ਹਥੌੜਾ, ਧੌਂਕਣੀ, ਕੁਠਾਲੀ, ਆਦਿ ਰੂਪਕਾਂ ਦੁਆਰਾ ਅਭਿਵਿਅਕਤ ਕੀਤਾ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ।
ਅਹਰਣਿ ਮਤਿ ਵੇਦੁ ਹਥਿਆਰੁ।
ਭਉ ਖਲਾ ਅਗਨਿ ਤਪਤਾਉ।
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ।
ਘੜੀਐ ਸਬਦੁ ਸਚੀ ਟਕਸਾਲ। (੩੮)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਪੁਜੀ ਦੇ ਸਲੋਕ ਵਿਚ ਬੜੇ ਸੁੰਦਰ ਰੂਪਕ ਵਰਤੇ ਗਏ ਹਨ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।
ਦਿਵਸ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ । (ਸਲੋਕ)

ਇਨ੍ਹਾਂ ਸਤਰਾਂ ਵਿਚ ਪ੍ਰਾਣਾਂ ਨੂੰ ਗੁਰੂ, ਪਾਣੀ ਨੂੰ ਪਿਤਾ, ਧਰਤੀ ਨੂੰ ਮਾਂ ਅਤੇ ਦਿਨ-ਰਾਤ ਨੂੰ ਖਿਡਾਵੀ ਤੇ ਖਿਡਾਵੇ ਦੇ ਸਮਰੂਪ ਸਮਝਿਆ ਗਿਆ ਹੈ ਜਿਨ੍ਹਾਂ ਦੀ ਗੋਦ ਵਿਚ ਸੰਸਾਰ-ਰੂਪੀ ਬਾਲ ਖੇਡ ਰਿਹਾ ਹੈ। ਰੂਪਕਾਂ ਦੀ ਇਹ ਜੜਤ ਅਨੂਪਮ ਹੈ ਜਿਨ੍ਹਾਂ ਦੁਆਰਾ ਸਮੁੱਚੇ ਜਗਤ ਨੂੰ ਇਕ ਰੰਗ-ਭੂਮੀ ਦੇ ਰੂਪ ਵਿਚ ਚਿਤ੍ਰਿਆ ਗਿਆ ਹੈ ।

ਸਮੁੱਚੇ ਤੌਰ ਤੇ ਜਪੁਜੀ ਵਿਚ ਵਰਤੇ ਰੂਪਕ ਨਵੀਨ, ਅਛੋਹ ਅਤੇ ਅਨੂਠੇ ਹਨ ।

## ਦ੍ਰਿਸ਼ਟਾਂਤ ਅਲੰਕਾਰ

ਜਦ ਕਿਸੇ ਭਾਵ ਜਾਂ ਵਸਤੂ ਦਾ ਪੂਰਾ ਗਿਆਨ ਕਰਵਾਉਣ ਲਈ ਉਸ ਦੇ ਸਮਾਨ ਕਿਸੇ ਪ੍ਰਕ੍ਰਿਆ ਜਾਂ ਵਸਤੂ ਦਾ ਵਰਣਨ ਕੀਤਾ ਜਾਵੇ ਅਰਥਾਤ ਉਪਮੇਯ ਦੀ ਪ੍ਰਤੀਬਿੰਬ ਰੂਪ ਵਿਚ ਉਦਾਹਰਣ ਦਿੱਤੀ ਜਾਵੇ ਤਾਂ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ । ਜਪੁਜੀ ਵਿਚੋਂ ਇਸ ਦੀ ਇਕ ਵਧੀਆ ਉਦਾਹਰਣ ਪੇਸ਼ ਕੀਤੀ ਜਾ ਸਕਦੀ ਹੈ :

ਭਰੀਐ ਹਥੁ ਪੈਰ ਤਨੁ ਦੇਹ ।
ਪਾਣੀ ਧੋਤੈ ਉਤਰਸੁ ਖੇਹ ।
ਮੂਤ ਪਲੀਤੀ ਕਪੜੁ ਹੋਇ ।
ਦੇ ਸਾਬੂਣੁ ਲਈਐ ਓਹੁ ਧੋਇ ।
ਭਰੀਐ ਮਤਿ ਪਾਪਾ ਕੈ ਸੰਗਿ ।
ਓਹੁ ਧੋਪੈ ਨਾਵੈ ਕੈ ਰੰਗਿ । (੨੦)

ਇਨ੍ਹਾਂ ਸਤਰਾਂ ਵਿਚ ਗੁਰੂ ਜੀ ਨੇ ਬੁੱਧੀ ਤੋਂ ਪਾਪਾਂ ਦੀ ਮੈਲ ਪਰਮਾਤਮਾ ਦੇ ਨਾਂ ਦੁਆਰਾ ਧੋਣ ਲਈ ਦੋ ਉਦਾਹਰਣਾਂ ਪੇਸ਼ ਕੀਤੀਆਂ ਹਨ ਅਰਥਾਤ ਹੱਥਾਂ-ਪੈਰਾਂ ਦੀ ਮੈਲ ਪਾਣੀ ਨਾਲ ਉਤਰ ਜਾਂਦੀ ਹੈ, ਮੂਤ-ਪਲੀਤੀ ਹੋਏ ਕੱਪੜੇ ਨੂੰ ਸਾਬਣ ਨਾਲ ਧੋ ਕੇ ਸਾਫ਼ ਕੀਤਾ ਜਾ ਸਕਦਾ ਹੈ, ਇਸੇ ਤਰ੍ਹਾਂ ਪਾਪਾਂ ਨਾਲ ਮਲੀਨ ਹੋਈ ਬੁੱਧ ਪਰਮਾਤਮਾ ਦੇ ਨਾਂ ਨਾਲ ਪਵਿੱਤਰ ਕੀਤੀ ਜਾ ਸਕਦੀ ਹੈ ।

## ਪ੍ਰਸ਼ਨੋਤਰ ਅਲੰਕਾਰ

ਜਿਸ ਸਮੇਂ ਕਵਿਤਾ ਵਿਚ ਪ੍ਰਸ਼ਨ-ਉੱਤਰ ਦਾ ਕ੍ਰਮ ਹੋਵੇ ਤਾਂ ਪ੍ਰਸ਼ਨੋਤਰ ਅਲੰਕਾਰ ਹੁੰਦਾ ਹੈ। ਪਹਿਲਾਂ ਕਵੀ ਪ੍ਰਸ਼ਨ ਕਰਦਾ ਹੈ ਜਿਸ ਨਾਲ ਪਾਠਕ ਦੇ ਮਨ ਵਿਚ ਕੁਝ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਣਨ ਦੀ ਜਗਿਆਸਾ ਜਾਗ ਪੈਂਦੀ ਹੈ, ਤੇ ਫਿਰ ਕਵੀ ਆਪ ਹੀ ਉੱਤਰ ਦਿੰਦਾ ਹੈ। ਜਪੁਜੀ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦੀ ਅਭਿਅਕਤੀ ਲਈ ਇਹ ਵਿਧੀ ਵੀ ਅਪਣਾਈ ਹੈ :

ਪ੍ਰਸ਼ਨ ਹੈ—

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲ। (੧)

ਅਰਥਾਤ ਸੱਚ ਦਾ ਧਾਰਨੀ ਕਿਵੇਂ ਬਣੀਦਾ ਹੈ ਤੇ ਕੂੜ ਦੀ ਕੰਧ ਕਿਵੇਂ ਢਹਿ ਸਕਦੀ ਹੈ ? ਇਸ ਦਾ ਉੱਤਰ ਹੈ :

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ। (੧)

ਅਰਥਾਤ, ਪਰਮਾਤਮਾ ਦੀ ਰਜਾ ਵਿਚ ਚਲਣ ਨਾਲ ਕਿਉਂਕਿ ਇਹ ਵਿਧੀ ਆਦਿ ਕਾਲ ਤੋਂ ਹੀ ਲਿਖੀ ਹੋਈ ਹੈ।

ਪ੍ਰਸ਼ਨ ਹੈ—

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।
ਮੂਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ। (੪)

ਇਸ ਪ੍ਰਸ਼ਨ ਵਿਚ ਪ੍ਰਭੂ ਦੇ ਦਰਬਾਰ ਦੇ ਦਰਸ਼ਨਾਂ ਅਤੇ ਉਸ ਦੇ ਪ੍ਰੇਮ ਦੇ ਪਾਤਰ ਬਣਨ ਦੀ ਵਿਧੀ ਪੁੱਛੀ ਗਈ ਹੈ ਜਿਸ ਦਾ ਉੱਤਰ ਇਸ ਤਰ੍ਹਾਂ ਦਿੱਤਾ ਗਿਆ ਹੈ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ। (੪)

ਜਪੁਜੀ ਵਿਚ ਇਕ ਹੋਰ ਪ੍ਰਸ਼ਨ ਸੰਸਾਰ ਦੀ ਉਤਪਤੀ ਬਾਰੇ ਹੈ :

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ। (੨੧)

ਇਸ ਪ੍ਰਸ਼ਨ ਦੇ ਉੱਤਰ ਵਿਚ ਦੱਸਿਆ ਗਿਆ ਹੈ ਕਿ ਪਰਮਾਤਮਾ ਤੋਂ ਬਿਨਾ ਹੋਰ ਕੋਈ ਵੀ ਇਹ ਜਾਨਣ ਦੇ ਸਮਰੱਥ ਨਹੀਂ :

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖ ਪੁਰਾਣੁ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ।
ਜਾ ਕਰਤਾ ਸਿਰਠੀ ਕਉ ਸਾਜੈ ਆਪੇ ਜਾਣੈ ਸੋਈ । (੨੧)

ਫਿਰ ਪ੍ਰਸ਼ਨ ਕੀਤਾ ਗਿਆ ਹੈ :

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ।
ਨਾਨਕ ਆਖਣਿ ਸਭ ਕੋ ਆਖੈ ਇਕ ਦੂ ਇਕੁ ਸਿਆਣਾ । (੨੧)

ਅਰਥਾਤ, ਮੈਂ ਪਰਮਾਤਮਾ ਦੀ ਸਿਫਤ-ਸਲਾਹ ਕਿਵੇਂ ਕਰਾਂ, ਕਿਵੇਂ ਉਸ ਦਾ ਵਰਣਨ ਕਰਾਂ ਅਤੇ ਕਿਵੇਂ ਉਸ ਨੂੰ ਸਮਝਾਂ ਕਿਉਂਕਿ ਹਰ ਇਕ ਜੀਵ ਆਪਣੇ ਆਪ ਨੂੰ ਦੂਜੇ ਤੋਂ ਸਿਆਣਾ ਸਮਝ ਕੇ ਉਸ ਪ੍ਰਭੂ ਦੀ ਵਡਿਆਈ ਦਸ ਰਿਹਾ ਹੈ । ਇਸ ਸ਼ੰਕੇ ਦੀ ਨਵਿਰਤੀ ਲਈ ਉਤਰ ਹੈ :

ਵਡਾ ਸਾਹਿਬ ਵਡੀ ਨਾਈ ਕੀਤਾ ਜਾ ਕਾ ਹੋਵੈ ।
ਨਾਨਕ, ਜੇ ਕੋ ਆਪੇ ਜਾਣੈ, ਅਗੈ ਗਇਆ ਨ ਸੋਹੈ । (੨੧)

ਅਰਥਾਤ, ਪਰਮਾਤਮਾ ਹੀ ਸਭ ਤੋਂ ਵੱਡਾ ਹੈ, ਉਸ ਦੀ ਵਡਿਆਈ ਉੱਚੀ ਹੈ ਅਤੇ ਸੰਸਾਰ ਵਿਚ ਉਸੇ ਦਾ ਕੀਤਾ ਸਭ ਕੁਝ ਹੋ ਰਿਹਾ ਹੈ । ਜੋ ਮਨੁੱਖ ਆਪਣੀ ਅਕਲ ਦੁਆਰਾ ਉਸ ਦੀ ਵਡਿਆਈ ਦਾ ਅੰਤ ਪਾਉਣ ਦਾ ਯਤਨ ਕਰਦਾ ਹੈ ਉਹ ਪਰਮਾਤਮਾ ਦੇ ਦਰ ਤੇ ਇੱਜ਼ਤ ਨਹੀਂ ਪਾਉਂਦਾ ।

ਪ੍ਰਸ਼ਨ-ਉੱਤਰ ਦੀ ਇਹ ਪ੍ਰਕ੍ਰਿਆ ਪ੍ਰਸ਼ਨੋਤਰ ਅਲੰਕਾਰ ਦੀ ਸਿਰਜਨਾ ਕਰਨ ਵਿਚ ਪੂਰਨਭਾਂਤ ਸਹਾਇਕ ਹੈ ਅਤੇ ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਕਾਸ਼ਨ ਬੜੀ ਕਲਾਪੂਰਨ ਵਿਧੀ ਦੁਆਰਾ ਕੀਤਾ ਹੈ ।

## ਦੀਪਕ ਅਲੰਕਾਰ

ਜਦ ਉਪਮੇਯ ਅਤੇ ਉਪਮਾਨਾ ਦਾ ਇਕੋ ਪਦ ਹੀ ਪ੍ਰਕਾਸ਼ਨ ਕਰੇ ਤਾਂ ਦੀਪਕ ਅਲੰਕਾਰ ਹੁੰਦਾ ਹੈ। ਇਸ ਦੇ ਚਾਰ ਉਪਭੇਦ ਹਨ—ਕਾਰਨ ਦੀਪਕ, ਮਾਲਾ ਦੀਪਕ, ਆਵ੍ਰਿਤੀ ਦੀਪਕ ਅਤੇ ਦੇਹਲੀ ਦੀਪਕ । ਜਪੁਜੀ ਵਿਚ ਮਾਲਾ ਦੀਪਕ ਅਤੇ ਦੇਹਲੀ ਦੀਪਕ ਦੀ ਵਰਤੋਂ ਕੀਤੀ ਗਈ ਹੈ ।

**ਮਾਲਾ ਦੀਪਕ** : ਜਦ ਪਹਿਲੀ ਕਹੀ ਗਈ ਵਸਤੂ ਹੀ ਪਿੱਛਲੀ ਵਸਤੂ ਦੀ ਸਹਾਇਤਾ ਕਰਨ ਦੇ ਲਈ ਯਥਾ ਕ੍ਰਮ ਅਨੁਸਾਰ ਹੀ ਕਹੀ ਜਾਵੇ ਤਾਂ ਮਾਲਾ ਦੀਪਕ ਹੁੰਦਾ ਹੈ, ਜਿਵੇਂ :

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ । (੩੨)

**ਦੇਹਲੀ ਦੀਪਕ :** ਜਿਵੇਂ ਦੇਹਲੀ ਤੇ ਰੱਖਿਆ ਦੀਵਾ ਅੰਦਰ ਅਤੇ ਬਾਹਰ ਦੋਹੀਂ ਪਾਸੀਂ ਚਾਨਣ ਕਰਦਾ ਹੈ ਇਸੇ ਤਰ੍ਹਾਂ ਕਿਸੇ ਕਾਵਿ-ਪੰਕਤੀ ਵਿਚ ਜੋ ਇਕੋ ਸ਼ਬਦ ਪਹਿਲੇ ਅਤੇ ਪਿੱਛਲੇ ਦੋਹਾਂ ਪਦਾਂ ਨੂੰ ਪ੍ਰਕਾਸ਼ੇ ਤਾਂ ਦੇਹਲੀ ਦੀਪਕ ਅਲੰਕਾਰ ਹੁੰਦਾ ਹੈ, ਜਿਵੇਂ :

ਧਰਤੀ ਹੋਰੁ ਪਰੇ ਹੋਰੁ ਹੋਰੁ । (੧੬)...
ਪਾਤਾਲਾ ਪਾਤਾਲ ਲਖ ਆਗਾਸਾ ਆਗਾਸ । (੨੨)

ਇਹਨਾਂ ਪੰਕਤੀਆਂ ਵਿਚ 'ਪਰੇ' ਅਤੇ 'ਲਖ' ਆਪਣੇ ਅਗਲੇ ਅਤੇ ਪਿੱਛਲੇ ਦੋਹਾਂ ਪਦਾਂ ਨੂੰ ਪ੍ਰਕਾਸ਼ਦੇ ਹਨ ।

## ਉਲੇਖ ਅਲੰਕਾਰ

ਜਦ ਕਵੀ ਇਕ ਹੀ ਵਸਤੂ ਦੀ ਆਪਣੀ ਭਾਵਨਾ ਅਨੁਸਾਰ ਵੱਖ ਵੱਖ ਰੂਪਾਂ ਵਿਚ ਕਲਪਨਾ ਕਰੇ ਤਾਂ ਉਲੇਖ ਅਲੰਕਾਰ ਹੁੰਦਾ ਹੈ । ਜਪੁਜੀ ਵਿਚ ਇਸ ਦੀਆਂ ਅਨੇਕਾਂ ਉਦਾਹਰਣਾ ਮਿਲਦੀਆਂ ਹਨ । ਜਿਵੇਂ 'ਪੰਚ' ਦਾ ਉਲੇਖ ਕੀਤਾ ਹੈ :

ਪੰਚ ਪਰਵਾਣ ਪੰਚ ਪਰਧਾਨੁ ।
ਪੰਚੇ ਪਾਵਹਿ ਦਰਗਹਿ ਮਾਨੁ ।
ਪੰਚੇ ਸੋਹਹਿ ਦਰਿ ਰਾਜਾਨੁ ।
ਪੰਚਾ ਕਾ ਗੁਰੁ ਏਕ ਧਿਆਨੁ । (੧੬)

ਇਸੇ ਤਰ੍ਹਾਂ ਗੁਰਮੁਖ ਤੇ 'ਗੁਰੂ' ਦਾ ਉਲੇਖ ਵੇਖੋ :

ਗੁਰਮੁਖਿ ਨਾਦੰ ਗੁਰਮੁਖਿ ਵੇਦੰ
ਗੁਰਮੁਖਿ ਰਹਿਆ ਸਮਾਈ ।
ਗੁਰੁ ਈਸਰੁ ਗੁਰੁ ਗੋਰਖੁ ਬਰਮਾ
ਗੁਰੁ ਪਾਰਬਤੀ ਮਾਈ । (੫)

ਇਸੇ ਤਰ੍ਹਾਂ ਹੁਕਮ (ਪਉੜੀ 2), ਗਾਵੈ (ਪਉੜੀ 3), ਸੁਣਿਐ (ਪਉੜੀ 8, 9, 10, 11), ਮੰਨੈ (ਪਉੜੀ 12, 13, 14, 15,), ਅਸੰਖ (ਪਉੜੀ 17, 18, 19,), ਅਖਰੀ (ਪਉੜੀ 19), ਅੰਤ (ਪਉੜੀ 24), ਕੇਤੇ (ਪਉੜੀ 24), ਅਮੁਲ (ਪਉੜੀ 27), ਆਖਹਿ (ਪਉੜੀ 26), ਗਾਵਹਿ/ਗਾਵਨਿ (ਪਉੜੀ 27) ਆਦਿ ਸ਼ਬਦਾਂ ਦਾ ਉਲੇਖ ਜਪੁਜੀ ਵਿਚ ਕੀਤਾ ਗਿਆ ਹੈ । ਇਸ ਦਾ ਵਿਸਤਾਰ ਪੂਰਬਕ ਵਰਣਨ ਇਥੇ ਸੰਭਵ ਨਹੀਂ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਵਕ੍ਰੋਕਤੀ ਅਲੰਕਾਰ

ਸਿੱਧੇ ਕਥਨ ਤੋਂ ਜਿੱਥੇ ਤਾਨੇ ਨਾਲ ਉਸ ਦਾ ਉਲਟਾ ਭਾਵ ਪ੍ਰਗਟ ਹੋਵੇ ਤਾਂ ਵਕ੍ਰੋਕਤੀ ਅਲੰਕਾਰ ਹੁੰਦਾ ਹੈ। 'ਕਾਕੁਕਤੀ' ਇਸ ਅਲੰਕਾਰ ਦਾ ਉਪਭੇਦ ਹੈ ਜਿਸ ਵਿਚ ਧੁਨੀ ਦੇ ਦਬਾਉ ਨਾਲ ਪਦਾਂ ਤੋਂ ਵਿਰੁੱਧ ਅਰਥ ਨਿਕਲਦੇ ਹਨ, ਜਿਵੇਂ :

ਤੀਰਥਿ ਨਾਵਾ ਜੇ ਤਿਸੁ ਭਾਵਾ
ਵਿਣ ਭਾਣੇ ਕਿ ਨਾਇ ਕਰੀ।
ਜੇਤੀ ਸਿਰਠਿ ਉਪਾਈ ਵੇਖਾ
ਵਿਣੁ ਕਰਮਾ ਕਿ ਮਿਲੈ ਲਈ। (੬)

## ਸੰਭਾਵਨਾ ਅਲੰਕਾਰ

ਜੇ ਇਸ ਤਰ੍ਹਾਂ ਹੋਵੇ, ਇਹ ਹੋ ਸਕਦਾ ਹੈ, ਜੇ ਇੰਜ ਹੋਵੇ ਤਾਂ ਇਸ ਤਰ੍ਹਾਂ ਹੋ ਸਕਦਾ ਹੈ, ਆਦਿ ਪਦਾਂ ਦਾ ਪ੍ਰਯੋਗ ਕਰਕੇ ਕੁਝ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਜਾਵੇ ਤਾਂ ਸੰਭਾਵਨਾ ਅਲੰਕਾਰ ਹੁੰਦਾ ਹੈ। ਜਪੁਜੀ ਦੀਆਂ ਇਨ੍ਹਾਂ ਸਤਰਾਂ 'ਚ ਇਸ ਅਲੰਕਾਰ ਦੀ ਹੋਂਦ ਵੇਖੀ ਜਾ ਸਕਦੀ ਹੈ :

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (੨)...

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥
ਨਵਾ ਖੰਡਾ ਵਿਚ ਜਾਣੀਐ ਨਾਲਿ ਚਲੈ ਸਭੁ ਕੋਇ।
ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ।
ਜੇ ਤਿਸ ਨਦਰਿ ਨ ਆਵਈ ਤ ਵਾਤ ਨ ਪੁਛੈ ਕੇਇ। (੭)...

## ਵਿਸ਼ੇਸ਼ੋਕਤੀ ਅਲੰਕਾਰ

ਜਦ ਕਾਰਣ ਦੇ ਹੁੰਦਿਆਂ ਵੀ ਕਾਰਜ ਨਾ ਹੋਣ ਦਾ ਵਰਣਨ ਕੀਤਾ ਜਾਵੇ ਤਾਂ ਵਿਸ਼ੇਸ਼ੋਕਤੀ ਅਲੰਕਾਰ ਦੀ ਹੋਂਦ ਮੰਨੀ ਜਾਂਦੀ ਹੈ, ਜਿਵੇਂ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ।
ਭੁਖਿਆ ਭੁਖ ਨ ਉਤਰੇ ਜੇ ਬੰਨਾ ਪੁਰੀਆ ਭਾਰ। (੧)

ਉਪਰੋਕਤ ਪੰਕਤੀਆਂ ਵਿਚ ਕਾਰਣ ਤਾਂ ਹਨ ਪਰ ਕਾਰਜ ਨਹੀਂ, ਦਾ ਵਰਣਨ ਕੀਤਾ ਗਿਆ ਹੈ, ਇਸ ਲਈ ਇਹ ਵਿਸ਼ੇਸ਼ੋਕਤੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਮੁਦ੍ਰਾ ਅਲੰਕਾਰ

ਪ੍ਰਕਰਣ ਅਨੁਸਾਰ ਕਿਸੇ ਪਦ ਨੂੰ ਕਹਿਣ ਸਮੇਂ ਕਿਸੇ ਹੋਰ ਅਰਥ ਦਾ ਬੋਧ ਵੀ ਕਰਵਾਏ ਤਾਂ ਮੁਦ੍ਰਾ ਅਲੰਕਾਰ ਹੁੰਦਾ ਹੈ। ਇਸ ਦੇ ਇਕ ਉਪ-ਭੇਦ ਅਨੁਸਾਰ ਕਿਰਿਆ ਦੇ ਵਰਣਨ ਦੁਆਰਾ ਹੀ ਕਰਤਾ ਦਾ ਬੋਧ ਕਰਵਾ ਦਿੱਤਾ ਜਾਂਦਾ ਹੈ, ਜਿਵੇਂ :

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ।
ਇਕ ਸੰਸਾਰੀ ਇਕ ਭੰਡਾਰੀ
ਇਕ ਲਾਏ ਦੀਬਾਣੁ। (੩੦)

ਇਨ੍ਹਾਂ ਸਤਰਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਮਾਇਆ ਦੇ ਤਿੰਨ ਪੁਤਰਾਂ (ਲੋਕ ਧਾਰਨਾ ਅਨੁਸਾਰ) ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀਆਂ ਸ਼ਕਤੀਆਂ ਦਾ ਉਨ੍ਹਾਂ ਦੀਆਂ ਸੰਸਾਰ ਰਚਨਾ, ਪਾਲਣ ਅਤੇ ਲੈ ਕਰਨ ਦੀ ਕਿਰਿਆ ਦੇ ਵਰਣਨ ਦੁਆਰਾ ਬੋਧ ਕਰਵਾਇਆ ਹੈ।

## ਕਾਰਣ ਮਾਲਾ ਅਲੰਕਾਰ

ਕਾਰਣ ਅਤੇ ਕਾਰਜ ਦੀ ਪਰੰਪਰਾ ਅਰਥਾਤ ਕਾਰਣ ਤੋਂ ਉਪਜਿਆ ਕਾਰਜ ਕਿਸੇ ਹੋਰ ਕਾਰਜ ਦਾ ਕਾਰਣ ਵਰਣਨ ਕਰਨਾ 'ਕਾਰਣਮਾਲਾ' ਅਲੰਕਾਰ ਹੈ। ਉਦਾਹਰਣ ਵੇਖੋ :

ਸੁਣਿਆ ਮੰਨਿਆ ਮਨਿ ਕੀਤਾ ਭਾਉ।
ਅੰਤਰਿਗਤਿ ਤੀਰਥ ਮਲਿ ਨਾਉ। (੨੧)

## ਪਰਿਵ੍ਰਿਤ ਅਲੰਕਾਰ

ਜਦ ਘੱਟ ਵਸਤੂ ਤੋਂ ਵਧੇਰੇ ਪ੍ਰਾਪਤੀ ਦਾ ਜਾਂ ਵਧ ਵਸਤੂ ਤੋਂ ਘੱਟ ਪ੍ਰਾਪਤੀ ਦਾ ਵਰਣਨ ਹੋਵੇ ਤਾਂ ਪਰਿਵ੍ਰਿਤ ਅਲੰਕਾਰ ਹੁੰਦਾ ਹੈ। ਇਸ ਦੇ ਦੂਜੇ ਰੂਪ, ਬਹੁਤਾ ਦੇ ਕੇ ਘੱਟ ਪ੍ਰਾਪਤੀ ਦੀ ਉਦਾਹਰਣ ਜਪੁਜੀ ਵਿਚ ਵਿਦਮਾਨ ਹੈ, ਜਿਵੇਂ :

ਤੀਰਥ ਤਪੁ ਦਇਆ ਦਤੁ ਦਾਨੁ।
ਜੇ ਕੋ ਪਾਵੈ ਤਿਲ ਕਾ ਮਾਨੁ। (੨੧)

## ਕਾਵਿਲਿੰਗ ਅਲੰਕਾਰ

ਯੁਕਤੀ ਦੁਆਰਾ ਕਾਵਿ ਵਿਚ ਪ੍ਰਗਟ ਅਰਥਾਂ ਦੀ ਪੁਸ਼ਟੀ ਕਰਨਾ ਕਾਵਿਲਿੰਗ



CC-0. In Public Domain. Gurukul Kangri Collection, Haridwar

ਅਲੰਕਾਰ ਹੈ, ਜਿਵੇਂ :
Digitized by Arya Samaj Foundation Chennai and eGangotri

ਥਾਪਿਆ ਨ ਜਾਇ ਕੀਤਾ ਨ ਹੋਇ ।
ਆਪੇ ਆਪ ਨਿਰੰਜਨੁ ਸੋਇ । (੫)

## · ਲੋਕੋਕਤੀ ਅਲੰਕਾਰ

ਕਿਸੇ ਪਰਚਲਿਤ ਅਖਾਉਤ ਨੂੰ ਕਵਿਤਾ ਵਿਚ ਵਰਤਣਾ ਲੋਕੋਕਤੀ ਅਲੰਕਾਰ ਹੈ । ਜਪੁਜੀ ਵਿਚੋਂ ਅਜਿਹੀਆਂ ਕੁਝ ਉਦਾਹਰਣਾਂ ਮਿਲਦੀਆਂ ਹਨ, ਜਿਵੇਂ :

ਮੰਨੇ ਕੀ ਗਤਿ ਕਹੀ ਨ ਜਾਇ ।... (੧੨)
ਆਪੇ ਬੀਜਿ ਆਪੇ ਹੀ ਖਾਹੁ ।... (੨੮)
ਮਨ ਜੀਤੈ ਜਗੁ ਜੀਤੁ ॥ (੨੮)

ਉਪਰੋਕਤ ਅਧਿਐਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਜਪੁਜੀ ਅਲੰਕਾਰਾਂ ਨਾਲ ਸ਼ਿੰਗਾਰੀ ਇਕ ਸ੍ਰੇਸ਼ਟ ਕਾਵਿ-ਰਚਨਾ ਹੈ । ਸ਼ਬਦ ਅਲੰਕਾਰ ਦਾ ਅਨੁਪ੍ਰਾਸ ਦੇ ਰੂਪ ਵਿਚ ਵਿਆਪਕ ਪ੍ਰਯੋਗ ਕੀਤਾ ਗਿਆ ਹੈ ਅਤੇ ਸਾਰੀ ਰਚਨਾ ਵਿਚ ਸ਼ਬਦਾਂ ਦੀ ਸੁੰਦਰਤਾ ਕਾਇਮ ਹੈ । ਅਰਥ ਅਲੰਕਾਰ ਦੇ ਬਹੁਤ ਸਾਰੇ ਭੇਦ ਉਪ-ਭੇਦ, ਰੂਪਕ, ਦ੍ਰਿਸ਼ਟਾਂਤ, ਪ੍ਰਸ਼ਨੋਤਰ, ਦੀਪਕ, ਉਲੇਖ, ਵਕ੍ਰੋਕਤੀ, ਸੰਭਾਂਵਨਾ, ਵਿਸ਼ੇਸ਼ੋਕਤੀ, ਮੁਦ੍ਰਾ, ਕਾਰਣਮਾਲਾ, ਪਰਿਵ੍ਰਿਤ, ਕਾਵਿਲਿੰਗ, ਲੋਕੋਕਤੀ ਆਦਿ ਦੁਆਰਾ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਸ ਮਹਾਨ ਕਾਵਿ ਕ੍ਰਿਤ ਨੂੰ ਅਲੰਕ੍ਰਿਤ ਕਰ ਕੇ ਅਰਥਾਂ ਦਾ ਸੁਹਜ ਪੈਦਾ ਕੀਤਾ ਹੈ । ਜਪੁਜੀ ਵਰਗੀ ਦਾਰਸ਼ਨਿਕ ਤੇ ਵਿਚਾਰ-ਭਰਪੂਰ ਕਾਵਿ ਰਚਨਾ ਦੀ ਸਿਰਜਨ ਪ੍ਰਕ੍ਰਿਆ ਵਿਚ ਅਜਿਹੀ ਅਨੂਪਮ ਅਲੰਕਾਰ-ਯੋਜਨਾ ਨਿਰਸੰਦੇਹ ਗੁਰੂ ਨਾਨਕ ਦੇਵ ਜੀ ਦੀ ਮਹਾਨ ਕਾਵਿ-ਪ੍ਰਤਿਭਾ ਦੀ ਪ੍ਰਤੀਕ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨਾਨਕ ਸਿੰਘ ਦੀ ਨਾਵਲ-ਕਲਾ ਉਤੇ ਪਏ ਪ੍ਰਭਾਵ

ਨਾਨਕ ਸਿੰਘ ਜੀਵਨ ਦੀਆਂ ਵੱਖ ਵੱਖ ਪਰਿਸਥਿੱਤੀਆਂ 'ਚੋਂ ਗੁਜ਼ਰਿਆ ਹੈ। ਜੀਵਨ ਦੇ ਰਾਹ 'ਤੇ ਵਿਭਿੰਨ ਸ਼ਖ਼ਸੀਅਤਾਂ ਨਾਲ ਉਸ ਦਾ ਮੇਲ ਹੋਇਆ ਹੈ। ਆਪਣੀਆਂ ਸਮਕਾਲੀ ਸਮਾਜਕ ਅਤੇ ਰਾਜਨੀਤਕ ਲਹਿਰਾਂ ਅਤੇ ਵਿਚਾਰਧਾਰਾਵਾਂ ਦਾ ਅਨੁਭਵ ਉਸ ਨੇ ਗ੍ਰਹਿਣ ਕੀਤਾ ਹੈ। ਇਸ ਤਰ੍ਹਾਂ ਨਾਨਕ ਸਿੰਘ ਦੀ ਨਾਵਲਕਲਾ ਤੇ ਉਸ ਦੇ ਜੀਵਨ ਵਿਚ ਆਈਆਂ ਸਾਹਿੱਤਕ ਅਥਵਾ ਗੈਰ-ਸਾਹਿੱਤਕ ਸ਼ਖ਼ਸੀਅਤਾਂ, ਸਮਾਜਕ ਅਤੇ ਰਾਜਨੀਤਕ ਲਹਿਰਾਂ ਨੇ ਬੜਾ ਤੀਖਣ ਪ੍ਰਭਾਵ ਪਾਇਆ ਹੈ। ਇਸ ਪ੍ਰਭਾਵ ਅਧੀਨ ਹੀ ਉਸ ਦੀ ਨਾਵਲ ਕਲਾ ਦਾ ਵਿਕਾਸ ਹੋਇਆ ਹੈ।

## ਗ਼ੈਰ ਸਾਹਿੱਤਕ ਸ਼ਖ਼ਸੀਅਤਾਂ ਦਾ ਪ੍ਰਭਾਵ

ਨਾਨਕ ਸਿੰਘ ਦੇ ਜੀਵਨ ਦਾ ਪਹਿਲਾ ਪੜਾਅ ਹੀ ਦੁੱਖਾਂ-ਦਰਦਾਂ ਭਰਿਆ ਸੀ। ਉਸ ਨੇ ਆਪਣੀ ਵਿਧਵਾ ਮਾਂ ਦੇ ਕੰਡਿਆਲੇ ਜੀਵਨ ਨੂੰ ਵੇਖਿਆ। ਦੂਜੇ ਪਾਸੇ ਉਸ ਨੇ ਆਪਣੀ ਮਾਂ ਦੇ ਕੁਰਬਾਨੀ ਅਤੇ ਸੇਵਾ ਦੇ ਪੁੰਜ ਰੂਪ ਨੂੰ ਤੱਕਿਆ। ਨਾਨਕ ਸਿੰਘ ਦੇ ਭਾਵੁਕ ਮਨ 'ਤੇ ਇਸ ਦਾ ਬੜਾ ਤੀਖਣ ਪ੍ਰਭਾਵ ਪਿਆ ਤੇ ਇਸ ਪ੍ਰਭਾਵ ਦੀ ਝਲਕ ਉਸ ਦੇ ਨਾਵਲਾਂ ਵਿਚੋਂ ਪੈਂਦੀ ਹੈ। ਇਸ ਪ੍ਰਭਾਵ ਅਧੀਨ 'ਮਾਂ' ਦੇ ਇਸ ਸਰੂਪ ਨੂੰ ਗਿਆਨ ਕੌਰ (ਅੱਧ ਖਿੜਿਆ ਫੁੱਲ) ਪੰਡਤਾਣੀ (ਬੰਜਰ) ਗੁਰੋ (ਪੁਜਾਰੀ) ਆਦਿ ਦੇ ਰੂਪ ਵਿਚ ਚਿਤ੍ਰਿਆ ਹੈ।

ਦੂਜੀ ਸ਼ਖ਼ਸੀਅਤ ਨਾਨਕ ਸਿੰਘ ਦੀ ਬਾਲ-ਵਿਧਵਾ ਪ੍ਰੇਮਕਾ ਹੈ, ਜਿਸ ਦਾ ਨਾਂ ਉਹ 'ਸ' ਨਾਲ ਸ਼ੁਰੂ ਹੁੰਦਾ ਦੱਸਦਾ ਹੈ। ਇਸ ਮੁਟਿਆਰ ਦਾ ਮੁਹਾਂਦਰਾ ਨਾਨਕ ਸਿੰਘ ਅਨੁਸਾਰ 'ਅਧ-ਖਿੜਿਆ ਫੁੱਲ' ਦੀ-ਨਾਇਕਾ ਸਰੋਜ ਨਾਲ ਵਧੇਰੇ ਮਿਲਦਾ ਹੈ। ਆਪਣੀ ਪ੍ਰੇਮਕਾ ਦਾ ਸਦੀਵੀ ਵਿਛੋੜਾ ਨਾਨਕ ਸਿੰਘ ਲਈ ਅਸਹਿ ਸੀ ਤੇ ਉਹ ਕਿੰਨਾ ਚਿਰ ਹੀ ਉਪਰਾਮ ਹੋ ਕੇ ਜੀਵਨ ਦੇ ਰਾਹ ਤੇ ਭਟਕਦਾ ਰਿਹਾ। ਨਾਵਲਕਾਰ ਦੀ ਜੋਬਨ ਰੁੱਤੇ ਮੋਈ ਪ੍ਰੇਮਕਾ 'ਸ' ਅੱਖਰ ਨਾਲ ਆਰੰਭ ਹੋਣ ਵਾਲੇ ਨਾਵਾਂ ਸਲੋਚਨਾ (ਆਦਮਖ਼ੋਰ) ਸਰੋਜ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅੱਧ-ਖਿੜਿਆ ਫੁੱਲ) ਸੁੰਦਰੀ (ਚਿੱਟਾ ਲਹੂ) ਸੁਨੀਤਾ (ਪੁਜਾਰੀ) ਆਦਿ ਰੂਪ ਵਿਚ ਸੁਰਜੀਤ ਹੋ ਗਈ।

ਇੱਕ ਅਛੂਤ ਲੜਕੀ, ਕੱਲੋ, ਨਾਨਕ ਸਿੰਘ ਨੂੰ ਧਰਮਸਾਲਾ ਵਿਚ ਮਿਲੀ ਤੇ ਉਸ ਦੀ ਦਰਦ-ਕਹਾਣੀ ਨੇ, ਜਿਸ ਵਿਚ ਮਰਦ ਵੱਲੋਂ ਔਰਤ ਤੇ ਹੁੰਦੇ ਜ਼ੁਲਮ ਦੀ ਗਾਥਾ ਸੀ, ਨਾਨਕ ਸਿੰਘ ਦੇ ਮਨ 'ਚ ਮਰਦ ਪ੍ਰਤੀ ਨਫ਼ਰਤ ਤੇ ਔਰਤ ਲਈ ਅਥਾਹ ਸ਼ਰਧਾ ਦੇ ਭਾਵ ਪੈਦਾ ਕਰ ਦਿੱਤੇ ਅਤੇ ਇਨ੍ਹਾਂ ਭਾਵਾਂ ਦੀ ਅਭਿਵਿਅਕਤੀ ਕਰਦਿਆਂ ਉਸ ਨੇ ਮਰਦ ਨੂੰ ਵੱਧ ਤੋਂ ਵੱਧ ਭੰਡਿਆ ਅਤੇ ਔਰਤ ਨੂੰ ਪ੍ਰੀਤ, ਕੁਰਬਾਨੀ, ਸੇਵਾ ਤੇ ਪਵਿੱਤਰਤਾ ਦੀ ਦੇਵੀ ਬਣਾ ਦਿੱਤਾ।

ਗਿਆਨੀ ਬਾਗ ਸਿੰਘ ਨਾਨਕ ਸਿੰਘ ਦੀ ਜ਼ਿੰਦਗੀ 'ਚ ਆਇਆ ਆਦਰਸ਼ਕ ਵਿਅਕਤੀ ਹੈ ਜੋ ਬਹੁਤ ਸਾਰੇ ਨਾਵਲਾਂ ਵਿਚ ਵੱਖ ਵੱਖ ਰੂਪ ਧਾਰ ਕੇ ਪਰਗਟ ਹੋਇਆ ਹੈ, ਜਿਵੇਂ-'ਚਿੱਟਾ ਲਹੂ' ਵਿਚ ਬਾਬਾ ਰੋਡੂ' 'ਕਾਲ ਚੱਕਰ' ਵਿਚ ਸੰਤ ਸੋਮ ਪ੍ਰਕਾਸ਼, 'ਕਾਗਤਾਂ ਦੀ ਬੇੜੀ' ਵਿਚ ਸੰਤ ਸੁੰਦਰ ਦਾਸ, 'ਲਵ ਮੈਰਿਜ' ਵਿਚ ਇਕ ਸਾਧੂ (ਜੋ ਕੰਪਨੀ ਬਾਗ਼ ਵਿਚ ਮਿਲਦਾ ਹੈ) 'ਦੂਰ ਕਿਨਾਰਾ' ਵਿਚ ਪਿਆਰੂ, 'ਗੰਗਾਜਲੀ ਵਿਚ ਸ਼ਰਾਬ' ਵਿਚ ਅਖ਼ਬਾਰ ਦਾ ਐਡੀਟਰ, 'ਖੂਨ ਦੇ ਸੋਹਿਲੇ' ਅਤੇ 'ਅੱਗ ਦੀ ਖੇਡ' ਵਿਚ ਬਾਬਾ ਭਾਨਾ ਬਣਕੇ, ਆਦਿ। ਇਸੇ ਤਰ੍ਹਾਂ ਗਿਆਨੀ ਸ਼ੇਰ ਸਿੰਘ ਦੀ ਸੰਗਤ ਸਦਕਾ ਹੀ ਉਹ ਹੰਸ ਰਾਜ ਤੋਂ ਨਾਨਕ ਸਿੰਘ ਬਣਿਆ ਅਤੇ ਸਿਗਰਟ, ਸ਼ਰਾਬ ਤੇ ਅਜਿਹੀਆਂ ਹੋਰ ਕੁਰੀਤੀਆਂ ਛੱਡ ਕੇ ਸੰਗੀਤ ਅਤੇ ਆਤਮਕ ਰੁਚੀਆਂ ਵੱਲ ਮੁੜਿਆ।

ਆਪਣੇ ਮਨ ਦੀ ਸ਼ਾਂਤੀ ਲਈ, ਪ੍ਰੇਮਕਾ ਦੀ ਮੌਤ ਮਗਰੋਂ, ਨਾਨਕ ਸਿੰਘ ਨੇ ਕਈ ਰਟਨ ਕੀਤੇ ਤੇ ਇਸ ਦੌਰਾਨ ਉਸ ਨੂੰ ਇਕ ਨਿਰਮਲੇ ਸਾਧੂ ਦੀ ਸੰਗਤ ਪ੍ਰਾਪਤ ਕਰਨ ਦਾ ਅਵਸਰ ਮਿਲਿਆ। ਇਸ ਨਿਰਮਲੇ ਸਾਧੂ ਦੀਆਂ ਕਾਲੀਆਂ ਕਰਤੂਤਾਂ ਵੇਖ ਕੇ ਨਾਨਕ ਸਿੰਘ ਹੱਕਾ ਬੱਕਾ ਰਹਿ ਗਿਆ ਤੇ ਇਸੇ ਪ੍ਰਭਾਵ ਅਧੀਨ ਉਸ ਦੇ ਬਹੁਤ ਸਾਰੇ ਨਾਵਲਾਂ ਵਿਚ ਅਜਿਹਾ ਵਿਭਚਾਰੀ ਤੇ ਪਖੰਡੀ ਸਾਧੂ ਅਕਸਰ ਵਿਦਮਾਨ ਹੁੰਦਾ ਹੈ।

ਨਾਨਕ ਸਿੰਘ ਦੇ ਜੀਵਨ 'ਚ ਰੰਗਾ ਸਿੰਘ ਨਾਂ ਦਾ ਇਕ ਸ਼ਰਾਬੀ ਪੁਰਸ਼ ਆਇਆ ਹੈ ਜੋ ਜੀਵਨ ਦੇ ਰਾਹ 'ਚ ਭਟਕ ਗਿਆ ਸੀ ਤੇ ਸ਼ਰਾਬ ਦੇ ਆਸਰੇ ਜ਼ਿੰਦਗੀ ਦੇ ਬਾਕੀ ਦਿਹਾੜੇ ਪੂਰੇ ਕਰ ਰਿਹਾ ਸੀ। ਨਾਨਕ ਸਿੰਘ ਦੇ ਆਪਣੇ ਹੀ ਸ਼ਬਦਾਂ ਵਿਚ 'ਉਸਤਾਦ ਰੰਗਾ ਸਿੰਘ ਦੀ ਬਦਨਸੀਬੀ ਦਾ ਸ਼ਿਰੀ ਗਣੇਸ਼ ਕੇਵਲ ਇਕ ਨਿਕੇ ਜਿਹੇ ਤ੍ਰੈ-ਅੱਖਰੇ ਸ਼ਬਦ 'ਪਿਆਰ' ਦੀ ਅਪ੍ਰਾਪਤੀ ਕਾਰਨ ਹੋਇਆ। 'ਜੀਵਨ ਸੰਗਰਾਮ' ਦੇ ਨਾਇਕ ਮਾਸਟਰ ਬਲਵੰਤ ਉਰਫ ਬੰਤਾ ਚੋਰ ਦੇ ਨਕਸ਼ ਰੰਗਾ ਸਿੰਘ ਨਾਲ ਮਿਲਦੇ ਜੁਲਦੇ ਹਨ। ਰੰਗਾ ਸਿੰਘ ਵਾਂਗ ਨਾਨਕ ਸਿੰਘ ਕਿਸੇ ਸਮੇਂ ਆਪ ਵੀ ਸ਼ਰਾਬ, ਜੂਆ, ਸਿਗਰਟ ਆਦਿ ਕੁਰੀਤੀਆਂ ਦਾ ਸ਼ਿਕਾਰ ਹੋ ਗਿਆ ਸੀ ਤੇ ਉਸ ਨੂੰ ਸੁਧਾਰਨ ਵਿਚ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰ ਪੁਰਸ਼ਾਂ ਦੇ ਨਾਲ ਨਾਲ ਉਸ ਦੀ ਪਤਨੀ ਦਾ ਕਾਫੀ ਹੱਥ ਹੈ। ਨਾਨਕ ਸਿੰਘ ਨੂੰ ਉਸਦੀ ਪਤਨੀ ਨੇ ਉਸ ਦੀਆਂ ਇਹ ਸਭ ਕੁਰੀਤੀਆਂ ਦੂਰ ਕਰਨ ਮਗਰੋਂ, ਬਖਸ਼ ਦਿਤਾ ਸੀ ਤੇ ਇਸੇ ਪ੍ਰਭਾਵ ਅਧੀਨ ਹੀ ਨਾਨਕ ਸਿੰਘ ਦੇ ਨਾਵਲਾਂ ਦੀਆਂ ਇਸਤਰੀਆਂ ਆਪਣੇ ਵਿਭਚਾਰੀ ਪਤੀਆਂ ਨੂੰ ਬਖਸ਼ ਦਿੰਦੀਆਂ ਹਨ ਜਿਵੇਂ ਅਮਰ ਕੌਰ (ਆਦਮਖੋਰ) ਆਪਣੇ ਵਿਭਚਾਰੀ ਪਤੀ ਠਾਕਰ ਸਿੰਘ ਨੂੰ ਉਸ ਦੀਆਂ ਕੁਰੀਤੀਆਂ ਲਈ ਖਿਮਾਂ ਕਰ ਦਿੰਦੀ ਹੈ।

## ਸਾਹਿਤਕਾਰਾਂ ਦਾ ਪ੍ਰਭਾਵ

ਮੁਨਸ਼ੀ ਪ੍ਰੇਮ ਚੰਦ ਦੀਆਂ ਲਿਖਤਾਂ ਨੇ ਨਾਨਕ ਸਿੰਘ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ ਤੇ ਇਸੇ ਕਰਕੇ ਹੀ ਨਾਨਕ ਸਿੰਘ ਨੂੰ ਮੁਨਸ਼ੀ ਪ੍ਰੇਮ ਚੰਦ ਦਾ ਪੰਜਾਬੀ ਸੰਸਕਰਣ ਕਿਹਾ ਜਾਂਦਾ ਹੈ। ਜੇਲ-ਯਾਤਰਾ ਸਮੇਂ ਨਾਨਕ ਸਿੰਘ ਦਾ ਮੇਲ ਇਕ ਕਾਂਗਰਸੀ ਵਰਕਰ ਪੰਡਤ ਜਗਨ ਨਾਥ ਨਾਲ ਹੋਇਆ ਜਿਸ ਪਾਸੋਂ ਉਸ ਨੂੰ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹਨ ਦਾ ਅਵਸਰ ਮਿਲਿਆ। ਇਹ ਨਾਵਲ ਨਾਨਕ ਸਿੰਘ ਨੇ ਸਿਰਫ ਦਿਲ-ਪ੍ਰਚਾਵੇ ਲਈ ਹੀ ਪੜ੍ਹਨੇ ਸ਼ੁਰੂ ਕੀਤੇ ਸਨ ਪਰ ਇਨ੍ਹਾਂ ਨਾਵਲਾਂ ਨੇ ਉਸ ਦੇ ਮਨ-ਅੰਦਰ ਜਿਵੇਂ ਕੋਈ ਚਿਣਗ ਧਰ ਦਿੱਤੀ। ਨਾਨਕ ਸਿੰਘ ਦੇ ਆਪਣੇ ਸ਼ਬਦ ਹੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ—'ਪ੍ਰੇਮ ਚੰਦ ਦੀਆਂ ਲਿਖਤਾਂ ਨੂੰ ਭਾਵੇਂ ਪੜ੍ਹਨਾ ਤਾਂ ਆਰੰਭਿਆ ਸੀ ਨਿਰਾ ਸੁਆਦ ਲੈਣ ਦੇ ਵਿਚਾਰ ਨਾਲ, ਤੇ ਸੁਆਦ ਇਨ੍ਹਾਂ ਵਿਚੋਂ ਮੈਨੂੰ ਰੱਜਵਾਂ ਮਿਲਿਆ। ਪਰ ਸੁਆਦ ਨਾਲੋਂ ਵੀ ਜਿਹੜੀ ਵਡਮੁੱਲੀ ਚੀਜ਼ ਇਨ੍ਹਾਂ ਲਿਖਤਾਂ ਨੇ ਦਿਤੀ, ਇਹ ਸੀ ਜੀਵਨ ਦੇ ਇਕ ਨਵੇਂ ਮਾਰਗ, ਇਕ ਨਵੇਂ ਮੋੜ ਵੱਲ ਤੁਰਨ ਦੀ ਜ਼ਬਰਦਸਤ ਪ੍ਰੇਰਨਾ।' ਇਸ ਤਰ੍ਹਾਂ ਨਾਨਕ ਸਿੰਘ ਨੇ ਪ੍ਰੇਮ ਚੰਦ ਦੀਆਂ ਲਿਖਤਾਂ ਨੂੰ ਆਪਣੀ ਲੇਖਣੀ ਲਈ ਆਦਰਸ਼ ਮੰਨ ਲਿਆ। ਮੁਨਸ਼ੀ ਪ੍ਰੇਮ ਚੰਦ ਨੇ ਸਮਾਜ ਦਾ ਜੋ ਘਿਨੌਣਾ ਰੂਪ ਵੇਖਿਆ ਤੇ ਲਿਖਤਾਂ ਵਿਚ ਪੇਸ਼ ਕੀਤਾ, ਨਾਨਕ ਸਿੰਘ ਨੇ ਵੀ ਆਪਣੇ, ਲਗ ਭਗ ਹਰ ਨਾਵਲ ਵਿਚ, ਸਮਾਜ ਦੀਆਂ ਅਜਿਹੀਆਂ ਕੁਰੀਤੀਆਂ ਨੂੰ ਨੰਗਾ ਕਰਨ ਦਾ ਯਤਨ ਕੀਤਾ ਹੈ। ਪ੍ਰੇਮ ਚੰਦ ਅਤੇ ਨਾਨਕ ਸਿੰਘ ਦੇ ਨਾਵਲਾਂ ਦੇ ਵਿਸ਼ਿਆਂ ਵਿਚ ਸਾਂਝ ਹੈ, ਜਿਸ ਦਾ ਕਾਰਨ ਇਹ ਹੈ ਕਿ ਦੋਹਾਂ ਨਾਵਲਕਾਰਾਂ ਦਾ ਸਾਂਝਾ ਉਦੇਸ਼ ਸਮਾਜ ਸੁਧਾਰ ਹੀ ਰਿਹਾ ਹੈ। ਦੋਹਾਂ ਨੇ ਹੀ ਡਿਕਨਜ਼ ਵਾਂਗ ਜਨਤਾ ਅੰਦਰ ਚੇਤਨਤਾ ਪੈਦਾ ਕਰਨ ਦਾ ਯਤਨ ਕੀਤਾ ਹੈ। ਰੂਪਕ ਪੱਖੋਂ ਵੀ ਨਾਨਕ ਸਿੰਘ ਨੇ ਪ੍ਰੇਮ ਚੰਦ ਦਾ ਪ੍ਰਭਾਵ ਗ੍ਰਹਿਣ ਕੀਤਾ ਹੈ। ਮੁਨਸ਼ੀ ਪ੍ਰੇਮ ਚੰਦ ਵਾਂਗ ਹੀ ਨਾਨਕ ਸਿੰਘ ਨਾਵਲ ਨੂੰ ਅਕਸਰ ਦੋ ਭਾਗਾਂ ਵਿਚ ਵੰਡ ਲੈਂਦਾ ਹੈ, ਜਿਸ ਵਿਚ ਇਕ ਮੁੱਖ ਕਥਾ ਦੇ ਨਾਲ ਨਾਲ ਕੋਈ ਦੂਜੀ ਸਹਾਇਕ ਕਥਾ ਹੁੰਦੀ ਹੈ। ਪ੍ਰੇਮ ਚੰਦ ਵਾਂਗ ਨਾਨਕ ਸਿੰਘ ਦੀ ਸਿਰਜੀ ਕਥਾ ਵਿਚ ਘਟਨਾਵਾਂ ਦੀ ਬਹੁਲਤਾ ਹੁੰਦੀ ਹੈ ਜੋ ਪਾਤਰ-ਉਸਾਰੀ ਲਈ ਮਾਰੂ ਸਿਧ ਹੁੰਦੀ ਹੈ। ਇਹ ਅਵੱਸ਼ ਮੰਨਣਾ ਪਵੇਗਾ ਕਿ ਪ੍ਰੇਮ ਚੰਦ ਵਾਂਗ ਨਾਨਕ ਸਿੰਘ ਦੇ ਨਾਵਲਾਂ ਦੀ ਗੋਂਦ ਬੜੀ ਸੁਚੱਜੀ ਹੁੰਦੀ ਹੈ। ਪਾਤਰ ਉਸਾਰੀ ਸਮੇਂ ਵੀ ਪ੍ਰੇਮ ਚੰਦ ਵਾਂਗ ਨਾਨਕ ਸਿੰਘ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਆਪਣੇ ਨਿਜੀ ਸੰਸਕਾਰਾਂ ਨੂੰ ਆਧਾਰ ਬਣਾਇਆ ਹੈ ਜਿਸ ਦੇ ਫ਼ਲਸਰੂਪ ਪਾਤਰ ਉਹ ਕੁਝ ਨਹੀਂ ਬਣ ਸਕੇ ਜੋ ਕੁਝ ਉਨ੍ਹਾਂ ਨੂੰ ਆਪਣੇ ਵਿਅਕਤਿਤਵ ਅਤੇ ਪਰਿਸਥਿਤੀਆਂ ਅਨੁਸਾਰ ਹੋਣਾ ਚਾਹੀਦਾ ਸੀ, ਸਗੋਂ ਉਹ ਕੁਝ ਹਨ ਜੋ ਇਨ੍ਹਾਂ ਨਾਵਲਕਾਰਾਂ ਨੇ ਚਾਹਿਆ। ਨਾਨਕ ਸਿੰਘ ਦੁਆਰਾ ਇਕ ਆਦਰਸ਼ ਪਾਤਰ ਦੀ ਸਿਰਜਨਾ ਹਿੰਦੀ ਦੇ ਇਸੇ ਨਾਵਲਕਾਰ ਦੇ ਪ੍ਰਭਾਵ ਦਾ ਸਿੱਟਾ ਹੈ। ਨਾਨਕ ਸਿੰਘ ਦੇ ਨਾਵਲਾਂ 'ਚ ਇਹੋ ਆਦਰਸ਼ ਪਾਤਰ ਕਈ ਭੇਸ ਧਾਰ ਕੇ ਆਇਆ ਹੈ —ਬਾਬਾ ਰੋੜੂ (ਚਿੱਟਾ ਲਹੂ) ਸੰਤ ਸੋਮ ਪ੍ਰਕਾਸ਼ (ਕਾਲ ਚੱਕਰ) ਸੁੰਦਰ ਦਾਸ (ਕਾਗਤਾਂ ਦੀ ਬੇੜੀ) ਇਕ ਸਾਧੂ (ਲਵ ਮੈਰਿਜ) ਬਾਬਾ ਭਾਨਾ (ਅੱਗ ਦੀ ਖੇਡ ਅਤੇ ਖ਼ੂਨ ਦੇ ਖੋਹਿਲੇ) ਆਦਿ।

ਇਸ ਤੋਂ ਇਲਾਵਾ ਭਾਸ਼ਾ ਦੀ ਸਰਲਤਾ, ਬਿਆਨ ਦੀ ਸਾਦਗੀ, ਵਾਤਾਵਰਣ ਦੀ ਸੁਚੱਜੀ ਉਸਾਰੀ, ਲਿਖਤ ਵਿਚੋਂ ਵਿਅਕਤਿਤਵ ਦੀ ਝਲਕ ਆਦਿ ਗੁਣ ਮੁਨਸ਼ੀ ਪ੍ਰੇਮ ਚੰਦ ਦੇ ਡੂੰਘੇ ਪ੍ਰਭਾਵ ਦਾ ਹੀ ਸਿੱਟਾ ਹਨ।

ਮੁਨਸ਼ੀ ਪ੍ਰੇਮ ਚੰਦ ਦੇ ਇਸ ਪ੍ਰਭਾਵ ਦਾ ਭਾਵ ਇਹ ਵੀ ਨਹੀਂ ਕਿ ਨਾਨਕ ਸਿੰਘ ਉਸ ਦੇ ਪਾਏ ਪੂਰਨਿਆਂ ਤੇ ਹੀ ਤੁਰਦਾ ਰਿਹਾ ਹੈ ਤੇ ਉਸ ਤੋਂ ਵੱਖਰੀ ਕੋਈ ਗੱਲ ਹੀ ਨਹੀਂ ਕੀਤੀ। ਨਾਨਕ ਸਿੰਘ ਬਹੁਤ ਸਾਰੀਆਂ ਗੱਲਾਂ ਵਿਚ ਭਿੰਨਤਾ ਵੀ ਰੱਖਦਾ ਹੈ ਜਿਵੇਂ ਮੁਨਸ਼ੀ ਪ੍ਰੇਮ ਚੰਦ ਦੇ ਪਾਤਰ ਦੂਹਰੇ ਵਿਅਕਤਿਤਵ ਤੇ ਸੁਆਮੀ ਹਨ —ਅਰਥਾਤ ਚੰਗੇ ਵੀ ਤੇ ਬੁਰੇ ਵੀ, ਪਰ ਨਾਨਕ ਸਿੰਘ ਦੇ ਪਾਤਰ ਇਕਹਰੇ ਵਿਅਕਤਿਤਵ ਦੇ ਹਨ—ਬੁਰੇ ਜਾਂ ਚੰਗੇ। ਪ੍ਰੇਮ ਚੰਦ ਦੇ ਵਧੇਰੇ ਪਾਤਰ ਨਿਮਨ ਸ਼ਰੇਣੀ ਨਾਲ ਸੰਬੰਧਿਤ ਹਨ ਪਰ ਨਾਨਕ ਸਿੰਘ ਦੇ ਨਾਵਲਾਂ 'ਚ ਮਧ ਸ਼੍ਰੇਣੀ ਪਾਤਰ ਵੀ ਹਨ। ਪ੍ਰੇਮ ਚੰਦ ਪੇਂਡੂ ਜੀਵਨ ਦਾ ਨਾਵਲਕਾਰ ਹੈ ਪਰ ਨਾਨਕ ਸਿੰਘ (ਚਿੱਟਾ ਲਹੂ ਤੋਂ ਬਿਨਾਂ) ਅਕਸਰ ਸ਼ਹਿਰੀ ਜੀਵਨ ਨੂੰ ਹੀ ਚਿਤਰ ਸਕਿਆ ਹੈ। ਪ੍ਰੇਮ ਚੰਦ ਵਰਗੀ ਮਨੋਵਿਗਿਆਨਕ ਸੂਝ ਵੀ ਨਾਨਕ ਸਿੰਘ ਵਿਚ ਨਹੀਂ।

ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਪ੍ਰੇਮ ਚੰਦ ਦਾ ਪ੍ਰਭਾਵ ਨਾਨਕ ਸਿੰਘ ਤੇ ਅਵੱਸ਼ ਪਿਆ ਹੈ ਜੋ ਉਸ ਦੀ ਨਾਵਲ ਕਲਾ ਦੇ ਵਿਕਾਸ ਵਿਚ ਸਹਾਈ ਹੋਇਆ ਹੈ। ਰੌਸ਼ਨ ਲਾਲ ਆਹੂਜਾ ਦੇ ਸ਼ਬਦਾਂ ਵਿਚ—'ਨਾਨਕ ਸਿੰਘ ਪ੍ਰੇਮ ਚੰਦ ਦੇ ਪ੍ਰਭਾਵ ਥੱਲੇ ਨਾ ਆਉਂਦਾ ਤਾਂ ਇਹ ਵੀ 'ਬਾਬਾ ਬਾਗ ਸਿੰਘ' ਤੇ 'ਸੁਤੰਤਰ ਕੌਰ' ਜਿਹੇ ਨਾਵਲ ਲਿਖਦਾ।'[1]

ਨਾਨਕ ਸਿੰਘ ਨੇ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਪ੍ਰੀਤ ਨਗਰ ਰਹਿ ਕੇ ਗੁਰਬਖ਼ਸ਼ ਸਿੰਘ (ਪ੍ਰੀਤ ਲੜੀ) ਦੀ ਸੰਗਤ ਵਿਚ ਗੁਜ਼ਾਰਿਆ ਹੈ। 'ਪਿਆਰ ਦੀ ਦੁਨੀਆਂ' ਵਿਚ ਲਿਖਿਆ ਹੈ—'18੩9 ਵਿਚ ਮੈਂ ਅੰਮ੍ਰਿਤਸਰ ਛੱਡ ਕੇ ਪ੍ਰੀਤ ਨਗਰ ਦਾ ਵਾਸੀ ਜਾ ਬਣਿਆ। ਪਤਾ ਨਹੀਂ 'ਪਿਆਰ ਦੀ ਦੁਨੀਆਂ' ਤੇ ਪ੍ਰੀਤ ਨਗਰ ਦੇ ਨਾਵਾਂ ਦੀ ਸਾਂਝ ਕਰਕੇ ਜਾਂ ਕਿਸੇ ਹੋਰ ਕਾਰਨ ਮੈਨੂੰ ਇਸ ਨੂੰ ਛਾਪਣ ਦਾ ਖਿਆਲ ਟੁੰਬਣ ਲੱਗਾ।' ਜਦ ਪ੍ਰੀਤ-ਸੈਨਾ ਦੀ ਸਥਾਪਨਾ ਹੋਈ ਤਾਂ ਨਾਨਕ ਸਿੰਘ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦਾ ਸਰਗਰਮ ਸੈਨਿਕ ਬਣਿਆ ਤੇ ਗੁਰਬਖ਼ਸ਼ ਸਿੰਘ ਨਾਲ ਸੁਰ ਮਿਲਾ ਕੇ ਪ੍ਰੀਤ ਦੇ ਸੋਹਿਲੇ ਗਾਉਣ ਲੱਗ ਪਿਆ। ਪ੍ਰੀਤ-ਨਗਰ ਚੋਂ ਉੱਠੀ ਪ੍ਰੀਤ-ਲਹਿਰ ਦੇ ਪ੍ਰਭਾਵ ਅਧੀਨ ਉਹ ਪ੍ਰੀਤ ਨੂੰ ਜ਼ਿੰਦਗੀ ਦੀ ਸੰਚਾਲਕ ਸ਼ਕਤੀ ਮੰਨਣ ਲੱਗਾ ਤੇ ਪਿਆਰ ਅਮਰ ਹੈ, ਪਿਆਰ ਅਟੱਲ ਹੈ, ਪਿਆਰ ਰੱਬ ਹੈ, ਪਿਆਰ ਸਾਡੇ ਜੀਵਨ ਦਾ ਆਧਾਰ ਹੈ (ਕਟੀ ਹੋਈ ਪਤੰਗ) ਆਦਿ ਸ਼ਬਦਾਂ ਨਾਲ ਪਿਆਰ ਦਾ ਗਾਇਨ ਕਰਨ ਲੱਗਾ। ਇਸ ਪ੍ਰਭਾਵ ਦੀ ਵਧੇਰੇ ਝਲਕ 'ਪਿਆਰ ਦੀ ਦੁਨੀਆਂ' ਵਿਚੋਂ ਮਿਲਦੀ ਹੈ। ਪਿਆਰ ਦੀਆਂ ਭੁੱਖੀਆਂ ਰੂਹਾਂ ਦੀ ਸਿਰਜਨਾ ਇਸੇ ਪ੍ਰੀਤ ਦੇ ਵੇਗ ਦੀ ਉੱਪਜ ਹੈ। ਸਰੋਜ (ਅਧ ਖਿੜਿਆ ਫੁੱਲ) ਕਿਦਾਰ (ਪਵਿੱਤਰ ਪਾਪੀ) ਸੁੰਦਰੀ (ਚਿੱਟਾ ਲਹੂ) ਆਦਿ ਪ੍ਰੀਤ-ਪਿਆਸੀਆਂ ਰੂਹਾਂ ਹਨ।

ਗੁਰਬਖ਼ਸ਼ ਸਿੰਘ ਦੇ ਸਿਧਾਂਤ 'ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ' ਨੂੰ ਨਾਨਕ ਸਿੰਘ ਨੇ ਵੀ ਅਪਣਾ ਲਿਆ ਤੇ ਇਸ ਨੂੰ ਆਪਣੇ ਨਾਵਲਾਂ ਵਿਚ ਸਮੋਣ ਦਾ ਯਤਨ ਵੀ ਕੀਤਾ। 'ਅਧ ਖਿੜਿਆ ਫੁੱਲ' ਵਿਚ ਕੁਲਦੀਪ ਅਤੇ ਸਰੋਜ ਦੀ ਪ੍ਰੀਤ-ਸਾਂਝ ਇਸ ਗੱਲ ਦੀ ਪੁਸ਼ਟੀ ਕਰਦੀ ਹੈ। ਸਰੋਜ ਨੂੰ ਕੁਲਦੀਪ ਅਤੇ ਸਤਵੰਤ ਦੇ ਵਿਆਹ ਤੇ ਕੋਈ ਇਤਰਾਜ਼ ਨਹੀਂ। ਸਰੋਜ ਅੰਦਰ ਕਿਸੇ ਤਰ੍ਹਾਂ ਦਾ ਅਧਿਕਾਰ ਵਧਾਉਣ ਦੀ ਕੋਈ ਲਾਲਸਾ ਨਹੀਂ। ਸ਼ਾਇਦ ਨਾਨਕ ਸਿੰਘ ਦੇ ਸਿਧਾਂਤ (ਪਿਆਰ ਕਬਜ਼ਾ ਨਹੀਂ ਪਹਿਚਾਣ ਹੈ) ਨੂੰ ਵਧੇਰੇ ਉਜਾਗਰ ਕਰਨ ਦੀ ਲਾਲਸਾ ਹਿਤ ਸਰੋਜ ਦੀ ਇਕ ਚਿੱਠੀ ਵਿਚ ਇਸ ਨੂੰ ਸਪਸ਼ਟ ਰੂਪ ਵਿਚ ਪਰਗਟ ਕਰ ਦਿੱਤਾ ਹੈ।

'ਕੁਲਦੀਪ ਮੇਰਾ ਪਿਆਰਾ ਨਹੀਂ—ਮੇਰਾ ਪਿਆਰ ਹੈ। ਪਿਆਰਾ ਕਹਿਣ ਲਈ ਜ਼ਰੂਰ ਕਿਸੇ ਠੋਸ ਚੀਜ਼ ਦਾ ਆਸਰਾ ਲੱਭਣਾ ਪੈਂਦਾ, ਪਰ ਪਿਆਰ ਨੂੰ ਕਿਸੇ ਆਸਰੇ ਦੀ ਲੋੜ ਨਹੀਂ। ਜੇ ਤੁਹਾਨੂੰ ਪਿਆਰਾ ਆਖਾਂ ਤਾਂ ਕਬਜ਼ੇ ਦੀ ਖਾਹਿਸ਼ ਜਾਗਣ ਲੱਗ ਪੈਂਦੀ ਹੈ। ਇਸ ਲਈ ਤੁਸੀਂ ਮੇਰੇ ਪਿਆਰ ਹੋ।'

ਉਹ ਵੀ ਗੁਰਬਖ਼ਸ਼ ਸਿੰਘ ਵਾਂਗ ਪਿਆਰ ਦੀ ਦੁਨੀਆਂ ਸਿਰਜਨ ਦੇ ਸੁਪਨੇ ਲੈਂਦਾ ਰਿਹਾ ਹੈ। ਇਸ ਦੀ ਝਲਕ 'ਪਿਆਰ ਦੀ ਦੁਨੀਆਂ' ਵਿਚੋਂ ਮਿਲਦੀ ਹੈ—

'ਡਾਕਟਰ ਜੀ ਮੈਂ ਇਸ ਦੁਨੀਆਂ ਤੋਂ ਉੱਚੀ ਕੋਈ ਹੋਰ ਦੁਨੀਆਂ ਵਸਾਉਣਾ ਚਾਹੁੰਦੀ ਹਾਂ।'

'ਕਿਸ ਤਰ੍ਹਾਂ ਦੀ ?'

'ਪਿਆਰ ਦੀ ਦੁਨੀਆਂ'

'ਪਿਆਰ ਦੀ !'

'ਹਾਂ ਪਿਆਰ ਦੀ, ਜਿਥੇ ਸਾਰਾ ਪਿਆਰ ਦਾ ਰਾਜ ਹੋਵੇ, ਪਿਆਰ ਦਾ ਹੀ ਕਾਨੂੰਨ



CC-0. In Public Domain. Gurukul Kangri Collection, Haridwar

ਤੇ ਪਿਆਰ [illegible] ।

Digitized by Arya Samaj Foundation Chennai and eGangotri

ਗੁਰਬਖ਼ਸ਼ ਸਿੰਘ ਸਮੁੱਚੇ ਮਾਨਵ ਨੂੰ ਇਕ ਸਾਂਝੀ ਪ੍ਰੀਤ-ਲੜੀ ਵਿਚ ਪਰੋਣ ਦਾ ਇੱਛਕ ਰਿਹਾ ਹੈ। ਸਹਿਜ-ਪ੍ਰੀਤ ਨੂੰ ਹੀ ਉਹ ਆਪਣਾ ਮਜ਼ੁਬ ਸਮਝਦਾ ਹੈ। ਗੁਰਬਖ਼ਸ਼ ਸਿੰਘ ਦੀ ਇਸ ਫਿਲਾਸਫੀ ਅਨੁਸਾਰ 'ਅੱਧ ਖਿੜਿਆ ਫੁੱਲ' ਵਿਚ ਨਾਨਕ ਸਿੰਘ ਅਹਿਮਦ, ਕੁਲਦੀਪ ਤੇ ਜ਼ੁਬੈਦਾਂ ਨੂੰ ਪ੍ਰੀਤੀ-ਭੋਜਨ ਰਾਹੀਂ ਮਜ਼ੁਬ ਦੀਆਂ ਦੀਵਾਰਾਂ ਤੋੜ ਕੇ ਇਕ ਸਾਂਝੀ ਪ੍ਰੀਤ-ਲੜੀ ਵਿਚ ਪਰੋਣ ਦਾ ਯਤਨ ਕਰਦਾ ਹੈ। ਪੱਛਮੀ ਸਾਹਿੱਤ ਤੇ ਸਭਿਅਤਾ ਦੇ ਪ੍ਰਭਾਵ ਅਧੀਨ ਜੋ ਪ੍ਰੀਤ-ਸਵਤੰਤਰਤਾ ਗੁਰਬਖਸ਼ ਸਿੰਘ ਨੇ ਲਿਆਂਦੀ, ਉਸ ਨੂੰ ਨਾਨਕ ਸਿੰਘ ਨੇ ਵੀ ਅਪਣਾਇਆ ਹੈ ਅਤੇ ਇਸ ਦੀ ਵਿਵਸਥਾ ਆਪਣੇ ਨਾਵਲਾਂ ਵਿਚ ਕੀਤੀ ਹੈ। ਨਾਨਕ ਸਿੰਘ ਦੇ ਪਾਤਰ ਇਕ ਦੂਜੇ ਦੇ ਨੇੜੇ ਹੋ ਹੋ ਬਹਿੰਦੇ ਹਨ, ਰਸ-ਭਿੰਨੀਆਂ ਗੱਲਾਂ ਕਰਦੇ ਹਨ ਤੇ ਕਦੀ ਕਦੀ ਗੱਲ ਪਵਿੱਤਰ ਜਿਹੇ ਚੁੰਮਣ ਤੱਕ ਵੀ ਪਹੁੰਚ ਜਾਂਦੀ ਹੈ। ਅਜਿਹੀ ਖੁੱਲ੍ਹ 'ਪਵਿੱਤਰ ਪਾਪੀ', 'ਧੁੰਧਲੇ ਪਰਛਾਵੇਂ', 'ਗਰੀਬ ਦੀ ਦੁਨੀਆਂ', 'ਅਧ-ਖਿੜਿਆ ਫੁੱਲ' ਆਦਿ ਨਾਵਲਾਂ ਦੇ ਪਾਤਰ ਅਕਸਰ ਮਾਣਦੇ ਹਨ।

ਬਚਪਨ ਵਿਚ ਪਏ ਪਿਆਰ ਗੁਰਬਖ਼ਸ਼ ਸਿੰਘ ਦੇ ਹੱਡੀਂ ਰਚ ਗਏ, ਤੇ ਹੱਡੀਂ ਰਚੇ ਇਸ਼ਕ ਉਸ ਦੀ ਲਿਖਤ ਵਿਚ ਸਮਾ ਗਏ। ਮਖਣੀ ਦੀ ਮਧੁਰ ਯਾਦ ਦੀ ਮਹਿਕ ਉਸ ਦੀ ਲਿਖਤ ਚੋਂ ਆਉਂਦੀ ਹੈ। ਗੁਰਬਖ਼ਸ਼ ਸਿੰਘ ਦੀ 'ਮਖਣੀ' ਵਾਂਗ ਨਾਨਕ ਸਿੰਘ ਦੀ ਪ੍ਰੇਮਿਕਾ, ਜਿਸ ਨੂੰ ਉਹ 'ਸਵਿਤਰੀ' ਨਾਂ ਦੱਸ ਕੇ ਪਾਠਕਾਂ ਨਾਲ ਪਰੀਚਿਤ ਕਰਵਾਉਂਦਾ ਹੈ, ਉਸ ਦੇ ਨਾਵਲਾਂ ਵਿਚ ਸਰੋਜ (ਅਧ ਖਿੜਿਆ ਫੁੱਲ) ਸਲੋਚਨਾ (ਆਦਮ ਖੋਰ) ਸੁਨੀਤਾ (ਪੁਜਾਰੀ) ਸੁੰਦਰੀ (ਚਿੱਟਾ ਲਹੂ) ਆਦਿ ਦੇ ਰੂਪ ਵਿਚ ਆਈ ਹੈ।

ਗੁਰਬਖ਼ਸ਼ ਸਿੰਘ ਵਾਂਗ ਨਾਨਕ ਸਿੰਘ ਵੀ ਸਮਾਜਕ ਕੁਰੀਤੀਆਂ ਨੂੰ ਦੂਰ ਕਰਕੇ ਇਕ ਸਿਹਤਵੰਦ ਸਮਾਜ ਦੀ ਸਿਰਜਨਾ ਦੀ ਕਲਪਨਾ ਕਰਦਾ ਹੈ। ਸਮਾਜ ਅੰਦਰ ਵਿਦਮਾਨ ਬੁਰਾਈਆਂ, ਛੂਤ-ਛਾਤ, ਮਜ਼ੁਬੀ ਵੱਖਰੇਵੇਂ, ਵਿਆਹ ਦਾ ਮਸਲਾ, ਝੂਠੇ ਰਸਮੋ ਰਿਵਾਜ, ਆਰਥਕ ਨਾ-ਬਰਾਬਰੀ ਆਦਿ ਬਾਰੇ ਗੁਰਬਖ਼ਸ਼ ਸਿੰਘ ਅਤੇ ਨਾਨਕ ਸਿੰਘ ਦੀਆਂ ਕਲਮਾਂ ਜੁੜੀਆਂ ਹਨ। ਦੋਹਾਂ ਨੇ ਹੀ ਸਮਾਜ ਨੂੰ ਰੱਜ ਕੇ ਭੰਡਿਆ ਹੈ।

ਗੁਰਬਖ਼ਸ਼ ਸਿੰਘ ਹਮੇਸ਼ਾਂ ਹੀ ਇਸਤ੍ਰੀ ਜਾਤੀ ਦਾ ਪੱਖ ਪੂਰਦਾ ਰਿਹਾ ਹੈ। ਉਸ ਅਨੁਸਾਰ 'ਇਸਤ੍ਰੀ ਪੂਜਾ ਪਰਮੋ ਧਰਮ' ਹੈ। ਨਾਨਕ ਸਿੰਘ ਤਾਂ ਇਸਤ੍ਰੀ ਨੂੰ ਫਰਸ਼ੋਂ ਚੁੱਕ ਕੇ ਅਰਸ਼ ਤੱਕ ਪਹੁੰਚਾ ਦਿੰਦਾ ਹੈ ਅਤੇ ਉਸ ਦੀ ਇਹ ਰੁਚੀ ਔਗੁਣ ਦੀ ਹੱਦ ਤੱਕ ਹੈ। ਨਾਨਕ ਸਿੰਘ ਨੇ ਸਦਾ ਹੀ ਇਸਤ੍ਰੀ ਜਾਤੀ ਦੀ ਵਕਾਲਤ ਕੀਤੀ ਹੈ। ਔਰਤ ਉਸ ਲਈ ਪਾਕੀਜ਼ਗੀ ਦਾ ਚਿੰਨ੍ਹ ਹੈ। ਔਰਤ ਭਾਵੇਂ ਵੇਸਵਾ ਵੀ ਬਣ ਜਾਵੇ, ਨਾਨਕ ਸਿੰਘ ਇਸ ਦਾ ਕਸੂਰ ਮਰਦ ਦੇ ਸਿਰ ਹੀ ਮੜ੍ਹਦਾ ਹੈ, ਉਸ ਅਨੁਸਾਰ ਔਰਤ ਨੂੰ ਵਿਭਚਾਰੀ ਬਨਾਉਣ ਵਾਲਾ ਮਰਦ ਹੀ ਹੈ। ਔਰਤ ਪ੍ਰਤੀ ਗੁਰਬਖ਼ਸ਼ ਸਿੰਘ ਤੇ ਨਾਨਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿੰਘ ਦੇ ਦ੍ਰਿਸ਼ਟੀਕੋਣ ਵਿਚ ਡੂੰਘੀ ਸਾਂਝ ਹੈ।

ਗੁਰਬਖ਼ਸ਼ ਸਿੰਘ ਅਤੇ ਨਾਨਕ ਸਿੰਘ ਵਿਚ ਉਪ੍ਰੋਕਤ ਸਾਂਝ ਹੁੰਦਿਆਂ ਹੋਇਆਂ ਵੀ ਦੋਹਾਂ ਲੇਖਕਾਂ ਦੀ ਸ਼ੈਲੀ ਵਿਚ ਭਿੰਨਤਾ ਹੈ। ਗੁਰਬਖ਼ਸ਼ ਸਿੰਘ ਦੀ ਸ਼ੈਲੀ ਲੱਛੇਦਾਰ ਹੈ ਪਰ ਨਾਨਕ ਸਿੰਘ ਦੀ ਸ਼ੈਲੀ ਸਾਦਗੀ ਭਰਪੂਰ। ਆਪੋ ਆਪਣੀ ਸ਼ੈਲੀ ਨਾਲ ਪਾਠਕ ਨੂੰ ਕੀਲਣ ਦੀ ਸਮਰੱਥਾ ਦੋਹਾਂ ਲੇਖਕਾਂ ਵਿਚ ਹੀ ਹੈ।

ਬੰਗਾਲੀ ਨਾਵਲਕਾਰ ਬੰਕਮ ਚੰਦਰ ਚੈਟਰਜੀ ਦੇ ਨਾਵਲ ਨਾਨਕ ਸਿੰਘ ਨੇ ਅਨੁਵਾਦ ਕੀਤੇ ਹਨ। ਕੋਈ ਲੇਖਕ ਆਮ ਤੌਰ ਤੇ ਆਪਣੀ ਮਰਜੀ ਦੀ ਪਸੰਦੀਦਾ ਰਚਨਾ ਹੀ ਅਨੁਵਾਦ ਲਈ ਚੁਣਦਾ ਹੈ ਜਿਸ ਨੇ ਉਸ ਨੂੰ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਕੀਤਾ ਹੋਵੇ। ਨਾਨਕ ਸਿੰਘ ਦਾ ਇਸ ਪ੍ਰਸਿਧ ਬੰਗਾਲੀ ਨਾਵਲਕਾਰ ਤੋਂ ਪ੍ਰਭਾਵਿਤ ਹੋਣਾ ਸੁਭਾਵਕ ਹੈ।

ਪ੍ਰਸਿਧ ਚਿੱਤਰਕਾਰ ਸੋਭਾ ਸਿੰਘ ਨਾਲ ਨਾਨਕ ਸਿੰਘ ਦੀ ਕਾਫ਼ੀ ਨੇੜਤਾ ਰਹੀ ਹੈ। 'ਚਿੱਤਰਕਾਰ' ਭਾਵੇਂ ਨਾਨਕ ਸਿੰਘ ਦੀ ਕਲਪਨਾ ਤੇ ਹੀ ਆਧਾਰਿਤ ਕਿਉਂ ਨਾ ਹੋਵੇ ਪਰ ਇਸ ਵਿਚੋਂ ਸੋਭਾ ਸਿੰਘ ਚਿੱਤਰਕਾਰ ਦੀ ਰੂਹ ਦੇ ਦਰਸ਼ਨ ਅਵੱਸ਼ ਹੁੰਦੇ ਹਨ।

## ਸਮਕਾਲੀ ਲਹਿਰਾਂ ਅਤੇ ਵਿਚਾਰਧਾਰਾ ਦਾ ਪ੍ਰਭਾਵ

**ਸਿੰਘ ਸਭਾ ਲਹਿਰ :** ਇਸ ਸੁਧਾਰਕ ਲਹਿਰ ਦਾ ਉਦੇਸ਼ ਵਿਸ਼ੇਸ਼ ਰੂਪ ਵਿਚ ਸਿੱਖ ਧਰਮ ਅਤੇ ਆਮ ਰੂਪ ਵਿਚ ਸਮੁੱਚੇ ਸਮਾਜ ਵਿਚ ਵਿਦਮਾਨ ਕੁਰੀਤੀਆਂ ਨੂੰ ਦੂਰ ਕਰਨਾ ਸੀ। ਨਾਨਕ ਸਿੰਘ ਦਾ ਸ਼ਾਹਕਾਰ 'ਚਿੱਟਾ ਲਹੂ' ਇਸ ਲਹਿਰ ਦੇ ਉਦੇਸ਼ਾਂ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ। ਇਸ ਨਾਵਲ ਵਿਚ ਗੁਰਦੁਆਰਿਆਂ ਦਾ ਉਸ ਸਮੇਂ ਦਾ ਅਤੀ ਘਿਨੌਣਾ ਚਿੱਤਰ ਉਲੀਕਿਆ ਗਿਆ ਹੈ। ਇਸ ਦੇ ਨਾਲ ਹੀ ਉਸ ਸਮੇਂ ਦੇ ਭਾਈ ਦਸੌਂਧਾ ਸਿੰਘ ਵਰਗੇ ਧਰਮ ਦੇ ਠੇਕੇਦਾਰ ਅਤੇ ਪਾਲਾ ਸਿੰਘ ਵਰਗੇ ਘੜੰਮ-ਚੌਧਰੀਆਂ ਦੇ 'ਦਰਸ਼ਨ' ਵੀ ਹੁੰਦੇ ਹਨ। ਛੂਤ-ਛਾਤ, ਅਨਪੜ੍ਹਤਾ, ਨਸ਼ਿਆਂ ਦਾ ਸੇਵਨ ਫ਼ਜ਼ੂਲ ਖਰਚੀ, ਮੁਜਰੇ, ਮੁਕੱਦਮੇਬਾਜ਼ੀ ਆਦਿ ਕੁਰੀਤੀਆਂ ਦਾ ਵਰਣਨ ਇਸ ਨਾਵਲ, ਵਿਚ ਕੀਤਾ ਗਿਆ ਹੈ ਜਿਨ੍ਹਾਂ ਨੂੰ ਦੂਰ ਕਰਨ ਲਈ ਸਿੰਘ ਸਭਾ ਲਹਿਰ ਦੇ ਆਗੂ ਤੇ ਵਰਕਰ ਯਤਨ ਕਰ ਰਹੇ ਸਨ। ਇਸ ਲਹਿਰ ਦੇ ਮੁਖੀਆਂ ਦੇ ਰੂਪ ਵਿਚ ਗਿਆਨੀ ਦੀਦਾਰ ਸਿੰਘ ਅਤੇ ਬਚਨ ਸਿੰਘ ਜਹੇ ਪਾਤਰਾਂ ਦੀ ਸਿਰਜਨਾ ਹੈ। 'ਚਿੱਟਾ ਲਹੂ' ਸਿੰਘ ਸਭਾ ਲਹਿਰ ਦਾ 'ਮਨੋਰਥ-ਪੱਤਰ' ਕਿਹਾ ਜਾ ਸਕਦਾ ਹੈ।

'ਇਕ ਮਿਆਨ ਦੋ ਤਲਵਾਰਾਂ' ਵੀ ਸਿੰਘ ਸਭਾ ਨਾਲ ਅੰਸ਼ਕ ਰੂਪ ਵਿਚ ਸੰਬੰਧਿਤ ਹੈ। ਇਸ ਨਾਵਲ ਵਿਚ ਸੋਢੀ ਬੰਸ ਦੇ ਲੋਕਾਂ ਵੱਲੋਂ ਅੰਧ-ਵਿਸ਼ਵਾਸ਼ੀ ਜਨਤਾ ਨੂੰ ਬੁੱਧੂ ਬਣਾ ਕੇ ਸ਼ਾਹੀ ਠਾਠ ਬਾਠ ਕਾਇਮ ਰੱਖਣ ਲਈ ਕੀਤੇ ਜਾ ਰਹੇ ਯਤਨਾਂ ਦਾ


CC-0. In Public Domain. Gurukul Kangri Collection, Haridwar

ਜ਼ਿਕਰ ਹੈ ਧਰਮ ਦੇ ਨਾਂ ਤੇ ਲੋਕਾਂ ਨੂੰ ਲੁੱਟਣ ਵਾਲੇ ਭੇਖੀਆਂ ਨੂੰ ਸੋਧਣਾ ਸਿੰਘ ਸਭਾ ਦੇ ਉਦੇਸ਼ਾਂ ਦਾ ਹਿੱਸਾ ਸੀ ।

Digitized by Arya Samaj Foundation Chennai and eGangotri

ਭਾਵੇਂ ਨਾਨਕ ਸਿੰਘ, ਭਾਈ ਵੀਰ ਸਿੰਘ ਵਾਂਗ, ਇਸ ਲਹਿਰ ਵਿਚ ਸਰਗਰਮ ਹਿੱਸਾ ਨਹੀਂ ਲੈ ਸਕਿਆ ਪਰ ਫਿਰ ਵੀ ਉਸ ਦੇ ਨਾਵਲਾਂ, ਵਿਸ਼ੇਸ਼ ਕਰਕੇ ਚਿੱਟਾ ਲਹੂ, ਤੇ ਸਿੰਘ ਸਭਾ ਲਹਿਰ ਦਾ ਪ੍ਰਭਾਵ ਚੋਖੀ ਮਾਤ੍ਰਾ ਵਿਚ ਪਿਆ ਹੈ । ਇਸ ਲਹਿਰ ਦੇ ਉਦੇਸ਼ਾਂ ਨੂੰ ਮੁੱਖ ਰੱਖਦਿਆਂ ਨਾਨਕ ਸਿੰਘ ਨੇ ਕੁਝ ਕਵਿਤਾਵਾਂ ਵੀ ਲਿਖੀਆਂ ਹਨ ।

**ਅਕਾਲੀ ਲਹਿਰ** : ਸਿੱਖ ਆਗੂਆਂ ਵੱਲੋਂ ਚਲਾਈ ਗਈ ਇਸ ਲਹਿਰ ਦਾ ਉਦੇਸ਼ ਗੁਰਧਾਮਾਂ ਨੂੰ ਆਜ਼ਾਦ ਕਰਵਾਉਣਾ ਸੀ । ਇਸ ਲਹਿਰ ਸਮੇਂ ਨਾਨਕ ਸਿੰਘ ਨੂੰ ਵੀ ਜੇਲ੍ਹ ਜਾਣ ਦਾ ਮੌਕਾ ਮਿਲਿਆ । ਇਹ ਗੱਲ ਉਸ ਨੇ ਸਵੀਕਾਰ ਕੀਤੀ ਹੈ ਕਿ ਉਸ ਦਾ ਜੇਲ੍ਹ ਜਾਣ ਦਾ ਉਦੇਸ਼ ਮਜ਼ਬੀ ਨਹੀਂ ਸੀ, ਸਗੋਂ ਕੋਈ ਹੋਰ ਮਜਬੂਰੀ ਸੀ । ਉਸ ਦੇ ਆਪਣੇ ਸ਼ਬਦਾਂ 'ਚ—'ਮੈਂ ਆਪਣੇ ਅੰਦਰ ਦੀ ਸੁਲਘ ਰਹੀ ਅੱਗ ਨੂੰ ਬੁਝਾਉਣ ਲਈ ਹੀ ਇਹ ਤਰੀਕਾ ਅਖਤਿਆਰ ਕੀਤਾ ਸੀ । ਉਹ ਵੀ ਆਪਣੀ ਮਰਜ਼ੀ ਨਾਲ ਨਹੀਂ, ਕਿਸੇ ਹੋਰ ਦੀ ਮਰਜ਼ੀ ਨਾਲ ।' ਜੇਲ੍ਹ ਯਾਤਰਾ ਦੇ ਇਸ ਅਨੁਭਵ ਨੂੰ ਉਸ ਨੇ 'ਅਧ ਖਿੜਿਆ ਫੁੱਲ' ਵਿਚ ਉਲੀਕਿਆ ਹੈ । ਇਸ ਲਹਿਰ ਨਾਲ ਨਾਨਕ ਸਿੰਘ ਦਾ ਸੰਪਰਕ ਮੌਕਾ ਮੇਲ ਵਰਗਾ ਹੀ ਸੀ । 'ਅਧ ਖਿੜਿਆ ਫੁੱਲ' ਦਾ ਮੁੱਖ ਪਾਤਰ ਕੁਲਦੀਪ ਵੀ ਕੈਦ ਤਾਂ ਹੁੰਦਾ ਹੈ ਪਰ ਕਿਸੇ ਧਾਰਮਕ ਜਜ਼ਬੇ ਅਧੀਨ ਨਹੀਂ । ਜੇਲ ਅਧਿਕਾਰੀਆਂ ਵੱਲੋਂ ਅਕਾਲੀ ਕੈਦੀਆਂ ਪ੍ਰਤੀ ਵਰਤਿਆ ਜਾਂਦਾ ਕਠੋਰ ਰਵੱਈਆ ਅਤੇ ਕੈਦੀਆਂ ਦੀ ਕਠਿਨਾਈ ਦਾ ਯਥਾਰਥਕ ਚਿਤ੍ਰਣ ਇਸ ਨਾਵਲ ਵਿਚ ਕੀਤਾ ਗਿਆ ਹੈ । ਇਹ ਨਾਨਕ ਸਿੰਘ ਅਕਾਲੀ ਲਹਿਰ ਸਮੇਂ ਕੀਤੀ ਜੇਲ੍ਹ ਯਾਤ੍ਰਾ ਦੇ ਨਿੱਜੀ ਅਨੁਭਵ ਦਾ ਹੀ ਕ੍ਰਿਸ਼ਮਾ ਹੈ ।

**ਦੇਸ਼ ਸਵਤੰਤਰਤਾ ਦੀ ਲਹਿਰ** : ਦੇਸ਼ ਦੀ ਆਜ਼ਾਦੀ ਲਈ ਦੇਸ਼ ਭਗਤਾਂ ਵੱਲੋਂ ਕੀਤੇ ਸੰਘਰਸ਼ ਅਤੇ ਕੁਰਬਾਨੀਆਂ ਦਾ ਪ੍ਰਭਾਵ ਵੀ ਨਾਨਕ ਸਿੰਘ ਤੇ ਕਾਫ਼ੀ ਪਿਆ ਹੈ । ਨਾਨਕ ਸਿੰਘ ਕ੍ਰਾਂਤੀਕਾਰੀ ਰੁਚੀਆਂ ਵਿਚ ਵਿਸ਼ਵਾਸ ਨਹੀਂ ਰੱਖਦਾ ਪਰ ਉਸ ਨੇ ਗਦਰ ਪਾਰਟੀ ਵੱਲੋਂ ਆਜ਼ਾਦੀ ਲਈ ਕੀਤੇ ਘੋਲ ਨੂੰ ਆਪਣੇ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਵਿਚ ਅਭਿਵਿਅਕਤ ਕੀਤਾ ਹੈ । ਨਾਵਲਕਾਰ ਗ਼ਦਰ ਪਾਰਟੀ ਦੀ ਵਿਚਾਰ-ਧਾਰਾ ਨਾਲ ਮੱਤ ਭੇਦ ਰੱਖਦਾ ਹੋਇਆ ਵੀ ਉਸ ਪਾਰਟੀ ਦਾ ਪ੍ਰਭਾਵ ਅਵੱਸ਼ ਗ੍ਰਹਿਣ ਕਰਦਾ ਹੈ ਤੇ ਪਾਰਟੀ ਦੇ ਦੇਸ਼-ਭਗਤਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦੀ ਸ਼ਲਾਘਾ ਕਰਦਾ ਹੈ । 'ਮੰਨਿਆ ਕਿ ਉਨ੍ਹਾਂ ਦਾ ਤਰੀਕਾ ਕਾਰ 'ਤ੍ਰਾਸਵਾਦੀ' ਹੋਣ ਕਰਕੇ ਅੰਦੋਲਨ ਨਾਕਾਮ ਰਿਹਾ । ਮੰਨਿਆ ਕਿ ਤੋੜ ਫੋੜ ਕੁਸ਼ਤੋ ਖ਼ੂਨ ਦੇ ਤਰਜ਼ੇ ਅਮਲ ਕਰਕੇ ਉਨ੍ਹਾਂ ਨੂੰ ਸਫਲਤਾ ਦਾ ਮੂੰਹ ਵੇਖਣਾ ਨਸੀਬ ਨਾ ਹੋਇਆ, ਪਰ ਕੀ ਇਸ ਦੋਸ਼ ਬਦਲੇ ਉਨ੍ਹਾਂ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਹੋਇਆ ਬਲੀਦਾਨ ਵੀ ਸ਼ੱਕੀ ਹੋ ਗਿਆ। ਆਜ਼ਾਦੀ ਲਈ ਡੁਲ੍ਹਿਆ ਉਨ੍ਹਾਂ ਦਾ ਮਣਾ ਮੂੰਹੀ ਖ਼ੂਨ ਵੀ ਏਡਾ ਸਸਤਾ ਸਮਝ ਲਿਆ ਗਿਆ ਕਿ ਅੱਜ ਕਿ ਅੱਜ ਕਿਸੇ ਨੂੰ ਯਾਦ ਤੱਕ ਨਹੀਂ ਰਹੀਆਂ ਉਨ੍ਹਾਂ ਦੀਆਂ ਕੁਰਬਾਨੀਆਂ।'

(ਇੱਕ ਮਿਆਨ ਦੋ ਤਲਵਾਰਾਂ)

ਨਾਨਕ ਸਿੰਘ ਨੇ ਸ਼ਾਹ ਮੁਹੰਮਦ ਵਾਂਗ ਜਿੱਥੇ ਗ਼ਦਰ ਪਾਰਟੀ ਦੇ ਸੂਰਬੀਰਾਂ, ਵਿਸ਼ੇਸ਼ ਕਰਕੇ ਹੀਰੋ ਕਰਤਾਰ ਸਿੰਘ ਸਰਾਭਾ, ਦੀ ਬਹਾਦਰੀ ਤੇ ਦੇਸ਼-ਭਗਤੀ ਨੂੰ ਜਜ਼ਬਿਆਂ ਵਿਚ ਗੜੂੰਦ ਹੋ ਕੇ ਸਵਾਦ ਨਾਲ ਬਿਆਨਿਆ ਹੈ, ਉੱਥੇ ਡੋਗਰੇ ਵਰਗੇ ਦੇਸ਼-ਧਰੋਹੀਆਂ ਜਾਂ ਗਦਾਰਾਂ ਦੀਆਂ ਕਰਤੂਤਾਂ ਨੂੰ ਚੰਗੀ ਤਰ੍ਹਾਂ ਨੰਗਾ ਕਰਕੇ ਉਨ੍ਹਾਂ ਪ੍ਰਤੀ ਸਖ਼ਤ ਘਿਰਣਾ ਉਪਜਾਈ ਹੈ।[2] ਨਾਨਕ ਸਿੰਘ ਨੇ ਇਸ ਲਹਿਰ ਦਾ ਦੁਖਾਂਤਕ ਅੰਤ ਪੇਸ਼ ਕਰਕੇ ਆਪਣੀ ਗਾਂਧੀ ਵਾਦੀ ਨੀਤੀ ਦੇ ਪ੍ਰਭਾਵ ਅਧੀਨ ਹਿੰਸਾਤਮਕ ਕਾਰਵਾਈਆਂ ਦੀ ਆਲੋਚਨਾ ਕੀਤੀ ਹੈ ਤੇ ਉਸ ਦੇ ਵਿਚਾਰ ਅਨੁਸਾਰ ਹਿੰਸਾ ਦਾ ਮਾਰਗ ਹਾਨੀਕਾਰਕ ਹੈ।

ਆਜ਼ਾਦੀ ਲਈ ਉੱਠੀ ਲਹਿਰ ਦੇ ਪ੍ਰਭਾਵ ਅਧੀਨ ਹੀ ਨਾਨਕ ਸਿੰਘ ਨੇ 'ਪਿਆਰ ਦੀ ਦੁਨੀਆਂ' ਵਿਚ ਦੇਸ਼ ਭਗਤੀ ਦੀ ਭਾਵਨਾ ਵਾਲੇ ਪਾਤਰਾਂ ਦੀ ਸਿਰਜਨਾ ਕੀਤੀ ਹੈ ਪਰ ਇਸ ਨਾਵਲ ਵਿਚ ਨਾਵਲਕਾਰ ਨੇ ਹਿੰਸਾਵਾਦੀ ਅਤੇ ਗਾਂਧੀਵਾਦੀ ਵਿਚਾਰਧਾਰਾ ਦੇ ਦੋ ਕਾਂਗਰਸੀ ਧੜਿਆਂ ਵਿਚਕਾਰ ਖਿੱਚੋਤਾਣ ਤੇ ਹੀ ਆਪਣੀ ਕਲਮ ਨੂੰ ਕੇਂਦ੍ਰਿਤ ਰੱਖਿਆ ਹੈ। ਇਕ ਪਾਸੇ ਹਿੰਸਾਵਾਦੀ ਦਲ ਹੈ ਜਿਸ ਦਾ ਨੇਤ੍ਰਿਤਵ ਪੁਸ਼ਤਾ ਭਾਰਤ ਪੁੱਤਰੀ ਦੇ ਰੂਪ ਵਿਚ ਕਰਦੀ ਹੈ ਤੇ ਦੂਜੇ ਪਾਸੇ ਅਹਿੰਸਾਵਾਦੀ ਧੜੇ ਵਿਚ ਉਸ ਦਾ ਭਰਾ ਪ੍ਰੀਤਮ ਸਿੰਘ (ਪੁਲਸ ਇੰਨਸਪੈਕਟਰ) ਅਤੇ ਸੁੰਦਰ ਦਾਸ ਹੈ। ਅੰਤ ਵਿਚ ਹਿੰਸਾਵਾਦੀ ਦਲ ਗਾਂਧੀਵਾਦੀ ਨੀਤੀਆਂ ਅੱਗੇ ਗੋਡੇ ਟੇਕ ਦਿੰਦਾ ਹੈ। 'ਕਾਂਗਰਸ ਪਾਰਟੀ ਦੇ ਸਿਧਾਂਤ ਤੇ ਅਮਲ'-ਨਾਨਕ ਸਿੰਘ ਦੀ ਲਿਖਤ ਵਿਚੋਂ ਕਾਂਗਰਸ ਦੇ ਦੋ ਰੂਪ ਪਰਗਟ ਹੋਂਦੇ ਹਨ—ਪਹਿਲਾ ਰੂਪ ਕਾਂਗਰਸ ਦੁਆਰਾ ਆਜ਼ਾਦੀ ਸੰਘਰਸ਼ ਅਤੇ ਸਮਾਜ ਸੁਧਾਰ ਸਮੇਂ ਦਾ ਹੈ ਜੋ ਉਸ ਨੇ ਆਪਣੇ ਨਾਵਲ 'ਪਿਆਰ ਦੀ ਦੁਨੀਆਂ' ਵਿਚ ਕੀਤਾ ਹੈ। ਇਸ ਨਾਵਲ ਵਿਚ ਕਾਂਗਰਸ ਵਲੋਂ ਅਨਪੜ੍ਹਤਾ ਦੂਰ ਕਰਨਾ, ਜਾਤ-ਪਾਤ ਦੇ ਬੰਧਨਾਂ, ਰਸਮਾਂ ਰਿਵਾਜਾਂ ਤੋਂ ਮੁਕਤੀ, ਇਸਤਰੀ ਸੁਧਾਰ, ਰੋਗੀਆਂ ਦੀ ਸੇਵਾ ਆਦਿ ਕਾਰਜ ਕਰਨ ਦਾ ਵਰਣਨ ਕੀਤਾ ਗਿਆ ਹੈ। ਪਰ, ਜਿਵੇਂ ਕਿ ਅਸੀਂ ਪਹਿਲਾਂ ਚਰਚਾ ਕਰ ਚੁੱਕੇ ਹਾਂ, ਇਸ ਨਾਵਲ ਵਿਚ ਕਾਂਗਰਸ ਦੇ ਹਿੰਸਾਵਾਦੀ ਤੇ ਅਹਿੰਸਾਵਾਦੀ ਤੱਤਾਂ ਦੀ ਆਪਸੀ ਖਿਚੋਤਾਣ ਤੇ ਵਧੇਰੇ ਚਰਚਾ ਕੀਤੀ ਗਈ ਹੈ ਅਤੇ ਨਾਵਲਕਾਰ ਅਹਿੰਸਾਵਾਦੀ ਤੱਤਾਂ ਦੀ ਸਮਰੱਥਾ ਕਰਦਾ ਹੋਇਆ ਉਹਨਾਂ ਦੀ ਜਿੱਤ ਵਿਖਾਉਂਦਾ ਹੈ। ਕਾਂਗਰਸ ਦਾ ਦੂਜਾ ਰੂਪ ਮੰਝਧਾਰ' ਵਿਚੋਂ ਵੇਖਿਆ ਜਾ ਸਕਦਾ ਹੈ। ਭਾਵੇਂ ਸੁੰਦਰ ਦਾਸ, ਪ੍ਰੀਤਮ ਸਿੰਘ ਤੇ ਸਾਦਕ (ਪਿਆਰ ਦੀ ਦੁਨੀਆਂ) ਅਤੇ ਪੁੰਨਿਆ ਤੇ ਕੁਝ ਸਮੇਂ ਲਈ ਡਾ. ਆਨੰਦ (ਮੰਝਧਾਰ) ਸਮਾਜ ਸੁਧਾਰ ਦੇ ਕਾਰਜ ਲਗਨ ਨਾਲ ਕਰਦੇ ਹਨ ਪਰ ਮੰਝਧਾਰ ਵਿਚ ਨਾਨਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਨੇ ਕਾਂਗਰਸੀਆਂ ਦੀਆਂ ਕਾਲੀਆਂ ਕਰਤੂਤਾਂ ਦਾ ਆਪਣੇ ਨਾਵਲ ਵਿਚ ਉਲੇਖ ਕੀਤਾ ਹੈ ਕਿ ਕਾਂਗਰਸੀਆਂ ਨੂੰ ਚਿੱਟ-ਕਪੜੀਏ ਖੱਦਰਪੋਸ਼ਾਂ ਦੇ ਰੂਪ ਵਿਚ ਚੋਰਾਂ ਵਾਂਗ ਜਨਤਾ ਦੀ ਕਚਹਿਰੀ ਵਿਚ ਲਿਆ ਕੇ ਖੜਾ ਕਰ ਦਿੱਤਾ ਹੈ। ਦੇਸ਼ ਵੰਡ ਸਮੇਂ ਮੁਸਲਮਾਨਾਂ ਦੀ ਸੰਪਤੀ ਤੇ ਇਹਨਾਂ ਕਾਂਗਰਸੀਆਂ ਨੇ ਖੂਬ ਹੱਥ ਸਾਫ਼ ਕੀਤੇ। 'ਜਿੱਡਾ ਵੱਡਾ ਕਾਂਗਰਸੀ, ਓਨਾ ਹੀ ਵੱਡਾ ਜਾਲ।' ਪੰਡਤ ਸ਼ੁਕਲ ਵਰਗਾ ਕਾਂਗਰਸੀ, ਦੇਸ਼ ਭਗਤੀ ਦਾ ਮਖੌਟਾ ਪਹਿਨ ਕੇ ਸਭ ਤੋਂ ਵੱਡਾ ਦੇਸ਼ ਧਰੋਹੀ ਬਣਦਾ ਹੈ। ਡਾ. ਆਨੰਦ ਵਰਗੇ ਆਦਰਸ਼ਵਾਦੀ ਕਾਂਗਰਸੀ ਵੀ 'ਕਸਟੋਡੀਅਨ' ਬਣ ਕੇ ਸਭ ਤੋਂ ਵੱਧ ਹੇਰਾ ਫੇਰੀ ਕਰਦਾ ਹੈ। ਨਾਵਲ ਅਨੁਸਾਰ, ਰਿਸ਼ਵਤ, ਬਲੈਕ ਮਾਰਕੀਟਿੰਗ, ਕੁਨਬਾਪਰਵਰੀ ਆਦਿ ਹੀ ਕਾਂਗਰਸੀਆਂ ਦਾ ਮੁੱਖ ਧੰਦਾ ਬਣ ਗਿਆ ਸੀ। ਨਾਨਕ ਸਿੰਘ ਨੇ ਕਾਂਗਰਸ ਦੇ ਦੋਵੇਂ ਰੂਪ ਅੱਖੀਂ ਵੇਖੇ ਹਨ ਤੇ ਅੱਖੀਂ ਡਿਠੇ ਹਾਲਾਤ ਹੀ ਉਸ ਨੇ ਕਲਮਬੰਦ ਕੀਤੇ ਹਨ।

**ਗ੍ਰਾਮ ਸੁਧਾਰ ਲਹਿਰ** : ਪਿੰਡਾਂ ਵਿਚ ਵਿਦਮਾਨ ਕੁਰੀਤੀਆਂ ਅਨਪੜ੍ਹਤਾ, ਛੂਤ-ਛਾਤ ਨਸ਼ਿਆਂ ਦੀ ਵਰਤੋਂ, ਵਿਆਹ-ਸ਼ਾਦੀ ਤੇ ਫਜ਼ੂਲ ਖਰਚੀ, ਇਸਤ੍ਰੀ ਤੇ ਜ਼ੁਲਮ, ਲੜਾਈ ਝਗੜੇ ਤੇ ਮੁਕੱਦਮੇਬਾਜ਼ੀ, ਆਦਿ ਨੂੰ ਦੂਰ ਕਰਨ ਲਈ ਇਕ ਲਹਿਰ ਨੇ ਜਨਮ ਲਿਆ, ਜਿਸ ਨੂੰ ਗ੍ਰਾਮ ਸੁਧਾਰ ਲਹਿਰ ਕਿਹਾ ਜਾਂਦਾ ਹੈ। ਇਸ ਲਹਿਰ ਨੂੰ ਸਿੰਘ ਸਭਾ ਲਹਿਰ ਦੀ ਪੂਰਵਕ ਆਖਿਆ ਜਾ ਸਕਦਾ ਹੈ। ਸਿੰਘ ਸਭਾ ਲਹਿਰ ਦੇ ਨਾਲ ਨਾਲ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਤੇ ਇਸ ਲਹਿਰ ਦਾ ਵੀ ਕਾਫੀ ਪ੍ਰਭਾਵ ਹੈ। ਨਾਵਲਕਾਰ ਦੇ ਆਪਣੇ ਸ਼ਬਦਾਂ ਵਿਚ—'ਏਹਨੀ ਦਿਨੀਂ ਸ਼ਹਿਰਾਂ ਅਤੇ ਪਿੰਡਾਂ ਵਿਚ ਗ੍ਰਾਮ ਸੁਧਾਰ ਦੇ ਬੜੇ ਜਲਸੇ ਹੋਇਆ ਕਰਦੇ ਸਨ। ਏਹਨਾਂ ਜਲਸਿਆਂ ਦਾ ਉਦੇਸ਼ ਸੀ ਪਿੰਡਾਂ ਵਿਚੋਂ ਕੁਰੀਤੀਆਂ ਨੂੰ ਦੂਰ ਕਰਨਾ।' (ਚਿੱਟਾ ਲਹੂ)

'ਚਿੱਟਾ ਲਹੂ' ਦੇ ਪਾਤਰ ਗ੍ਰਾਮ ਸੁਧਾਰਕ ਹੀ ਜਾਪਦੇ ਹਨ। ਬਚਨ ਸਿੰਘ ਅਤੇ ਦੀਦਾਰ ਸਿੰਘ ਦੇ ਸਾਂਝੇ ਯਤਨਾਂ ਦੁਆਰਾ ਅਨਪੜ੍ਹਤਾ ਦੂਰ ਕਰਨ ਲਈ ਵਿਦਿਆ ਦਾ ਪ੍ਰਚਾਰ ਕੀਤਾ ਜਾਂਦਾ ਹੈ। ਬਚਨ ਸਿੰਘ ਤੇ ਸੁੰਦਰੀ ਦੇ ਪ੍ਰੀਤ ਸੰਬੰਧ ਤੇ ਉਹਨਾਂ ਦੀ ਜੀਵਨ-ਸਾਥੀ ਬਣਨ ਦੀ ਇੱਛਾ ਰਾਹੀਂ ਅਛੂਤ ਉਧਾਰ ਦਾ ਸੰਦੇਸ਼ ਦਿੱਤਾ ਗਿਆ ਹੈ। ਵਿਆਹ-ਸ਼ਾਦੀਆਂ ਤੇ ਕੰਜਰੀਆਂ ਨਚਾ ਕੇ ਮੁਜਰੇ ਕਰਵਾਉਣ ਦੀ ਰੀਤ ਖਤਮ ਕਰਨ ਦਾ ਉਪਦੇਸ਼ ਕੀਤਾ ਗਿਆ ਹੈ—ਜਿਵੇਂ ਬਚਨ ਸਿੰਘ ਸੁੰਦਰੀ ਨੂੰ ਵੇਸਵਾ (ਗੁਰਦੇਈ) ਪਾਸ ਭੇਜਦਾ ਹੈ। ਭਾਵੇਂ ਨਾਨਕ ਸਿੰਘ ਨੇ ਗ੍ਰਾਮ ਸੁਧਾਰ ਦੀ ਇਸ ਲਹਿਰ ਦਾ ਵਰਣਨ 'ਚਿੱਟਾ ਲਹੂ' ਵਿਚ ਕੀਤਾ ਹੈ ਪਰ ਬਚਨ ਸਿੰਘ ਤੇ ਸੁੰਦਰੀ ਦੁਆਰਾ ਗ੍ਰਾਮ ਸੁਧਾਰ ਲਈ ਗਿਆਨੀ ਦੀਦਾਰ ਸਿੰਘ ਦੇ ਸਹਿਯੋਗ ਨਾਲ ਕੀਤੇ ਯਤਨ ਨਿੱਜੀ ਹਨ ਅਤੇ ਇਹਨਾਂ ਵਿਚ ਮੌਕਾ ਮੇਲ ਦਾ ਅੰਸ਼, ਜਿਵੇਂ ਵੇਸਵਾ ਦਾ ਸੁੰਦਰੀ ਦੀ ਮਾਂ ਗੁਰਦੇਈ ਹੀ ਨਿਕਲਣਾ, ਇਸ ਨੂੰ ਯਥਾਰਥ ਤੋਂ ਦੂਰ ਲੈ ਜਾਂਦਾ ਹੈ।

**ਨਾਰੀ ਚੇਤਨਤਾ ਦੀ ਲਹਿਰ** : ਨਾਥਾਂ ਤੇ ਜੋਗੀਆਂ ਨੇ ਇਸਤ੍ਰੀਆਂ ਨੂੰ 'ਬਾਘਨ'



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿ ਕੇ ਤਿਰਸਕਾਰਿਆ ਹੈ ਤੇ ਕਿੱਸਾਕਾਰਾਂ ਨੇ 'ਭੱਠ ਰੰਨਾਂ ਦੀ ਦੋਸਤੀ' ਆਖ ਕੇ ਭੰਡਿਆ ਹੈ। ਇਸਤ੍ਰੀ ਜਾਤੀ ਦੇ ਹੱਕ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਏ, ਜਿਤ ਜੰਮੇ ਰਾਜਾਨ' ਕਹਿ ਕੇ ਆਪਣੀ ਆਵਾਜ਼ ਬੁਲੰਦ ਕੀਤੀ। ਇਸਤ੍ਰੀ ਜਾਤੀ 'ਚ ਚੇਤੰਨਤਾ ਦਾ ਪ੍ਰਵਾਹ ਤੇਜ਼ ਹੁੰਦਾ ਗਿਆ। ਨਾਰੀ ਜੋ ਕਦੀ ਮਰਦ ਦੇ ਪੈਰ ਦੀ ਜੁੱਤੀ ਸਮਝੀ ਜਾਂਦੀ ਸੀ, ਮਰਦ ਦੇ ਮੋਢੇ ਨਾਲ ਮੋਢਾ ਲਾ ਤੁਰਨ ਲੱਗੀ। ਇਸ ਲਹਿਰ ਦਾ ਪ੍ਰਭਾਵ ਨਾਨਕ ਸਿੰਘ 'ਤੇ ਵੀ ਪਿਆ। ਉਸ ਦੇ ਮਨ ਅੰਦਰ ਇਸਤ੍ਰੀ ਜਾਤੀ ਬਾਰੇ ਸਮਾਏ ਸੰਸਕਾਰ ਹੋਰ ਉਤੇਜਿਤ ਹੋ ਗਏ। ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਇਸਤ੍ਰੀ ਨੂੰ ਸਮਾਜਕ ਖੇਤਰ ਅੰਦਰ ਮਰਦ ਬਰਾਬਰ ਹੀ ਨਹੀਂ ਰੱਖਿਆ ਸਗੋਂ ਨਾਰੀ ਨੂੰ 'ਇਕ ਸ਼ਕਤੀ' ਦੇ ਰੂਪ ਵਿਚ ਵੀ ਚਿੱਤ੍ਰਿਆ ਹੈ। ਉਹ ਮਰਦ ਪ੍ਰਧਾਨ ਸਮਾਜ ਦੀ ਅਬਲਾ ਨਾਰੀ ਹੀ ਨਹੀਂ ਰਹਿੰਦੀ ਸਗੋਂ ਉਹ ਗੁਰਦੇਈ (ਚਿੱਟਾ ਲਹੂ) ਵਾਂਗ ਅਖੌਤੀ ਪਰਮਾਤਮਾ ਦੀ ਅਲਖ ਮੁਕਾ ਸਕਦੀ ਹੈ, ਸੁੰਦਰੀ (ਚਿੱਟਾ ਲਹੂ) ਵਾਂਗ ਪਾਲਾ ਸਿੰਘ ਵਰਗੇ ਲੁਟੇਰਿਆਂ ਦੀ ਹੋਂਦ ਮਿਟਾਉਣ ਦੀ ਸਮਰੱਥਾ ਰੱਖਦੀ ਹੈ, ਗੰਗਾ ਦੇਈ (ਪਿਆਰ ਦੀ ਦੁਨੀਆਂ) ਦੇ ਰੂਪ ਵਿਚ ਸੰਤ ਓਂਕਾਰ ਨਾਥ ਵਰਗਿਆਂ ਦੀ ਪਕੜ 'ਚੋਂ ਨੱਸ ਸਕਦੀ ਹੈ, ਮਨੋਰਮਾ (ਪਿਆਰ ਦੀ ਦੁਨੀਆਂ) ਤਰ੍ਹਾਂ ਭੁੱਖੀ ਸ਼ੇਰਨੀ ਬਣ ਕੇ ਸੇਠ ਪ੍ਰਭ ਦਿਆਲ ਵਰਗਿਆਂ ਦੇ ਨੱਕ ਤੇ ਦੰਦੀ ਵੱਢ ਕੇ ਨੱਸ ਸਕਦੀ ਹੈ, ਅਮਰ ਕੌਰ (ਆਦਮ ਖੋਰ) ਵਰਗੀ ਪਤੀ ਦੀ ਰਜ਼ਾ ਵਿਚ ਰਹਿਣ ਵਾਲੀ ਇਸਤ੍ਰੀ ਪਤੀ ਦੀਆਂ ਕਾਲੀਆਂ ਕਰਤੂਤਾਂ ਵੇਖ ਕੇ ਵਿਦਰੋਹੀ ਬਣ ਸਕਦੀ ਹੈ ਅਤੇ ਸੁਲੋਚਨਾ (ਆਦਮਖੋਰ) ਦੀ ਤਰ੍ਹਾਂ ਪਸਤੌਲ ਦੀ ਨਾਲੀ ਨਾਲ ਵਿਭਚਾਰੀ ਠਾਕਰ ਸਿੰਘ ਨੂੰ ਸੋਧ ਸਕਦੀ ਹੈ। ਭਾਰਤ ਪੁਤਰੀ (ਪਿਆਰ ਦੀ ਦੁਨੀਆਂ) ਚੰਡਕਾਂ ਦਾ ਰੂਪ ਬਣ ਕੇ ਖ਼ਾਨ ਸਾਹਿਬ ਵਰਗਿਆਂ ਨੂੰ ਧਮਕੀ ਦੇ ਕੇ ਹਥਿਆਰ ਸੁੱਟਣ ਲਈ ਮਜ਼ਬੂਰ ਕਰਨ ਦੀ ਤਾਕਤ ਰੱਖਦੀ ਹੈ। ਇਸਤ੍ਰੀ-ਜਾਤੀ ਦਾ ਅਜਿਹਾ ਸ਼ਕਤੀਸ਼ਾਲੀ ਰੂਪ ਨਾਨਕ ਸਿੰਘ ਨੇ ਨਾਰੀ ਚੇਤੰਨਤਾ ਦੀ ਉਤਪਨ ਹੋਈ ਲਹਿਰ ਦੇ ਪ੍ਰਭਾਵ ਅਧੀਨ ਹੀ ਆਪਣੇ ਨਾਵਲਾਂ ਵਿਚ ਚਿਤਰਿਆ ਹੈ।

**ਪ੍ਰਗਤੀਵਾਦੀ ਵਿਚਾਰਧਾਰਾ** : ਅੰਤਰ ਰਾਸ਼ਟਰੀ ਖੇਤਰ ਵਿਚ E. M. Forster ਦੀ ਪ੍ਰਧਾਨਗੀ ਹੇਠ 1935 ਵਿਚ ਪੈਰਸ ਵਿਖੇ Progressive writers Association ਦੀ ਪਹਿਲੀ ਇਕੱਤ੍ਰਤਾ ਹੋਈ ਤੇ ਇਸ ਦੇ ਪ੍ਰਭਾਵ ਅਧੀਨ ਹੀ 1936 ਦੇ ਲਗਭਗ ਭਾਰਤ ਵਿਕ ਕੁਝ ਅਗਾਂਹ ਵਧੂ ਲੇਖਕਾਂ ਨੇ ਸਰਬਹਿੰਦ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਕੀਤੀ। ਪੰਜਾਬੀ ਦੇ ਹੋਰ ਅਗਾਂਹਵਧੂ ਲੇਖਕਾਂ ਪ੍ਰੋ. ਮੋਹਨ ਸਿੰਘ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਆਦਿ ਲੇਖਕਾਂ ਵਾਂਗ ਨਾਨਕ ਸਿੰਘ ਨੇ ਵੀ ਇਸ ਲਹਿਰ ਦਾ ਪ੍ਰਭਾਵ ਗ੍ਰਹਿਣ ਕੀਤਾ। ਗਰੀਬਾਂ ਲਈ ਹਮਦਰਦੀ ਅਤੇ ਸਰਮਾਏਦਾਰੀ ਲਈ ਨਫ਼ਰਤ ਤਾਂ ਨਾਨਕ ਸਿੰਘ ਦੇ ਮਨ ਵਿਚ ਪਹਿਲਾਂ ਹੀ ਸੀ। ਸਰਮਾਏਦਾਰੀ ਦਾ ਅਤੀ ਘਿਨੌਣਾ ਰੂਪ ਨਾਨਕ ਸਿੰਘ ਦੇ ਨਾਵਲ 'ਨਸੂਰ' ਵਿਚੋਂ ਵੇਖਿਆ ਜਾ ਸਕਦਾ ਹੈ। ਗਰੀਬ ਮੰਗਤੂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੁਖ਼ਾਰ ਚੜ੍ਹ ਵੀ ਰਿਕਸ਼ਾ ਚਲਾ ਰਿਹਾ ਹੈ ਪਰ ਲਾਲਾ ਉਸ ਨੂੰ ਹੌਲੀ ਚੱਲਣ ਤੋਂ ਕੋਸਦਾ ਤੇ ਹੋਰ ਤੇਜ਼ ਚੱਲਣ ਲਈ ਕਹਿੰਦਾ ਹੈ। ਮੰਗਤੂ ਬੇਹੋਸ਼ ਹੋ ਕੇ ਡਿੱਗ ਪੈਂਦਾ ਹੈ ਪਰ ਲਾਲੇ ਦੇ ਮਨ ਅੰਦਰ ਤਰਸ ਦੀ ਭਾਵਨਾ ਉਤਪਨ ਹੋਣ ਦੀ ਥਾਂ ਗੁੱਸੇ ਦੀ ਲਹਿਰ ਉਪਜਦੀ ਹੈ।

'ਪ੍ਰਗਤੀਵਾਦ' ਦੇ ਪ੍ਰਭਾਵ ਅਧੀਨ ਲਿਖਿਆ ਗਿਆ ਦੂਜਾ ਨਾਵਲ 'ਆਦਮਖੋਰ' ਹੈ। ਇਸ ਵਿਚ ਸਰਮਾਏਦਾਰ ਠਾਕਰ ਸਿੰਘ ਦੀਆਂ ਕਾਲੀਆਂ ਕਰਤੂਤਾਂ ਨੂੰ ਨੰਗਾ ਕੀਤਾ ਹੈ। ਸਰਮਾਏਦਾਰ ਦੀ ਆਤਮਾ ਗਲੀਨ ਹੁੰਦੀ ਹੈ ਤੇ ਉਸ ਅੰਦਰ ਹੋਰ ਬੁਰਾਈਆਂ ਦੇ ਨਾਲ ਕਾਲ ਕਾਮ ਵਾਸ਼ਨਾ ਦੀ ਅੱਗ ਵਰਾਟ ਰੂਪ ਵਿਚ ਭੜਕਦੀ ਹੈ ਅਤੇ ਹਰ ਸੁੰਦਰ ਔਰਤ ਨੂੰ ਉਹ ਨਿਗਲਣਾ ਚਾਹੁੰਦੀ ਹੈ। ਇਸ ਪ੍ਰਵਿਰਤੀ ਅਧੀਨ ਹੀ ਠਾਕਰ ਸਿੰਘ ਸਲੋਚਨਾ ਨੂੰ ਆਪਣੀ ਹਵਸ ਦਾ ਸ਼ਿਕਾਰ ਬਨਾਉਣ ਦੇ ਲਈ ਕਈ ਜਾਲ ਸੁਟਦਾ ਹੈ।

7747

ਡਾ. ਦਲੀਪ ਸਿੰਘ ਦੀਪ ਦੇ ਸ਼ਬਦਾਂ ਅਨੁਸਾਰ, 'ਨਾਨਕ ਸਿੰਘ ਗਰੀਬਾਂ ਮਜ਼ਦੂਰਾਂ ਦਾ ਸਾਥੀ ਹੈ। ਆਰਥਕ ਸੰਕਟ ਦੀ ਘੁਟਣ ਉਸ ਨੇ ਆਪ ਮਹਿਸੂਸੀ ਹੈ। ਉਹ ਗਰੀਬਾਂ ਦੀ ਦਸ਼ਾ ਵਰਣਨ ਕਰਨ ਵਿਚ ਵੀ ਕਮਾਲ ਕਰ ਦੇਂਦਾ ਹੈ। ਪਾਠਕ ਦੇ ਅੱਥਰੂ ਵਗਾਣ ਵਿਚ ਸਫਲ ਵੀ ਹੋ ਜਾਂਦਾ ਹੈ ਪਰ ਉਹ ਅੱਥਰੂ ਸੁਕਾ ਨਹੀਂ ਸਕਦਾ।'[3] ਨਾਨਕ ਸਿੰਘ ਦੇ ਨਾਵਲਾਂ ਵਿਚ ਮਜ਼ਦੂਰ ਸ਼੍ਰੇਣੀ ਆਪਣੇ ਉਦੇਸ਼ ਦੀ ਪ੍ਰਾਪਤੀ ਵਿਚ ਲਗਭਗ ਅਸਫਲ ਰਹਿੰਦੇ ਹਨ ਜਾਂ ਕਿਸੇ ਨਾ ਕਿਸੇ ਰੂਪ ਵਿਚ ਲੋਕ-ਦੁਸ਼ਮਣ ਸਰਮਾਏਦਾਰਾਂ ਨਾਲ ਸਮਝੌਤਾ ਕਰ ਲੈਂਦੀ ਹੈ। ਉਸ ਦੇ ਨਾਵਲਾਂ ਵਿਚ ਮਜ਼ਦੂਰ ਸੰਘਰਸ਼ ਦੇ ਨੇਤਾ ਅਕਸਰ ਅਮੀਰਾਂ ਦੇ ਪੁੱਤਰ ਹੀ ਹੁੰਦੇ ਹਨ ਜਿਵੇਂ ਬ੍ਰਿਜਮੋਨ (ਕੱਟੀ ਹੋਈ ਪਤੰਗ) ਬਲਦੇਵ (ਗਰੀਬ ਦੀ ਦੁਨੀਆਂ) ਪ੍ਰਿਤਪਾਲ (ਆਦਮਖੋਰ) ਆਦਿ, ਜੋ ਅਕਸਰ ਆਪਣੇ ਨਿੱਜੀ ਕਾਰਨਾ ਕਰਕੇ ਘਰੋਂ ਨਿਕਲਦੇ ਹਨ ਤੇ ਕਿਸੇ ਨਾ ਕਿਸੇ ਤਰ੍ਹਾਂ ਮਜ਼ਦੂਰ ਲਹਿਰ ਦੇ ਨੇਤਾ ਬਣ ਜਾਂਦੇ ਹਨ।

ਅਜਿਹੇ ਵਿਅਕਤੀ ਸਗੋਂ ਸਰਮਾਏਦਾਰੀ ਨਿਜ਼ਾਮ ਦਾ ਹੀ ਪੱਖ ਪੂਰ ਜਾਂਦੇ ਹਨ। ਪ੍ਰਿਤਪਾਲ (ਆਦਮ ਖੋਰ) ਆਪਣੇ ਪਿਤਾ ਨੂੰ ਇਕ ਮਹੀਨੇ ਲਈ ਕਾਰਖਾਨਾ ਬੰਦ ਕਰਨ ਦੀ ਸਲਾਹ ਦੇ ਕੇ ਮਜ਼ਦੂਰ ਲਹਿਰ ਨੂੰ ਕਮਜ਼ੋਰ ਕਰਦਾ ਹੈ ਤੇ ਗਰੀਬ ਮਜ਼ਦੂਰ ਸ਼੍ਰੇਣੀ ਨਾਲ ਗੱਦਾਰੀ ਕਰਕੇ ਆਪਣੇ ਸਰਮਾਏਦਾਰ ਪਿਤਾ ਦੇ ਹਿੱਤਾਂ ਦੀ ਰਾਖੀ ਕਰਦਾ ਹੈ। ਨਾਨਕ ਸਿੰਘ ਦੇ ਸਿਰਜੇ ਹੋਰ ਮਜ਼ਦੂਰ ਨੇਤਾ ਵੀ ਇਸੇ ਪੱਧਰ ਦੇ ਹਨ। ਅਸਲ ਵਿਚ ਨਾਨਕ ਸਿੰਘ ਨੇ ਪ੍ਰਗਤੀਵਾਦ ਦੇ ਪ੍ਰਭਾਵ ਨੂੰ ਸਤਹੀ ਪੱਧਰ ਤੇ ਗ੍ਰਹਿਣ ਕੀਤਾ ਹੈ ਪਰ ਇਸ ਦੇ ਸਿਧਾਂਤਕ ਪੱਖ ਬਾਰੇ ਉਸ ਦਾ ਗਿਆਨ ਸੀਮਿਤ ਰਿਹਾ ਹੈ। ਇਸ ਤੋਂ ਬਿਨਾ, ਉਹ ਗਾਧੀਵਾਦੀ ਨੀਤੀ ਦਾ ਸਮਰਥਕ ਹੋਣ ਕਰ ਕੇ ਮਜ਼ਦੂਰ ਸੰਘਰਸ਼ ਨੂੰ ਤੇਜ਼ ਕਰਕੇ ਇਨਕਲਾਬ ਲਈ ਰਾਹ ਖੋਲ੍ਹਣ ਤੋਂ ਵੀ ਕੰਨੀਂ ਕਤਰਾਉਂਦਾ



CC-0. In Public Domain. Gurukul Kangri Collection, Haridwar

ਰਿਹਾ ਹੈ। Digitized by Arya Samaj Foundation Chennai and eGangotri

**ਨਾਸਤਕ ਵਿਚਾਰਧਾਰਾ** : ਵਿਦਿਆ ਦਾ ਪਸਾਰ, ਧਰਮ ਵਿਚ ਵਿਦਮਾਨ ਕੁਰੀਤੀਆਂ ਵਿਗਿਆਨ ਦੇ ਖੇਤਰ 'ਚ ਹੋਈ ਪ੍ਰਗਤੀ ਤੇ ਸਮਾਜਵਾਦ ਦੇ ਫੈਲੇ ਪ੍ਰਭਾਵ ਦੇ ਫਲ ਸਰੂਪ ਚੇਤੰਨ ਮਨੁੱਖ ਦਾ ਧਰਮ ਵਿਚੋਂ ਵਿਸ਼ਵਾਸ ਘਟ ਗਿਆ ਜਾਂ ਅਲੋਪ ਹੀ ਹੋ ਗਿਆ। ਕੁਝ ਲੋਕ ਤਾਂ ਰੱਬ ਦੀ ਹੋਂਦ ਤੋਂ ਵੀ ਮੁਨਕਰ ਹੋ ਗਏ। ਇਸ ਪ੍ਰਭਾਵ ਅਧੀਨ ਦਰਸ਼ਨ ਸਿੰਘ ਅਵਾਰਾ ਨੇ ਮੈਂ ਬਾਗੀ ਹਾਂ, ਬਗਾਵਤ ਆਦਿ ਕਾਵਿ-ਸੰਗ੍ਰਹਿ ਲਿਖੇ। ਇਸ ਪ੍ਰਭਾਵ ਨੂੰ ਨਾਨਕ ਸਿੰਘ ਨੇ ਵੀ ਗ੍ਰਹਿਣ ਕੀਤਾ ਅਤੇ ਇਸ ਪ੍ਰਭਾਵ ਅਧੀਨ 'ਆਸਤਕ ਨਾਸਤਕ' ਲਿਖਿਆ। ਨਾਨਕ ਸਿੰਘ ਧਰਮ ਵਿਚ ਵਿਦਮਾਨ ਕੁਰੀਤੀਆਂ ਨੂੰ ਬੁਰੀ ਤਰ੍ਹਾਂ ਭੰਡਦਾ ਹੈ, ਵਿਗਿਆਨ ਦੇ ਖੇਤਰ 'ਚ ਹੋਈ ਪ੍ਰਗਤੀ ਤੋਂ ਵੀ ਪ੍ਰਭਾਵਿਤ ਹੁੰਦਾ ਹੈ, ਸਮਾਜਵਾਦ ਵਿਚ ਵੀ ਦਿਲਚਸਪੀ ਲੈਂਦਾ ਹੈ ਪਰ ਫਿਰ ਵੀ ਧਰਮ ਵਿਚ ਉਸ ਦਾ ਵਿਸ਼ਵਾਸ ਕਾਇਮ ਰਹਿੰਦਾ ਹੈ ਤੇ ਉਹ ਰੱਬ ਦੀ ਹੋਂਦ ਤੋਂ ਵੀ ਮੁਨਕਰ ਨਹੀਂ ਹੁੰਦਾ। ਉਹ ਨਾਸਤਕਤਾ ਦਾ ਵਿਰੋਧੀ ਹੈ ਪਰ ਧਰਮ ਦੇ ਉਸ ਰੂਪ ਨੂੰ ਹੀ ਸਵੀਕਾਰ ਕਰਦਾ ਹੈ ਜੋ ਮਾਨਵਜਾਤੀ ਲਈ ਕਲਿਆਣਕਾਰੀ ਹੋਵੇ। ਅਸਲ ਵਿਚ ਉਹ ਇਕ ਵਿਗਿਆਨਕ-ਆਸਤਕ ਹੈ। ਇਸੇ ਵਿਚਾਰ ਨੂੰ ਉਸ ਨੇ ਆਪਣੇ ਨਾਵਲ 'ਆਸਤਕ-ਨਾਸਤਕ' ਵਿਚ ਪੇਸ਼ ਕੀਤਾ ਹੈ।

**ਫਿਰਕੂ ਲਹਿਰਾਂ** : 1947 ਵਿਚ ਹਿੰਦੁਸਤਾਨ ਦੀ ਧਰਤੀ ਦੋ ਟੋਟਿਆਂ ਵਿਚ ਵੰਡੀ ਗਈ। ਫਿਰਕੂ ਜਨੂਨ ਦਾ ਸ਼ਿਕਾਰ ਹੋਏ ਲੋਕਾਂ ਨੇ ਜੋ ਖ਼ੂਨ ਖਰਾਬਾ ਕੀਤਾ ਉਸ ਨੂੰ ਵੇਖ ਕੇ ਨਾਨਕ ਸਿੰਘ ਦਾ ਮਨ ਪਿਘਲ ਗਿਆ। ਮਨੁੱਖਤਾ ਦੇ ਇਤਿਹਾਸ ਵਿਚ ਇਸ ਖ਼ੂਨੀ ਕਾਂਡ ਨੂੰ ਨਾਨਕ ਸਿੰਘ ਨੇ 'ਖ਼ੂਨ ਦੇ ਸੋਹਿਲੇ' ਅਤੇ 'ਅੱਗ ਦੀ ਖੇਡ' ਦੇ ਰੂਪ ਵਿਚ ਲਿਖਿਆ ਹੈ। ਇਹਨਾਂ ਨਾਵਲਾਂ ਵਿਚ ਉਸ ਨੇ ਦੇਸ਼-ਵੰਡ ਸਮੇਂ ਹੋਏ ਕਤਲੇਆਮ ਦੀ ਦਿਲ-ਚੀਰਵੀਂ ਝਾਕੀ ਪੇਸ਼ ਕੀਤੀ ਹੈ।

ਦੂਜੀਆਂ ਆਮ ਚੋਣਾਂ ਸਮੇਂ ਪੰਜਾਬ ਦੇ ਹਿੰਦੂ ਤੇ ਸਿੱਖਾਂ ਵਿਚਕਾਰ ਨਫ਼ਰਤ ਦੀ ਅੱਗ ਭੜਕ ਉੱਠੀ ਜਿਸ ਦਾ ਕੇਂਦਰ ਅੰਮ੍ਰਿਤਸਰ ਵਰਗਾ ਪਵਿੱਤ੍ਰ ਸ਼ਹਿਰ ਬਣਿਆ। ਇਸ ਜਨੂਨ ਦਾ ਭੂਤ ਨਾਨਕ ਸਿੰਘ ਦੇ ਸਿਰ ਵੀ ਸਵਾਰ ਹੋਇਆ। ਆਪਣੇ ਇਸ ਨਿੱਜੀ ਅਨੁਭਵ ਨੂੰ ਉਸ ਨੇ 'ਪੁਜਾਰੀ' ਵਿਚ ਕਲਮਬੰਦ ਕੀਤਾ ਹੈ। ਹਿੰਦੀ-ਪੰਜਾਬੀ ਦੇ ਝਗੜੇ ਨੇ ਕਿਵੇਂ-ਜਨ ਸਾਧਾਰਨ ਦੀ ਜ਼ਿੰਦਗੀ ਨੂੰ ਦੁਰਬਲ ਕਰ ਦਿੱਤਾ ਸੀ ਅਤੇ ਤੂਫਾਨ ਵਰਗੇ ਮਤਲਬ ਪ੍ਰਸੱਤ ਲੋਕਾਂ ਨੇ ਇਸ ਝਗੜੇ ਤੋਂ ਕਿਵੇਂ ਨਜਾਇਜ਼ ਲਾਭ ਉਠਾਇਆ—ਇਨ੍ਹਾਂ ਪਰਿਸਥਿਤੀਆਂ ਦੇ ਪ੍ਰਭਾਵ ਅਧੀਨ ਲਿਖਿਆ ਗਿਆ ਨਾਵਲ 'ਬੰਜਰ' ਹੈ।

## ਕੁਝ ਹੋਰ ਪ੍ਰਭਾਵ

ਕੁਝ ਹੋਰ ਵੀ ਮਿਲਵੇਂ ਜਹੇ ਪ੍ਰਭਾਵ ਹਨ। ਉਸ ਨੇ ਸਮਾਜ ਵਿਚ ਵਿਦਮਾਨ ਕੁਰੀਤੀਆਂ—ਧਨ ਕੁਬੇਰੀ, ਰਿਸ਼ਵਤ, ਮਿਲਾਵਟ, ਹੇਰਾ ਫੇਰੀ ਆਦਿ ਨੂੰ ਮਹਿਸੂਸ ਕਰਦਿਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਭਵ ਕੀਤਾ ਕਿ ਸਾਰਾ ਸਮਾਜ ਭ੍ਰਿਸ਼ਟਾਚਾਰ ਦੀ ਅਗਨੀ ਦੀ ਲਪੇਟ ਵਿਚ ਆ ਗਿਆ ਹੈ। ਇਸ ਅਨੁਭਵ ਦਾ ਚਿੱਤਰ ਉਸ ਦਾ ਨਾਵਲ 'ਕੋਈ ਹਰਿਆ ਬੂਟ ਰਹਿਓ ਰੀ ?' 1965 ਵਿਚ ਹੋਏ ਹਿੰਦ-ਪਾਕਿ ਯੁੱਧ ਤੋਂ ਪ੍ਰਭਾਵਿਤ ਹੋ ਕੇ ਉਸ ਨੇ 'ਗਗਨ ਦਾਮਾਮਾ ਬਾਜਿਓ' ਲਿਖਿਆ। ਸਹਿਕਾਰੀ ਲਹਿਰ ਦਾ ਪ੍ਰਭਾਵ ਕਬੂਲਦਿਆਂ ਇਸ ਲਹਿਰ ਦਾ ਵਰਣਨ 'ਛਲਾਵਾ' ਵਿਚ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ

1. 'ਸਾਹਿੱਤ ਸਮਾਚਾਰ' ਨਾਨਕ ਸਿੰਘ ਅੰਕ (ਨਵਾਂ ਸੰਸਕਰਣ) ਪੰਨਾ 160.
2. ਦਲੀਪ ਸਿੰਘ ਦੀਪ, 'ਨਾਨਕ ਸਿੰਘ ਤੇ ਉਸ ਦੀ ਕਲਾ', ਪੰਨਾ 48.
3. 'ਨਾਨਕ ਸਿੰਘ ਤੇ ਉਸ ਦੀ ਕਲਾ', ਪੰਨਾ 70.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨਾਨਕ ਸਿੰਘ ਦੇ ਨਾਵਲਾਂ ਵਿਚ ਪਾਤਰ-ਉਸਾਰੀ

ਨਾਨਕ ਸਿੰਘ ਦੇ ਨਾਵਲਾਂ ਵਿਚ ਵਿਸ਼ੇ ਦੀ ਚੋਣ ਸੁਚੱਜੀ ਤੇ ਕਥਾਨਕ ਫੱਬਵੀਂ ਹੈ। ਬੋਲੀ ਤੇ ਸ਼ੈਲੀ ਵਿਚੋਂ ਸਿਆਣਪ ਦੀ ਝਲਕ ਪੈਂਦੀ ਹੈ ਅਤੇ ਸਥਾਨਕ ਰੰਗ ਉਘਾੜਣ ਵਿਚ ਉਹ ਸਫਲ ਹੈ। ਕਹਾਣੀਰਸ ਉਸ ਦੀ ਨਾਵਲ-ਕਲਾ ਦਾ ਸ੍ਰੇਸ਼ਟ ਗੁਣ ਹੈ। ਪਰੰਤੂ, ਇਹ ਸਭ ਕੁਝ ਹੁੰਦਿਆਂ ਵੀ ਪਾਤਰ-ਉਸਾਰੀ ਵਿਚ ਪਰਪਕਤਾ ਨਾ ਹੋਣ ਕਰ ਕੇ ਇਹ ਉਸ ਦੀ ਨਾਵਲ ਨਵੀਸੀ ਦਾ ਇਕ ਕਮਜ਼ੋਰ ਅੰਗ ਹੀ ਸਮਝਿਆ ਜਾਂਦਾ ਹੈ। ਸ਼ਾਇਦ ਨਾਨਕ ਸਿੰਘ ਪਾਤਰ-ਉਸਾਰੀ ਸੰਬੰਧੀ ਬਹੁਤਾ ਸੁਚੇਤ ਨਹੀਂ। ਉਹ ਨਾਵਲ ਦੀ ਗੋਂਦ ਗੁੰਦਣ ਤੇ ਕਹਾਣੀ-ਰਸ ਉਪਜਾਉਣ ਤੇ ਹੀ ਪੂਰੀ ਵਾਹ ਲਾ ਦਿੰਦਾ ਹੈ। ਇਸ ਤਰ੍ਹਾਂ ਪਲਾਟ ਹੀ ਪਾਤਰ-ਉਸਾਰੀ ਉਪਰ ਛਾ ਜਾਂਦਾ ਹੈ। ਇਹੋ ਕਾਰਨ ਹੈ ਕਿ ਏਨੇ ਨਾਵਲ ਲਿਖਣ ਦੇ ਬਾਵਜੂਦ ਨਾਨਕ ਸਿੰਘ ਕੋਈ ਪਾਤਰ-ਪ੍ਰਧਾਨ ਨਾਵਲ ਨਹੀਂ ਲਿਖ ਸਕਿਆ।

ਨਾਨਕ ਸਿੰਘ ਵਧੇਰੇ ਨਾਇਕ ਤੇ ਨਾਇਕਾ ਦੀ ਹੀ ਪਾਤਰ-ਉਸਾਰੀ ਕਰਦਾ ਹੈ, ਦੂਜੇ ਪਾਤਰਾਂ ਵੱਲ ਬਹੁਤਾ ਧਿਆਨ ਨਹੀਂ ਦਿੰਦਾ। ਨਾਨਕ ਸਿੰਘ ਦੇ ਨਾਵਲਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਸ ਨੇ ਪਾਤਰ-ਉਸਾਰੀ ਲਈ ਲਗਭਗ ਸਾਰੇ ਢੰਗ ਹੀ ਵਰਤੇ ਹਨ।

(ੳ) ਵਰਣਨ ਰਾਹੀਂ

(ਅ) ਵਾਰਤਾਲਾਪ ਰਾਹੀਂ

(ੲ) ਕਾਰਜ ਰਾਹੀਂ

(ਸ) ਵਾਤਾਵਰਨ ਰਾਹੀਂ

ਪਹਿਲਾਂ ਢੰਗ (ਵਰਣਨ ਰਾਹੀਂ) ਨਾਨਕ ਸਿੰਘ ਨੇ ਬਹੁਤ ਸਾਰੇ ਨਾਵਲਾਂ ਵਿਚ ਵਰਤਿਆ ਹੈ। ਉਹ ਆਪ ਹੀ ਪਾਤਰ ਦੀ ਸਰੀਰਕ ਬਣਤਰ ਤੇ ਸੁਭਾ ਬਾਰੇ ਦੱਸ ਦਿੰਦਾ ਹੈ। 'ਅਧ ਖਿੜਿਆ ਫੁੱਲ' ਦੀ ਨਾਇਕਾ ਸਰੋਜ ਦੀ ਪਾਤਰ-ਉਸਾਰੀ ਇਸੇ ਢੰਗ ਨਾਲ ਆਰੰਭੀ ਹੈ। ਇਹੋ ਵਿਧੀ ਉਸ ਨੇ ਹੋਰ ਨਾਵਲਾਂ ਵਿਚ ਵੀ ਅਪਣਾਈ ਹੈ। ਦੂਜੇ ਢੰਗ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਵਾਰਤਾਲਾਪ ਰਾਹੀਂ) ਵਿਧੀ ਅਨੁਸਾਰ ਨਾਵਲਕਾਰ ਪਾਤਰਾਂ ਦੀ ਆਪਸੀ ਗੱਲ ਬਾਤ ਵਿਚੋਂ ਉਨ੍ਹਾਂ ਦਾ ਆਪਣਾ ਜਾਂ ਉਨ੍ਹਾਂ ਪਾਤਰਾਂ ਦੇ ਆਚਰਨ ਪਾਠਕਾਂ ਦੇ ਸਾਹਮਣੇ ਉਘਾੜਦਾ ਹੈ ਜਿਨ੍ਹਾਂ ਬਾਰੇ ਵਾਰਤਾਲਾਪ ਹੁੰਦੀ ਹੈ। ਮਿਸ ਪ੍ਰੀਤਮ ਤੇ ਸਕੂਲ ਦੀ ਚਪੜਾਸਣ ਨਿਹਾਲੀ (ਸਰਾਪੀਆਂ ਰੂਹਾਂ) ਦੀ ਗੱਲ ਬਾਤ ਵਿਚੋਂ ਪ੍ਰੀਤਮ ਦੇ ਮਾਮੇ ਈਸ਼ਰ ਦਾਸ ਦਾ ਵਿਭਚਾਰੀ ਆਚਰਨ ਉਘਾੜਦਾ ਹੈ। ਤੀਜੀ ਵਿਧੀ (ਕਾਰਜ ਰਾਹੀਂ) ਅਨੁਸਾਰ, ਪਾਤਰਾਂ ਦੇ ਕਾਰਜ ਹੀ ਉਨ੍ਹਾਂ ਦੇ ਕਿਰਦਾਰ ਨੂੰ ਪ੍ਰਤੀਬਿੰਬਤ ਕਰਦੇ ਹਨ, ਜਿਵੇਂ ਵਰਿਆਮ ਸਿੰਘ (ਅਧ ਖਿੜਿਆ ਫੁੱਲ) ਬਚਨ ਸਿੰਘ (ਚਿੱਟਾ ਲਹੂ) ਪੁੰਨਿਆਂ (ਮੰਝਧਾਰ) ਰਾਮਿੰਦਰ (ਧੁੰਧਲੇ ਪ੍ਰਛਾਵੇਂ) ਆਦਿ। ਚੌਥੀ ਵਿਧੀ (ਵਾਤਾਵਰਨ ਰਾਹੀਂ) ਮੁਤਾਬਿਕ ਪਾਤਰ ਦੇ ਆਲੇ-ਦੁਆਲੇ ਦਾ ਵਾਤਾਵਰਨ ਚਿਤਰ ਕੇ ਉਸ ਦੇ ਆਚਰਨ ਨੂੰ ਉਜਾਗਰ ਕੀਤਾ ਜਾਂਦਾ ਹੈ। 'ਦੂਰ ਕਿਨਾਰਾ' ਵਿਚ ਚੱਕਰਵਰਤੀ ਤੇ 'ਪਵਿੱਤਰ ਪਾਪੀ' ਵਿਚ ਕਿਦਾਰ ਨਾਥ ਦੀ ਪਾਤਰ-ਉਸਾਰੀ ਲਈ ਇਹੋ ਵਿਧੀ ਅਪਣਾਈ ਗਈ ਹੈ। ਇਹ ਸਾਰੇ ਢੰਗ ਮਿਸ਼ਰਤ ਰੂਪ ਵਿਚ ਹੀ ਵਰਤੇ ਗਏ ਹਨ, ਕਿਸੇ ਇਕ ਨਾਵਲ ਵਿਚ ਜਾਂ ਇਕ ਪਾਤਰ ਲਈ ਇਕ ਹੀ ਢੰਗ ਦੀ ਸਵਤੰਤਰ ਰੂਪ 'ਚ ਵਰਤੋਂ ਨਹੀਂ ਕੀਤੀ ਗਈ ਅਤੇ ਨਾ ਹੀ ਅਜਿਹਾ ਕਿਸੇ ਨਾਵਲਕਾਰ ਲਈ ਸੰਭਵ ਹੀ ਹੈ।

ਨਾਨਕ ਸਿੰਘ ਦੇ ਵਧੇਰੇ ਪਾਤਰ ਸ਼ਹਿਰੀ ਮਧ ਸ਼੍ਰੇਣੀ ਦੇ ਇਸਤ੍ਰੀ ਪੁਰਸ਼ ਹਨ। ਪੇਂਡੂ ਪਾਤਰਾਂ ਦਾ ਉਸ ਦੇ ਨਾਵਲਾਂ ਵਿਚ ਲਗਭਗ ਅਭਾਵ ਹੈ। 'ਚਿੱਟਾ ਲਹੂ' ਭਾਵੇਂ ਪੇਂਡੂ ਸਭਿਆਚਾਰ ਨਾਲ ਸੰਬੰਧਿਤ ਹੈ ਪਰ ਨਿਰੋਲ ਪੇਂਡੂ ਕ੍ਰਿਸਾਣ ਸ਼੍ਰੇਣੀ ਦਾ ਕੋਈ ਪਾਤਰ ਉਸ ਵਿਚ ਵੀ ਨਹੀਂ। ਪੰਡਿਤ ਰਾਧੇ ਕ੍ਰਿਸ਼ਨ, ਭਾਈ ਜੀ ਆਦਿ ਪਿੰਡ ਦੇ ਵਸਨੀਕ ਹਨ ਪਰੰਤੂ ਉਹ ਪੇਂਡੂ ਜੀਵਨ ਦੇ ਪ੍ਰਤੀਨਿਧ ਪਾਤਰ ਨਹੀਂ ਕਹੇ ਜਾ ਸਕਦੇ। ਨਾਨਕ ਸਿੰਘ ਦੇ ਨਾਵਲਾਂ 'ਚ ਬਾਲ-ਪਾਤਰਾਂ ਦੀ ਵੀ ਘਾਟ ਹੈ। ਕੁਝ ਨਾਵਲਾਂ ਵਿਚ ਜਾਨਵਰ-ਪਾਤਰ ਵੀ ਹਨ ਜਿਵੇਂ 'ਚਿੱਟਾ ਲਹੂ' ਵਿਚ ਲੱਛੋ ਬਾਂਦਰੀ ਆਦਿ। ਨਾਨਕ ਸਿੰਘ ਦੇ ਨਾਵਲਾਂ ਵਿਚ ਕੁਝ ਗੈਰ-ਹਾਜ਼ਰ ਪਾਤਰ ਵੀ ਆਏ ਹਨ ਜਿਨ੍ਹਾਂ ਦਾ ਜ਼ਿਕਰ ਹੀ ਨਾਵਲ ਵਿਚ ਮਹੱਤਵਪੂਰਨ ਹੁੰਦਾ ਹੈ। 'ਕੋਈ ਹਰਿਆ ਬੂਟ ਰਹਿਓ ਰੀ' ? ਵਿਚ ਰੂਪਾਂ ਦੀ ਨਾਨੀ, 'ਅਧਖਿੜਿਆ ਫੁੱਲ' ਵਿਚ ਸਤਵੰਤ, 'ਦੂਰ ਕਿਨਾਰਾ' ਵਿਚ ਜਯੋਤਸਨਾ ਆਦਿ ਅਜਿਹੇ ਪਾਤਰ ਹਨ।

ਨਾਨਕ ਸਿੰਘ ਦੇ ਪਾਤਰ ਅੰਤਿਮ-ਪੱਖੀ ਹੁੰਦੇ ਹਨ। ਉਹ ਜਾਂ ਤਾਂ ਚੰਗੇ ਹੁੰਦੇ ਹਨ ਤੇ ਜਾਂ ਬੁਰੇ। ਇਹ ਦੋਸ਼ ਉਸ ਦੀ ਨਾਵਲ-ਕਲਾ ਵਿਚ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਆਇਆ ਜਾਪਦਾ ਹੈ। ਭਾਈ ਵੀਰ ਸਿੰਘ ਦੇ ਪਾਤਰ ਵੀ ਇਕ-ਰੰਗੇ ਹਨ। ਉਸ ਦੇ ਸਿੱਖ ਪਾਤਰ ਨੇਕੀ ਦਾ ਚਿੰਨ੍ਹ ਹਨ ਤੇ ਮੁਸਲਮਾਨ ਬੁਰਾਈ ਦਾ। ਇਸ ਤਰ੍ਹਾਂ ਨਾਨਕ ਸਿੰਘ ਦੇ ਪਾਤਰਾਂ 'ਤੇ ਭਾਵੇਂ ਕਿਸੇ ਧਰਮ ਦਾ ਲੇਬਲ ਤਾਂ ਨਹੀਂ ਪਰ ਫਿਰ ਵੀ ਉਸ ਦੇ ਪਾਤਰ ਨਿਰੇ ਕੋਝੇ ਜਾਂ ਨਿਰੋਲ ਚੰਗੇ ਹਨ। ਜਿਸ ਨੂੰ ਤਾਂ ਉਸ ਨੇ ਚੰਗਾ ਬਣਾਇਆ ਹੈ, ਨਿਰਾ ਦੇਵਤਾ ਹੀ ਬਣਾ ਦਿੱਤਾ ਹੈ। ਜਿਸ ਨੂੰ ਬੁਰਾ ਬਨਾਉਣ ਲੱਗਾ, ਉਸ ਦੇ ਮੂੰਹ 'ਤੇ ਜੀਅ ਭਰ ਕੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਦੀਆਂ ਦੀ ਕਾਲਖ਼ ਮਲੀ ਹੈ। ਬਚਨ ਸਿੰਘ (ਚਿੱਟਾ ਲਹੂ) ਵਰਿਆਮ ਸਿੰਘ (ਅਧ-ਖਿੜਿਆ ਫੁੱਲ) ਯਤੀਸ਼ (ਕੋਈ ਹਰਿਆ ਬੂਟ ਰਹਿਓ ਰੀ ?) ਰਾਮਿੰਦਰ (ਧੁੰਦਲੇ ਪਰਛਾਵੇਂ) ਪੂੰਨਿਆਂ (ਮੰਝਧਾਰ) ਆਦਿ ਪਾਤਰ ਤਾਂ ਮਨੁੱਖੀ ਪੱਧਰ ਤੋਂ ਉਚੇਰੇ ਦੇਵਤਾ ਸਰੂਪ ਜਾਪਦੇ ਹਨ। ਦੂਜੇ ਪਾਸੇ ਦੇਵਿੰਦਰ ਸਿੰਘ (ਧੁੰਦਲੇ ਪਰਛਾਵੇਂ) ਅਮਰ ਸਿੰਘ (ਆਦਮਖ਼ੋਰ) ਪੰਡਿਤ ਰਾਧੇ ਕ੍ਰਿਸ਼ਨ (ਚਿੱਟਾ ਲਹੂ) ਆਦਿ ਪਾਤਰਾਂ ਨੂੰ ਬਦੀ ਦੇ ਅਜਿਹੇ ਚਿੰਨ੍ਹ ਬਣਾ ਦਿੱਤਾ ਹੈ ਕਿ ਉਹ ਆਪਣੇ ਆਚਰਨ ਕਾਰਨ ਜਿਵੇਂ ਮਨੁੱਖ ਅਖਵਾਉਣ ਦੇ ਹੱਕਦਾਰ ਨਹੀਂ ਰਹੇ। ਨਾਨਕ ਸਿੰਘ ਨੇ ਨਾਵਲਾਂ ਵਿਚ ਵਿਰਲੇ ਪਾਤਰ ਹੀ ਅਜਿਹੇ ਹਨ ਜਿਨ੍ਹਾਂ ਵਿਚ ਨੇਕੀ-ਬਦੀ ਦਾ ਤੱਤ ਮਿਸ਼ਰਤ ਰੂਪ 'ਚ ਵਿਦਮਾਨ ਹੈ ਅਤੇ ਇਹੋ ਤੱਤ ਉਨ੍ਹਾਂ ਨੂੰ ਸਾਧਾਰਨ ਮਨੁੱਖ ਦਾ ਰੂਪ ਬਖ਼ਸ਼ਦਾ ਹੈ। 'ਪਵਿੱਤਰ ਪਾਪੀ' ਦਾ ਨਾਇਕ ਕਿਦਾਰ ਪਵਿੱਤਰ ਵੀ ਹੈ ਤੇ ਪਾਪੀ ਵੀ। ਇਸੇ ਤਰ੍ਹਾਂ ਸ਼ਿੰਗਾਰਾ ਸਿੰਘ (ਆਦਮ ਖ਼ੋਰ) ਬਦੀ ਦੀ ਕਾਲਖ਼ ਨਾਲ ਰੰਗਿਆ ਹੋਇਆ ਵੀ ਬਹੁਤਾ ਬੁਰਾ ਨਹੀਂ ਜਾਪਦਾ। ਇਸ ਪ੍ਰਸੰਗ 'ਚ ਇਕ ਗੱਲ ਧਿਆਨ ਯੋਗ ਹੈ ਕਿ ਨਾਨਕ ਸਿੰਘ ਦੇ ਇਸਤ੍ਰੀ-ਪਾਤਰ ਹਰ ਹਾਲਤ ਵਿਚ ਚੰਗੇ ਹੀ ਹਨ। ਉਸ ਦੇ ਨਾਵਲਾਂ 'ਚ ਆਏ ਇਸਤ੍ਰੀ-ਪਾਤਰ ਵੇਸਵਾ ਦੇ ਰੂਪ 'ਚ ਸਾਹਮਣੇ ਆ ਕੇ ਵੀ ਉਚੇਰੀ ਹਸਤੀ ਦੇ ਸੁਆਮੀ ਹਨ। ਪਾਤਰਾਂ ਦੇ ਉਪਰੋਕਤ ਇਕ-ਰੰਗੇ ਸਰੂਪ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਨਾਨਕ ਸਿੰਘ ਦੇ ਸ਼ੁਭ ਔਗੁਣਾਂ ਵਾਲੇ ਪਾਤਰ ਆਦਰਸ਼ਵਾਦ ਦਾ ਮਖੌਟਾ ਪਹਿਨ ਕੇ ਸਾਹਮਣੇ ਆਉਂਦੇ ਹਨ ਪਰ ਅਸਲੀਅਤ ਤੋਂ ਦੁਰੇਡੇ ਜਾਪਦੇ ਹਨ। ਉਸ ਦੇ ਬੁਰੇ ਪਾਤਰ ਯਥਾਰਥਕ ਹੁੰਦੇ ਹਨ।

ਨਾਨਕ ਸਿੰਘ ਦੇ ਪਾਤਰ ਉਸ ਦੀ ਆਪਣੀ ਜ਼ਿੰਦਗੀ 'ਚ ਆਏ ਵਿਅਕਤੀਆਂ ਦੇ ਆਚਰਨ ਦੇ ਢਾਂਚੇ ਵਿਚ ਢਾਲੇ ਹੋਏ ਹਨ। ਬਾਗ ਸਿੰਘ ਨਾਵਲਕਾਰ ਦੀ ਜ਼ਿੰਦਗੀ 'ਚ ਆਇਆ ਇਕ ਆਦਰਸ਼ ਹੈ। ਇਹ ਪੁਰਸ਼ ਹੀ ਨਾਨਕ ਸਿੰਘ ਦੇ ਨਾਵਲਾਂ ਵਿਚ ਕਈ ਰੂਪ ਧਾਰ ਕੇ ਆਇਆ ਹੈ। ਇਸ ਗੱਲ ਦੀ ਪੁਸ਼ਟੀ ਨਾਨਕ ਸਿੰਘ 'ਮੇਰੀ ਦੁਨੀਆਂ' ਵਿਚ ਕਰਦਾ ਹੈ—'ਉਹ ਬਾਬਾ ਮੇਰੇ ਲਗਭਗ ਹਰ ਨਾਵਲ ਵਿਚ ਕੋਈ ਨਾ ਕੋਈ ਬਾਣਾ ਧਾਰ ਕੇ ਅਵੱਸ਼ ਆਇਆ ਹੈ—ਜਿਵੇਂ 'ਚਿੱਟਾ ਲਹੂ ਵਿਚ ਬਾਬਾ ਰੋਡੂ', 'ਕਾਲ ਚੱਕਰ', ਵਿਚ ਸੰਤ ਸੋਮ ਪਰਕਾਸ਼, 'ਕਾਗਤਾਂ ਦੀ ਬੇੜੀ', ਵਿਚ ਸੰਤ ਸੁੰਦਰ ਦਾਸ, 'ਲਵ ਮੈਰਿਜ' ਵਿਚ ਇਕ ਸਾਧੂ (ਜੋ ਕੰਪਨੀ ਬਾਗ ਵਿਚ ਮਿਲਿਆ ਸੀ) 'ਦੂਰ ਕਿਨਾਰਾ' ਵਿਚ ਪਿਆਰੂ, 'ਗੰਗਾਜਲੀ ਵਿਚ ਸ਼ਰਾਬ' ਵਿਚ ਅਖ਼ਬਾਰ ਦਾ ਐਡੀਟਰ, 'ਖ਼ੂਨ ਦੇ ਸੋਹਲੇ' ਤੇ 'ਅੱਗ ਦੀ ਖੇਡ' ਵਿਚ ਬਾਬਾ ਭਾਨਾ ਬਣ ਕੇ। ਇਸੇ ਤਰ੍ਹਾਂ ਦੂਜੇ ਨਾਵਲਾਂ ਵਿਚ ਵੀ ਕਿਸੇ ਨਾ ਕਿਸੇ ਸ਼ਕਲ ਵਿਚ।' ਇਸੇ ਤਰ੍ਹਾਂ ਨਾਨਕ ਸਿੰਘ ਦੀ ਪ੍ਰੇਮਿਕਾ 'ਮੇਰੀ ਦੁਨੀਆਂ' ਵਿਚ ਜਿਸ ਦੇ ਨਾਂ ਦਾ ਪਹਿਲਾ ਅੱਖਰ ਉਹ 'ਸ' ਦੱਸਦਾ ਹੈ, ਵੀ 'ਸ' ਅੱਖਰ ਨਾਲ ਆਰੰਭ ਹੋਣ ਵਾਲੇ ਨਾਵਾਂ ਨਾਲ ਕਈ ਨਾਵਲਾਂ ਵਿਚ ਨਾਵਲਕਾਰ ਦੀ ਜ਼ੋਬਨ-ਰੁੱਤੇ ਮੋਈ ਪ੍ਰੇਮਿਕਾ ਦਾ ਪ੍ਰਤੀਬਿੰਬ ਬਣ ਕੇ ਆਈ ਹੈ। ਜਿਵੇਂ 'ਸਲੋਚਨਾ (ਆਦਮ-ਖੋਰ) ਸਰੋਜ (ਅਧ ਖਿੜਿਆ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੁੱਲ) ਸੁੰਦਰੀ (ਚਿੱਟਾ ਲਹੂ) ਸੁਲੋਚਨਾ (ਪੁਜਾਰੀ) ਆਦਿ ਪਾਤਰ ਨਾਵਲਕਾਰ ਦੇ ਆਪਣੇ ਕਥਨ ਅਨੁਸਾਰ ਉਸ ਦੀ ਪ੍ਰੇਮਕਾ ਦਾ ਰੂਪ-ਰੰਗ ਤੇ ਨੈਣ-ਨਕਸ਼ 'ਅਧ ਖਿੜਿਆ ਫੁੱਲ ਦੀ ਨਾਇਕਾ 'ਸਰੋਜ' ਨਾਲ ਵਧੇਰੇ ਮਿਲਦੇ ਹਨ। ਇਸੇ ਤਰ੍ਹਾਂ ਨਾਨਕ ਸਿੰਘ ਨੇ ਆਪਣੀ ਮਾਂ ਦੇ ਸਰੂਪ ਨੂੰ ਗਿਆਨ ਕੌਰ (ਅਧ ਖਿੜਿਆ ਫੁੱਲ) ਪੰਡਤਾਣੀ (ਬੰਜਰ) ਗੁਰੋ (ਪੁਜਾਰੀ) ਆਦਿ ਪਾਤਰਾਂ 'ਚ ਸਮੋਇਆ ਹੈ। ਨਾਨਕ ਸਿੰਘ ਦੀ ਜ਼ਿੰਦਗੀ ਵਿਚ ਆਏ ਸ਼ਰਾਬੀ ਪੁਰਸ਼ ਉਸਤਾਦ ਗੰਗਾ ਸਿੰਘ ਦੀ ਰੂਹ 'ਜੀਵਨ ਸੰਗਰਾਮ' ਦੇ ਨਾਇਕ ਮਾਸਟਰ ਬਲਵੰਤ ਸਿੰਘ ਵਿਚ ਜੀਵਤ ਹੈ। ਨਾਨਕ ਸਿੰਘ ਦੀ ਪਤਨੀ ਦੀ 'ਖ਼ਿਮਾ ਕਰ ਦੇਣ' ਵਾਲੀ ਭਾਵਨਾ ਦਾ ਸਾਕਾਰ ਰੂਪ ਅਮਰ ਕੌਰ (ਆਦਮ ਖ਼ੋਰ) ਹੈ ਜੋ ਆਪਣੇ ਵਿਭਚਾਰੀ ਪਤੀ ਠਾਕਰ ਸਿੰਘ ਨੂੰ ਖਿਮਾਂ ਕਰ ਦਿੰਦੀ ਹੈ ਜਿਵੇਂ ਨਾਨਕ ਸਿੰਘ ਨੂੰ ਉਸ ਦੀ ਪਤਨੀ ਨੇ ਬਖ਼ਸ਼ ਦਿੱਤਾ ਸੀ ਜਦ ਉਹ ਕੁਰੀਤੀਆਂ ਦੀ ਦਲ ਦਲ 'ਚ ਫਸ ਗਿਆ ਸੀ। ਪਖੰਡੀ ਸਾਧੂਆਂ ਦੀ ਪਾਤਰ-ਉਸਾਰੀ ਉਸ ਨਿਰਮਲੇ ਸਾਧ ਦੇ ਆਚਰਨ ਦੇ ਆਧਾਰ 'ਤੇ ਕੀਤੀ ਗਈ ਹੈ ਜੋ ਨਾਨਕ ਸਿੰਘ ਦੀ ਜ਼ਿੰਦਗੀ 'ਚ ਆਇਆ ਹੈ। ਇਸ ਤਰ੍ਹਾਂ ਸਾਹਿਤਕ ਪੱਖੋਂ ਇਹ ਵਿਚਾਰ ਉਭਰਦਾ ਹੈ ਕਿ ਨਾਨਕ ਸਿੰਘ ਦੀ ਜ਼ਿੰਦਗੀ 'ਚ ਆਏ ਵਿਅਕਤੀ ਹੀ ਉਸ ਦੇ ਨਾਵਲਾਂ ਵਿਚਲੀ ਕਲਪਿਤ ਦੁਨੀਆਂ ਵਿਚ ਪੁਨਰ-ਜਨਮ ਲੈਂਦੇ ਹਨ।

ਨਾਨਕ ਸਿੰਘ ਦੇ ਪਾਤਰ ਉਹ ਕੁਝ ਨਹੀਂ ਹਨ ਜੋ ਉਨ੍ਹਾਂ ਨੂੰ ਸਮੇਂ ਤੇ ਪ੍ਰਸਥਿਤੀਆਂ ਦੇ ਅਨੁਸਾਰ ਹੋਣਾ ਚਾਹੀਦਾ ਸੀ। ਉਹ ਉਹੀ ਕੁਝ ਹਨ ਜੋ ਨਾਵਲਕਾਰ ਨੇ ਉਨ੍ਹਾਂ ਨੂੰ ਬਣਾਇਆ ਹੈ। ਅਜਿਹੇ ਪਾਤਰ ਕਈ ਵਾਰ ਨਾਵਲਕਾਰ ਦੇ ਹੱਥਾਂ 'ਚ ਕਠ-ਪੁਤਲੀਆਂ ਬਣੇ ਜਾਪਦੇ ਹਨ। 'ਪਵਿੱਤਰ ਪਾਪੀ' ਦਾ ਨਾਇਕ ਕੋਈ ਆਪਣੇ ਮਨ 'ਚ ਲੁਕੀ ਪਿਆਰ ਦੀ ਭਾਵਨਾ ਨੂੰ ਵੀਣਾ ਅੱਗੇ ਪ੍ਰਗਟ ਕਰ ਸਕਦਾ ਸੀ ਪਰ ਨਾਨਕ ਸਿੰਘ ਦੀ ਪਕੜ ਨੇ ਅਜਿਹਾ ਨਹੀਂ ਹੋਣ ਦਿੱਤਾ। ਮਗਰੋਂ ਵੀ ਇਉਂ ਜਾਪਦਾ ਹੈ ਜਿਵੇਂ ਕਿਦਾਰ ਮਰਨ ਲਈ ਤਿਆਰ ਨਹੀਂ—ਉਹ ਆਪਣੀਆਂ ਅਤ੍ਰਿਪਤ ਭਾਵਨਾਵਾਂ ਦੀ ਤ੍ਰਿਪਤੀ ਚਾਹੁੰਦਾ ਹੈ, ਪਰ ਨਾਨਕ ਸਿੰਘ ਉਸ ਨੂੰ ਮੌਤ ਦੇ ਮੂੰਹ ਵੱਲ ਧੱਕ ਰਿਹਾ ਜਾਪਦਾ ਹੈ—ਸਿਰਫ਼ ਆਪਣੀ ਨਾਵਲਨਵੀਸੀ ਦਾ ਢਾਂਚਾ ਉਸਾਰਣ ਲਈ। ਇਸੇ ਤਰ੍ਹਾਂ 'ਸਰਾਪੀਆਂ ਰੂਹਾਂ' ਵਿਚ ਇਕ ਅੰਨ੍ਹੇ ਮੰਗਤੇ ਨਾਲ ਇਕ ਸਕੂਲ ਅਧਿਆਪਕਾ ਦਾ ਇਸ਼ਕ ਵੀ ਸੁਭਾਵਕ ਪ੍ਰਕ੍ਰਿਆ ਨਹੀਂ। 'ਕੋਈ ਹਰਿਆ ਬੂਟ ਰਹਿਓ ਰੀ ?' ਦੀ ਨਾਇਕਾ ਖੁੱਲ੍ਹੀਆਂ ਬੂਦਰੀਆਂ ਵਾਲੀ ਉਜੱਡ ਜਹੀ ਕੁੜੀ 'ਤੇ ਕਿਸੇ ਅਮੀਰਜ਼ਾਦੇ ਦਾ, ਭਾਵੇਂ ਉਸ ਦੇ ਵਿਚਾਰ ਕਿਸੇ ਤਰ੍ਹਾਂ ਦੇ ਵੀ ਹੋਣ, ਇਸ ਤਰ੍ਹਾਂ ਇਕ ਦਮ ਮੋਹਿਤ ਹੋ ਜਾਣਾ ਸੁਭਾਵਕ ਨਹੀਂ। ਇਸੇ ਤਰ੍ਹਾਂ ਬਲਦੇਵ (ਗਰੀਬ ਦੀ ਦੁਨੀਆਂ) ਪ੍ਰਿਤਪਾਲ (ਆਦਮ ਖ਼ੋਰ) ਆਦਿ ਅਮੀਰ ਮਾਪਿਆਂ ਦੇ ਲੜਕੇ ਅਪਰਤੱਖ ਰੂਪ 'ਚ ਆਪਣੇ ਸਰਮਾਏਦਾਰ ਮਾਪਿਆਂ ਦਾ ਪੱਖ ਹੀ ਪੂਰਦੇ ਹਨ ਪਰ ਨਾਨਕ ਸਿੰਘ ਉਨ੍ਹਾਂ ਨੂੰ ਮਜ਼ਦੂਰ-ਸੰਘਰਸ਼ ਨਾਲ ਹੀ ਜੋੜੀ ਰੱਖਦਾ ਹੈ। ਪ੍ਰਿਤਪਾਲ (ਆਦਮ ਖ਼ੋਰ) ਮਜ਼ਦੂਰ-ਸੰਘਰਸ਼ ਦੀ ਅਗਵਾਈ ਕਰਦੇ ਹੋਏ ਵੀ ਆਪਣੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਰਮਾਏਦਾਰ ਪਿਓ ਦੇ ਹਿੱਤਾਂ ਦੀ ਰਾਖੀ ਕਰ ਜਾਂਦਾ ਹੈ, ਉਹ ਮਜ਼ਦੂਰਾਂ ਦੀ ਹੜਤਾਲ ਸਮੇਂ ਆਪਣੇ ਪਿਓ ਨੂੰ ਕਾਰਖ਼ਾਨਾ ਬੰਦ ਕਰਨ ਦੀ ਸਲਾਹ ਦਿੰਦਾ ਹੈ। ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਮਜ਼ਦੂਰ ਲਹਿਰ ਦੀ ਅਗਵਾਈ ਮਜ਼ਦੂਰ ਸ਼੍ਰੇਣੀ 'ਚੋਂ ਉੱਪਜੇ ਉੱਪਜੇ ਨੇਤਾ ਹੀ ਕਰ ਸਕਦੇ ਹਨ ਪਰ ਨਾਨਕ ਸਿੰਘ ਇਸ ਕੰਮ ਲਈ ਅਮੀਰ ਛੋਕਰਿਆਂ ਨੂੰ ਅੱਗੇ ਲੈ ਆਉਂਦਾ ਹੈ। ਸਪਸ਼ਟ ਹੈ ਕਿ ਨਾਨਕ ਸਿੰਘ ਦੇ ਪਾਤਰ ਕਠ-ਪੁਤਲੀਆਂ ਵਾਂਗ ਹਨ, ਜਿੱਧਰ ਵੀ ਨਾਵਲਕਾਰ ਤਾਰ ਖਿੱਚਦਾ ਹੈ, ਉਸੇ ਪਾਸੇ ਮੁੜ ਪੈਂਦੇ ਹਨ। ਕਿਹਾ ਜਾ ਸਕਦਾ ਹੈ ਕਿ ਨਾਨਕ ਸਿੰਘ ਆਪਣੇ ਪਾਤਰਾਂ ਦੇ ਸ਼੍ਰੇਣੀ-ਕਿਰਦਾਰ ਨੂੰ ਨਹੀਂ ਸਮਝਦਾ, ਉਨ੍ਹਾਂ ਦੇ ਪਿਤਾ-ਪੁਰਖੀ ਸੁਭਾ ਨੂੰ ਨਹੀਂ ਪਹਿਚਾਣਦਾ, ਸਗੋਂ ਉਨ੍ਹਾਂ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਇੱਧਰ-ਉੱਧਰ ਘੁਮਾਉਂਦਾ ਹੈ। ਉਸ ਦੇ ਪਾਤਰਾਂ ਦੀ ਹਾਲਤ ਕਈ ਵਾਰ, ਉਸ ਬੱਚੇ ਵਰਗੀ ਹੁੰਦੀ ਹੈ ਜਿਸ ਦਾ ਪਿਓ ਉਸ ਨੂੰ ਮੱਲੋ ਮੱਲੀ ਸਕੂਲ ਲਿਜਾ ਰਿਹਾ ਹੋਵੇ।

ਨਾਨਕ ਸਿੰਘ ਦੇ ਨਾਵਲਾਂ ਦੇ ਪਾਤਰ ਸਮਾਜਕ ਵਾਤਾਵਰਨ ਤੋਂ ਅਭਿੱਜ ਕਿਸੇ ਵੱਖਰੀ ਦੁਨੀਆਂ ਦੇ ਵਸਿੰਦੇ ਜਾਪਦੇ ਹਨ। ਉਹ ਸਮਾਜਕ ਵਿਅਕਤੀ ਹੁੰਦੇ ਹੋਏ ਵੀ ਪਰਾਸਰੀਰਕ ਜੀਵ ਜਾਪਦੇ ਹਨ। ਇਸ ਦਾ ਕਾਰਨ ਨਾਨਕ ਸਿੰਘ ਦੀ ਨਾਵਲ-ਕਲਾ ਤੇ ਚੜ੍ਹਿਆ ਆਦਰਸ਼ਵਾਦੀ ਰੰਗ ਹੈ। ਇਸ ਰੰਗ 'ਚ ਰੰਗੇ ਉਸ ਦੇ ਪਾਤਰ ਆਪਣੇ ਕਿਸੇ ਆਦਰਸ਼ ਵਿਚ ਮਗਨ ਰਹਿੰਦੇ ਹਨ। ਬਚਨ ਸਿੰਘ (ਚਿੱਟਾ ਲਹੂ) ਅਰਸ਼ੋਂ ਉੱਤਰੇ ਕਿਸੇ ਫਰਿਸ਼ਤੇ ਵਾਂਗ ਕੰਮ ਕਰਦਾ ਹੈ। ਥਿੜਕਦਾ ਨਹੀਂ, ਘਬਰਾਉਂਦਾ ਨਹੀਂ। ਵਰਿਆਮ ਸਿੰਘ (ਅੱਧ ਖਿੜਿਆ ਫੁੱਲ) ਆਪਣੀ ਹੋਂਦ ਭੁਲਾ ਕੇ ਲੋਕ-ਸੇਵਾ ਦਾ ਕਾਰਜ ਕਰ ਰਿਹਾ ਹੈ। ਪੁੰਨਿਆਂ (ਮੰਝਦਾਰ) ਅਰਸ਼ੋਂ ਉੱਤਰੀ ਕਿਸੇ ਦੇਵੀ ਵਾਂਗ ਝੁੱਲਦੇ ਝੱਖੜਾਂ ਵਿਚ ਇਕੱਲੀ ਹੀ ਮਰੀਜ਼ਾਂ ਦੀ ਸੰਭਾਲ ਲਈ ਥਾਂ ਥਾਂ ਭੱਜੀ ਫਿਰਦੀ ਹੈ। ਰਮਿੰਦਰ (ਧੁੰਧਲੇ ਪ੍ਰਛਾਵੇਂ) ਕਿਸੇ ਧਰਮਰਾਜ ਦੀ ਪ੍ਰਤੀਨਿਧ ਬਣ ਕੇ ਆਪਣੇ ਪਿਓ ਦੀਆਂ ਕਾਲੀਆਂ ਕਰਤੂਤਾਂ ਦਾ ਧੋਣਾ ਧੋ ਰਹੀ ਹੈ। ਸਲੋਚਨਾ (ਆਦਮ ਖ਼ੋਰ) ਚੰਡੀ ਦਾ ਰੂਪ ਧਾਰ ਕੇ ਠਾਕਰ ਸਿੰਘ ਵਰਗੇ ਵਿਭਚਾਰੀਆਂ ਨੂੰ ਸੋਧ ਰਹੀ ਹੈ। ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਪਾਤਰਾਂ ਦੇ ਦਰਸ਼ਨ ਨਾਨਕ ਸਿੰਘ ਦੇ ਨਾਵਲਾਂ 'ਚੋਂ ਹੁੰਦੇ ਹਨ। ਜਿਨ੍ਹਾਂ ਦੀ ਸਾਧਾਰਨ ਜੀਵਨ 'ਚ ਕਲਪਨਾ ਹੀ ਕੀਤੀ ਜਾ ਸਕਦੀ ਹੈ।

ਨਾਨਕ ਸਿੰਘ ਦੇ ਪਾਤਰ ਬਹੁਤ ਛੇਤੀ ਉਪਭਾਵਕਤਾ ਦਾ ਸ਼ਿਕਾਰ ਹੋ ਜਾਂਦੇ ਹਨ। 'ਪਵਿੱਤਰ ਪਾਪੀ' ਦਾ ਨਾਇਕ ਕਿਦਾਰ ਇਸ ਕਿਸਮ ਦੀ ਦਲ ਦਲ ਵਿਚ ਫਸਿਆ ਹੋਇਆ ਹੈ ਤੇ ਉਹ ਕਿਸੇ ਸੂਝਵਾਨ ਪਾਠਕ ਦੀ ਹਮਦਰਦੀ ਜਿੱਤਣ ਤੋਂ ਅਸਮਰੱਥ ਹੈ। 'ਕੋਈ ਹਰਿਆ ਬੂਟ ਰਹਿਓ ਰੀ ?' ਦਾ ਨਾਇਕ ਯਤੀਸ਼ ਸਾਰੇ ਨਾਵਲ ਵਿਚ ਹੀ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਸੁਪਨੇ ਲੈਂਦਾ ਨਜ਼ਰ ਆਉਂਦਾ ਹੈ ਪਰ ਹਕੀਕਤ ਇਹ ਹੈ ਕਿ ਉਹ ਆਪਣੀ ਦੋ ਡੰਗ ਦੀ ਰੋਟੀ ਦਾ ਵੀ ਪ੍ਰਬੰਧ ਨਾ ਕਰ ਸਕਿਆ। ਭ੍ਰਿਸ਼ਟਾਚਾਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਰੋਕ-ਥਾਮ ਉਸ ਦੀ ਪਹੁੰਚ ਤੋਂ ਬਹੁਤ ਦੂਰ ਦੀ ਗੱਲ ਬਣ ਕੇ ਰਹਿ ਗਈ। ਅੰਤ 'ਚ ਯਤੀਸ਼ ਉਪਭਾਵਕ ਹੋ ਕੇ ਹੀ ਭ੍ਰਿਸ਼ਟਾਚਾਰ ਫੈਲਾਉਣ ਵਾਲਿਆਂ ਲਈ ਮੌਤ ਦੀ ਸਜ਼ਾ ਸੁਣਾਉਂਦਾ ਹੋਇਆ ਉਪਭਾਵਕਾ ਦੀ ਹਾਲਤ ਵਿਚ ਕੂਚ ਕਰ ਜਾਂਦਾ ਹੈ। 'ਚਿੱਟਾ ਲਹੂ' ਵਿਚ ਧੜਾ ਧੜ ਹੋਏ ਖ਼ੂਨ ਵੀ ਉਪਭਾਵਕਤਾ ਦਾ ਹੀ ਨਤੀਜਾ ਹੈ। ਨਾਨਕ ਸਿੰਘ ਦੇ ਸਿਰਜੇ ਪਾਤਰ ਉਪਭਾਵਕ ਹੋ ਕੇ ਆਦਰਸ਼ਵਾਦੀ ਰੰਗ 'ਚ ਰੰਗੇ ਲੰਮੇ ਲੰਮੇ ਲੈਕਚਰ ਦਿੰਦੇ ਹਨ ਜਿਵੇਂ ਪੁੰਨਿਆਂ (ਮੰਝਦਾਰ) ਕਾਂਗਰਸ ਦੀ ਇਕ ਮੀਟਿੰਗ ਵਿਚ ਅਜਿਹਾ ਕਰਦੀ ਹੈ। ਸੁੰਦਰੀ ਤੇ ਬਚਨ ਸਿੰਘ (ਚਿੱਟਾ ਲਹੂ) ਦੀਆਂ ਚਿੱਠੀਆਂ ਕਿਸੇ ਪਰੋਢ ਸੋਚ ਦੀ ਥਾਂ ਉਪ-ਭਾਵਕਤਾ ਨਾਲ ਹੀ ਭਰਪੂਰ ਹਨ।

ਨਾਨਕ ਸਿੰਘ ਦੇ ਨਾਵਲਾਂ ਦੇ ਪਾਤਰਾਂ ਵਿਚ ਮੌਲਕਿਤਾ ਦੀ ਘਾਟ ਹੈ। ਉਹ ਕਿਸੇ ਥੀਏਟਰ ਦੇ ਕਸਬੀ ਕਲਾਕਾਰਾਂ ਵਾਂਗ ਜਾਪਦੇ ਹਨ ਜੋ ਵੱਖ ਵੱਖ ਨਾਟਕਾਂ ਵਿਚ ਭੂਮਿਕਾ ਬਦਲ ਕੇ ਆਉਂਦੇ ਹਨ। ਇਸ ਤਰ੍ਹਾਂ ਨਾਨਕ ਸਿੰਘ ਦੇ ਸਿਰਜੇ ਪਾਤਰ 'ਟਿਪੀਕਲ ਕਰੈਕਟਰਜ਼' ਹਨ। ਸੁਚੇਤ ਪਾਠਕ ਝੱਟ ਪਹਿਚਾਣ ਜਾਂਦਾ ਹੈ ਕਿ ਕੋਈ ਪਾਤਰ ਹੋਰ ਕਿਹੜੇ ਕਿਹੜੇ ਨਾਵਲ ਵਿਚ ਕਿਸ ਕਿਸ ਰੂਪ ਵਿਚ ਆਇਆ ਹੈ। ਉਦਾਹਰਣ ਵਜੋਂ, 'ਚਿੱਟਾ ਲਹੂ' ਦਾ ਬਾਬਾ ਰੋਡੂ, 'ਕਾਲ ਚੱਕਰ' ਦਾ ਸੰਤ ਸੋਮ ਪ੍ਰਕਾਸ਼, 'ਕਾਗਤਾਂ ਦੀ ਬੇੜੀ' ਦਾ ਸੰਤ ਸੁੰਦਰ ਦਾਸ, 'ਲਵ ਮੈਰਿਜ' ਦਾ ਕੰਪਨੀ ਬਾਗ 'ਚ ਮਿਲਿਆ ਸਾਧੂ, 'ਦੂਰ ਕਿਨਾਰਾ' ਦਾ ਪਿਆਰੂ, 'ਗੰਗਾਜਲੀ ਵਿਚ ਸ਼ਰਾਬ' ਦਾ ਐਡੀਟਰ, 'ਖ਼ੂਨ ਦੇ ਸੋਹਿਲੇ' ਤੇ 'ਅੱਗ ਦੀ ਖੇਡ' ਦਾ ਭਾਨਾ ਇਕ ਹੀ 'ਟਿਪੀਕਲ ਕਰੈਕਟਰ' ਹੈ ਜੋ ਵੱਖ ਵੱਖ ਨਾਵਲਾਂ ਵਿਚ ਰੂਪ ਬਦਲ ਕੇ ਆਇਆ ਹੈ। ਨਾਨਕ ਸਿੰਘ ਦੇ ਲਗਭਗ ਹਰ ਨਾਵਲ ਵਿਚ ਇਕ ਪਰਉਪਕਾਰੀ, ਇਕ ਵਿਭਚਾਰੀ, ਇਕ-ਅੱਧ ਪਖੰਡੀ ਸਾਧੂ, ਇਕ ਵੇਸਵਾ, ਕੋਈ ਸ਼ਰਾਬੀ ਆਦਿ ਜ਼ਰੂਰ ਹੁੰਦਾ ਹੈ ਅਤੇ ਇਨ੍ਹਾਂ ਪਾਤਰਾਂ ਦੇ ਨੈਣ-ਨਕਸ਼ ਹਰ ਥਾਂ ਪਾਠਕ ਦੀ ਨਜ਼ਰ ਪਹਿਚਾਣ ਹੀ ਲੈਂਦੀ ਹੈ। ਇਹ ਗੱਲ ਉਸ ਦੇ ਇਤਿਹਾਸਕ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਵਿਚ ਨਹੀਂ ਕਿਉਂਕਿ ਅਜਿਹਾ ਸੰਭਵ ਹੀ ਨਹੀਂ ਸੀ। 'ਪਵਿੱਤਰ ਪਾਪੀ' ਦਾ ਨਾਇਕ ਕਿਦਾਰ ਵੀ ਨਾਨਕ ਸਿੰਘ ਦੇ ਨਾਵਲਾਂ 'ਚ ਪਹਿਲੀ ਵਾਰ ਆਇਆ ਹੈ।

ਨਾਨਕ ਸਿੰਘ ਦੇ ਸਿਰਜੇ ਪਾਤਰ ਜੀਵਨ ਦੀਆਂ ਸਮੱਸਿਆਵਾਂ ਨਾਲ ਇਕੱਲੇ ਇਕੱਲੇ, ਵਿਅਕਤੀਗਤ ਪੱਧਰ ਤੇ, ਹੀ ਜੂਝਦੇ ਹਨ। ਉਹ ਕਿਸੇ ਸਮਾਜਕ, ਆਰਥਿਕ ਜਾਂ ਰਾਜਨੀਤਿਕ ਲਹਿਰ ਨਾਲ ਪੂਰੀ ਤਰ੍ਹਾਂ ਨਹੀਂ ਜੁੜਦੇ ਜਾਂ ਉੱਕਾ ਹੀ ਵੱਖਰੇ ਰਹਿੰਦੇ ਹਨ, ਨਾ ਹੀ ਉਹ ਕਿਸੇ ਲਹਿਰ ਨੂੰ ਜਨਮ ਦੇਣ ਦੀ ਸਮਰੱਥਾ ਰੱਖਦੇ ਹਨ। 'ਚਿੱਟਾ ਲਹੂ' ਵਿਚ ਸਮਾਜ ਸੁਧਾਰ ਦਾ ਯਤਨ ਪਾਤਰਾਂ ਦੇ ਵਿਅਕਤੀਗਤ ਹੀਲਿਆਂ ਤੱਕ ਹੀ ਸੀਮਿਤ ਰਹਿੰਦਾ ਹੈ। ਭਾਵੇਂ ਇਹ ਨਾਵਲ ਸਿੰਘ ਸਭਾ ਲਹਿਰ ਦੀ ਉੱਪਜ ਹੈ ਪਰ ਨਾਵਲ ਵਿਚ ਕੋਈ ਅਜਿਹੀ ਲਹਿਰ ਉੱਭਰਦੀ ਨਜ਼ਰ ਨਹੀਂ ਆਉਂਦੀ ਜਿਸ ਨਾਲ ਜੁੜ ਕੇ ਉਸ ਦੇ ਪਾਤਰ ਕਿਸੇ ਸਰਵ-ਸਾਂਝੇ ਉਦੇਸ਼ ਦੀ ਪੂਰਤੀ ਕਰਦੇ। ਉਦਾਹਰਣ ਵਜੋਂ, ਵੇਸਵਾ ਨੂੰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਜਰੇ ਤੇ ਆਉਣ ਤੋਂ ਰੋਕਣ ਲਈ ਸੁੰਦਰੀ ਨੂੰ ਭੇਜਿਆ ਜਾਂਦਾ ਹੈ ਅਤੇ ਇਤਫ਼ਾਕ ਦੀ ਗੱਲ ਇਹ ਹੁੰਦੀ ਹੈ ਕਿ ਵੇਸਵਾ (ਗੁਰਦੇਵੀ ਉਰਫ ਅਨਵਰ) ਸੁੰਦਰੀ ਦੀ ਮਾਂ ਨਿਕਲ ਆਉਂਦੀ ਹੈ। ਵੇਸਵਾ ਆਪਣਾ ਪੇਸ਼ਾ ਨਹੀਂ ਤਿਆਗਦੀ ਸਗੋਂ ਕੁਝ ਵਿਭਚਾਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੰਦੀ ਹੈ, ਇਹ ਵਿਅਕਤੀਗਤ ਪੱਧਰ ਤੇ ਇਕ ਪ੍ਰਾਪਤੀ ਤਾਂ ਹੋ ਸਕਦੀ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਕ ਵੇਸਵਾ ਦੇ ਸੁਧਰ ਜਾਣ ਨਾਲ (ਉਹ ਵੀ ਮਾਂ-ਧੀ ਦੇ ਰਿਸ਼ਤੇ ਦੀ ਪਹਿਚਾਣ ਦਾ ਫਲ ਹੈ) ਵੇਸਵਾ ਦੇ ਸਮੁੱਚੇ ਵਰਗ ਦਾ ਸੁਧਾਰ ਹੋ ਸਕਿਆ ਹੈ ? ਚਾਹੀਦਾ ਤਾਂ ਇਹ ਸੀ ਕਿ ਨਾਨਕ ਸਿੰਘ ਦੇ ਸਿਰਜੇ ਪਾਤਰ ਅਜਿਹੀ ਲੋਕ-ਲਹਿਰ ਹੋਂਦ ਵਿਚ ਲਿਆਉਂਦੇ ਜੋ ਸਮਾਜਕ ਕੁਰੀਤੀਆਂ ਦੀ ਜੜ੍ਹ ਵੱਢਦੀ ਹੋਈ ਚਾਰ-ਚੁਫੇਰੇ ਫੈਲ ਜਾਂਦੀ। ਇਹੋ ਗੱਲ 'ਕੋਈ ਹਰਿਆ ਬੂਟ ਰਹਿਓ ਰੀ ?' ਬਾਰੇ ਵੀ ਕਹੀ ਜਾ ਸਕਦੀ ਹੈ। ਯਤੀਸ਼ ਵਿਅਕਤੀਗਤ ਪੱਧਰ 'ਤੇ ਹੀ ਭ੍ਰਿਸ਼ਟਾਚਾਰ ਦੀ ਸਮੱਸਿਆ ਦਾ ਹੱਲ ਸੋਚਦਾ ਹੈ ਪਰ ਇਹ ਦੀਰਘ ਰੋਗ ਉਸ ਦੀ ਪਹੁੰਚ ਤੋਂ ਕਿਤੇ ਵੱਡਾ ਹੈ ਅਤੇ ਉਸ ਦਾ ਵਿਅਕਤੀਗਤ ਯਤਨ ਬੁਰੀ ਤਰ੍ਹਾਂ ਅਸਫਲ ਹੁੰਦਾ ਹੈ।

ਕਈ ਵਾਰ ਪਾਤਰ ਅਜੀਬ ਕਾਰਜ ਕਰ ਲੈਂਦੇ ਹਨ ਪਰ ਨਾਵਲਕਾਰ ਦੀ ਸੋਚ ਉਨ੍ਹਾਂ ਕਰਮਾਂ ਦੇ ਸੰਭਵ ਪ੍ਰਤੀਕਰਮ ਤੱਕ ਨਹੀਂ ਪਹੁੰਚਦੀ। 'ਚਿੱਟਾ ਲਹੂ' ਵਿਚ ਇਕ ਵੇਸਵਾ (ਗੁਰਦੇਈ ਉਰਫ ਅਨਵਰ) ਤੇ ਸੁੰਦਰੀ ਹੱਥੋਂ ਕਿੰਨੇ ਹੀ ਖ਼ੂਨ ਹੋ ਜਾਂਦੇ ਹਨ ਪਰ ਨਾਵਲ-ਕਾਰ ਇਹ ਨਹੀਂ ਸੋਚ ਸਕਿਆ ਕਿ ਪਿੰਡ ਵਿਚ ਤਾਂ ਗਾਲੀ-ਗਲੋਚ ਤੋਂ ਹੀ ਹੰਗਾਮਾ ਖੜਾ ਹੋ ਜਾਂਦਾ ਹੈ। ਉਸ ਲਈ ਕਿੰਨੇ ਸਾਰੇ ਕਤਲ ਸ਼ਾਇਦ ਮਮੂਲੀ ਗੱਲ ਹੈ। 'ਚਿੱਟਾ ਲਹੂ' ਦੇ ਪਾਤਰਾਂ ਦਾ ਇਹ ਕਾਰਜ ਅਸਲੀਅਤ ਤੋਂ ਅੱਖਾਂ ਮੀਟ ਲੈਣ ਵਾਲੀ ਗੱਲ ਜਾਪਦੀ ਹੈ। ਸਾਡੇ ਨਾਵਲਕਾਰ ਦੀਆਂ ਸਿਰਜੀਆਂ ਅੱਲ੍ਹੜ ਮੁਟਿਆਰਾਂ ਪੁੰਨਿਆਂ (ਮੰਝਧਾਰ) ਵਾਂਗ ਨਿੱਡਰ ਬਣ ਕੇ ਝੁਲਦੇ ਝੱਖੜਾਂ ਵਿਚ ਫਿਰਦੀਆਂ ਹਨ, ਬਿਲਕੁਲ ਇਕੱਲੀਆਂ। ਇਕ ਪਾਸੇ ਨਾਵਲਕਾਰ ਸਮਾਜ 'ਚ ਵਿਦਮਾਨ ਵਿਭਚਾਰੀ ਤੱਤਾਂ ਪ੍ਰਤੀ ਸੁਚੇਤ ਹੈ ਪਰ ਦੂਜੇ ਪਾਸੇ ਇਹ ਨਹੀਂ ਸੋਚ ਸਕਿਆ ਕਿ ਪੁੰਨਿਆਂ ਵਰਗੀਆਂ ਕੁੜੀਆਂ ਲਈ ਇਸ ਤਰ੍ਹਾਂ ਇਕੱਲਿਆਂ ਫਿਰਨਾ ਖ਼ਤਰਨਾਕ ਵੀ ਹੋ ਸਕਦਾ ਹੈ।

ਨਾਨਕ ਸਿੰਘ ਦੇ ਕਈ ਪਾਤਰ ਘਟਨਾਵਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਕੁਝ ਘਟਨਾਵਾਂ ਪਾਤਰਾਂ 'ਤੇ ਅਸਰ ਪਾਉਂਦੀਆਂ ਹਨ। ਉਦਾਹਰਣ ਵਜੋਂ, 'ਸਰਾਪੀਆਂ ਰੂਹਾਂ' ਵਿਚ ਮਿਸ ਪ੍ਰੀਤਮ ਦਾ ਖ਼ੁਦਕਸ਼ੀ ਲਈ ਬਾਹਰ ਜਾਣਾ, ਨਾਥੀ ਦਾ ਮਿਲਣਾ, ਨਾਥੀ ਦਾ ਘਰ ਰਹਿਣਾ—ਇਹ ਸਭ ਕੁਝ ਪ੍ਰੀਤਮ ਦੇ ਸੁਭਾ ਨੂੰ ਬਦਲ ਦਿੰਦਾ ਹੈ। ਇਸ ਤਰ੍ਹਾਂ ਨਾਥੀ ਦਾ ਮਿਲਣਾ ਇਕ ਮਹੱਤਵ ਪੂਰਨ ਘਟਨਾ ਹੋ ਨਿਬੜਦੀ ਹੈ ਜੋ ਮਿਸ ਪ੍ਰੀਤਮ ਦੇ ਕੁਰੱਖ਼ਤ ਸੁਭਾ 'ਚ ਮਿਠਾਸ ਭਰ ਦਿੰਦੀ ਹੈ। ਅਮਰ ਕੌਰ (ਆਦਮਖ਼ੋਰ) ਵਿਚ ਪਤੀ ਪਰਮੇਸ਼ਵਰ ਦੀ ਰਜ਼ਾ 'ਚ ਰਹਿ ਕੇ ਦਿਨ ਗੁਜ਼ਾਰਨ ਵਾਲੀ ਇਸਤਰੀ ਘਟਨਾਵਾਂ ਦੇ ਚੱਕਰ 'ਚੋਂ ਲੰਘ ਕੇ ਵਿਦਰੋਹੀ ਬਣ ਜਾਂਦੀ ਹੈ। ਚਾਰ-ਚੁਫੇਰੇ ਹੋ ਰਹੀ ਲੁੱਟ ਮਾਰ ਡਾਕਟਰ ਆਨੰਦ (ਮੰਝਧਾਰ)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਰਗੇ ਮਨੁੱਖ ਨੂੰ ਉੱਕਾ ਹੀ ਬਦਲ ਕੇ ਰੱਖ ਦਿੰਦੀ ਹੈ। ਨੇਕੀ ਤੇ ਪਰਉਪਕਾਰ ਦਾ ਚਿੰਨ੍ਹ ਡਾਕਟਰ ਆਨੰਦ ਕੋਠੀਆਂ ਤੇ ਕਾਰਾਂ ਦੀ ਪ੍ਰਾਪਤੀ ਦੇ ਚੱਕਰ ਵਿਚ ਫਸ ਕੇ ਰਹਿ ਜਾਂਦਾ ਹੈ। ਦੂਜੇ ਪਾਸੇ ਨਾਨਕ ਸਿੰਘ ਦੇ ਨਾਵਲਾਂ ਦੇ ਪਾਤਰਾਂ ਦੇ ਸੁਭਾ ਘਟਨਾਵਾਂ ਨੂੰ ਨਵਾਂ ਰੂਪ ਦਿੰਦੇ ਹਨ। 'ਚਿੱਟਾ ਲਹੂ' ਵਿਚ ਬਚਨ ਸਿੰਘ ਤੇ ਸੁੰਦਰੀ ਦੀਆਂ ਸੁਧਾਰਕ ਰੁਚੀਆਂ ਕਾਰਨ ਹੀ ਬਹੁਤ ਸਾਰੀਆਂ ਘਟਨਾਵਾਂ ਘਟਦੀਆਂ ਹਨ—ਜਿਵੇਂ ਕੰਜਰੀ ਨੂੰ ਮੁਜਰੇ ਤੋਂ ਰੋਕਣ ਤੋਂ ਮਗਰੋਂ ਹੋਏ ਖ਼ੂਨ ਆਦਿ। ਇਸੇ ਤਰ੍ਹਾਂ ਯਤੀਸ਼ ਦਾ ਭ੍ਰਿਸ਼ਟਾਚਾਰ-ਵਿਰੋਧੀ ਸੁਭਾ ਉਸ ਦੇ ਪਿਓ ਦੇ ਸੁਪਨਿਆਂ ਨੂੰ ਮਿੱਟੀ 'ਚ ਮਿਲਾ ਦਿੰਦਾ ਹੈ। ਇਹ ਯਤੀਸ਼ ਦਾ ਦਿਆਨਤਦਾਰੀ ਸੁਭਾ ਹੀ ਹੈ ਜੋ ਉਸ ਨੂੰ ਫੁੱਲਾਂ ਦੀ ਸੇਜ ਤੋਂ ਉੱਠਾ ਕੇ ਤਿੱਖਿਆਂ ਕੰਡਿਆਂ ਨਾਲ ਭਰੇ ਰਾਹਾਂ 'ਤੇ ਤੁਰਨ ਲਈ ਮਜ਼ਬੂਰ ਕਰਦਾ ਹੈ। ਜਿਥੋਂ ਤਕ ਪਾਤਰਾਂ 'ਚ ਪਰਿਵਰਤਨ ਦੀ ਗੱਲ ਹੈ, ਅਜਿਹੇ ਪਾਤਰ ਨਾਂ-ਮਾਤਰ ਹੀ ਹਨ। ਨਾਨਕ ਸਿੰਘ ਦੇ ਆਦਰਸ਼ਵਾਦੀ ਰੰਗ 'ਚ ਰੰਗੇ ਪ੍ਰਮੁੱਖ ਪਾਤਰ ਸਥਿਰ ਹਨ, ਬਦਲਦੇ ਨਹੀਂ।

ਇਸਤ੍ਰੀ ਪਾਤਰਾਂ ਦੀ ਉਸਾਰੀ ਨਾਨਕ ਸਿੰਘ ਬੜੀਆਂ ਰੀਝਾਂ ਨਾਲ ਕਰਦਾ ਹੈ। ਉਸ ਨੇ ਸ਼ਹਿਰੀ ਮਧ-ਸ਼੍ਰੇਣੀ ਦੀਆਂ ਇਸਤ੍ਰੀਆਂ ਨੂੰ ਹੀ ਵਧੇਰੇ ਆਪਣੇ ਨਾਵਲਾਂ ਵਿਚ ਲਿਆਂਦਾ ਹੈ। ਪੇਂਡੂ ਇਸਤ੍ਰੀਆਂ ਬਾਰੇ ਉਸ ਵਿਚ ਅਨੁਭਵ ਦੀ ਘਾਟ ਜਾਪਦੀ ਹੈ। ਨਾਨਕ ਸਿੰਘ ਇਸਤ੍ਰੀ ਪਾਤਰਾਂ ਨੂੰ ਆਪਣੇ ਮਨ ਦੇ ਸੰਸਕਾਰਾਂ ਵੱਸ ਹੋ ਕੇ ਆਪਣੀ ਮਾਂ, ਵਿਧਵਾ ਪ੍ਰੇਮਕਾ ਤੇ ਪਤਨੀ ਦੇ ਢਾਂਚੇ ਵਿਚ ਢਾਲ ਦਿੰਦਾ ਹੈ। ਇਹ ਦੋਸ਼ ਲਾਇਆ ਜਾਂਦਾ ਹੈ ਕਿ ਨਾਨਕ ਸਿੰਘ ਇਸਤ੍ਰੀ ਪਾਤਰਾਂ ਨੂੰ ਚਿਤਰਦਾ ਹੀ ਨਹੀਂ, ਉਨ੍ਹਾਂ ਦੀ ਪੂਰੀ ਵਕਾਲਤ ਵੀ ਕਰਦਾ ਹੈ। ਉਸ ਦਾ ਆਪਣਾ ਕਥਨ ਵੀ ਇਸੇ ਤੱਥ ਦੀ ਪੁਸ਼ਟੀ ਕਰਦਾ ਹੈ। ਨਾਨਕ ਸਿੰਘ ਦਾ ਕਥਨ ਹੈ—'ਭਾਵੇਂ ਮੇਰੇ ਨਾਇਕ ਲਾਲਚ, ਖਿੱਚਾਂ, ਲੋੜਾਂ ਨਾਲ ਪਰੇਰੇ ਜਾਂ ਡੋਗੇ ਜਾ ਸਕਦੇ ਹਨ ਪਰ ਮੇਰੀਆਂ ਨਾਇਕਾਵਾਂ ਪਾਸੋਂ ਅਜਿਹਾ ਨਹੀਂ ਹੋ ਸਕਦਾ। ਮੈਂ ਕਿਸੇ ਇਸਤ੍ਰੀ ਪਾਤਰ ਨੂੰ ਆਪਣੇ ਖ਼ਾਵੰਦ ਜਾਂ ਮਾਤਾ ਪਿਤਾ ਦੀ ਹਾਕਮੀ ਵਿਰੁਧ ਖਲੋਤਾ ਨਹੀਂ ਵੇਖ ਸਕਦਾ, ਭਾਵੇਂ ਉਹ ਹਾਕਮੀ ਕਿੰਨੀ ਹੀ ਤਕੜੀ ਕਿਉਂ ਨਾ ਹੋਵੇ।'

ਨਾਨਕ ਸਿੰਘ ਦੇ ਇਸਤ੍ਰੀ ਪਾਤਰ ਨੇਕੀ, ਨਿੰਮਰਤਾ ਤੇ ਸਚਾਈ ਦੇ ਪੁੰਜ ਆਦਰਸ਼ਕ ਪਾਤਰ ਹਨ ਜਿਵੇਂ ਪੁੰਨਿਆਂ (ਮੰਝਧਾਰ) ਰਾਮਿੰਦਰ (ਧੁੰਧਲੇ ਪ੍ਰਛਾਵੇਂ) ਸੁੰਦਰੀ (ਚਿੱਟਾ ਲਹੂ) ਪ੍ਰੀਤਮ (ਸਰਾਪੀਆਂ ਰੂਹਾਂ) ਰੂਪਾਂ (ਕੋਈ ਹਰਿਆ ਬੂਟ ਰਹਿਓ ਰੀ ?) ਆਦਿ। ਉਸ ਦੇ ਇਸਤ੍ਰੀ ਪਾਤਰ ਬੁਰੇ ਰੂਪ ਵਿਚ ਸਾਹਮਣੇ ਆ ਕੇ ਵੀ ਬੁਰੇ ਨਹੀਂ। ਜੇਕਰ ਔਰਤ ਵੇਸਵਾ ਵੀ ਹੈ ਤਾਂ ਨਾਵਲਕਾਰ ਇਸ ਦਾ ਦੋਸ਼ ਮਰਦ-ਪ੍ਰਧਾਨ ਸਮਾਜ ਦੇ ਸਿਰ ਮੜ੍ਹ ਕੇ ਔਰਤ ਨੂੰ ਉੱਚੀ ਪਦਵੀ ਪ੍ਰਦਾਨ ਕਰ ਦਿੰਦਾ ਹੈ। ਨਾਨਕ ਸਿੰਘ ਦੀ ਨਜ਼ਰ 'ਚ ਔਰਤ ਸਦਾ ਹੀ ਬੇਕਸੂਰ ਹੈ। ਗੁਰਦੇਈ (ਚਿੱਟਾ ਲਹੂ) ਸੁਭੱਦਰਾ (ਧੁੰਦਲੇ ਪ੍ਰਛਾਵੇਂ) ਕੇਸਰੀ (ਕੱਟੀ ਹੋਈ ਪਤੰਗ) ਸ਼ਸ਼ੀ (ਚਿੱਤਰਕਾਰ) ਆਦਿ ਮਰਦਾਂ ਦੀ ਹਵਸ਼ ਦਾ ਸ਼ਿਕਾਰ ਹਨ ਜੋ ਇਨ੍ਹਾਂ ਨੂੰ ਕੰਡਿਆਲੇ ਰਾਹਾਂ 'ਤੇ ਤੁਰਨ ਲਈ ਮਜ਼ਬੂਰ ਕਰਦੇ ਹਨ। ਵੇਸਵਾ ਦੇ ਰੂਪ 'ਚ ਨਾਨਕ ਸਿੰਘ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਔਰਤ ਨੂੰ ਬੜੀ ਬਰੀਕੀ ਨਾਲ ਚਿਤਰਿਆ ਹੈ ਅਤੇ ਉਸ ਅੰਦਰਲੀ ਪਾਕੀਜ਼ਗੀ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਹੈ।

ਨਾਨਕ ਸਿੰਘ ਦੇ ਇਸਤ੍ਰੀ ਪਾਤਰ ਹੰਝੂ ਭਰੀਆਂ ਅੱਖਾਂ ਨਾਲ ਸਾਡੇ ਸਾਹਮਣੇ ਆਉਂਦੇ ਹਨ। ਉਹ ਸਮਾਜ ਹੱਥੋਂ ਸਤੇ, ਦੁੱਖਾਂ-ਦਰਦਾਂ ਦੇ ਭਾਰ ਹੇਠ ਲਿਤਾੜੇ ਜੀਵ ਹਨ। 'ਸਰਾਪੀਆਂ ਰੂਹਾਂ' ਦੀ ਮਿਸ ਪ੍ਰੀਤਮ, 'ਧੁੰਦਲੇ ਪ੍ਰਛਾਵੇਂ' ਦੀ ਸੁਭੱਦਰਾ, 'ਚਿੱਟਾ ਲਹੂ' ਦੀ ਗੁਰਦੇਈ ਤੇ ਸੰਦਰੀ ਆਦਿ ਦੁੱਖ-ਦਰਦ ਦੀਆਂ ਮੂੰਹ-ਬੋਲਦੀਆਂ ਤਸਵੀਰਾਂ ਹਨ। ਇਸ ਪ੍ਰਸੰਗ 'ਚ ਕਿਹਾ ਜਾ ਸਕਦਾ ਹੈ ਕਿ ਨਾਨਕ ਸਿੰਘ ਦੇ ਨਾਵਲਾਂ ਵਿਚੋਂ ਦੱਬੀ-ਘੁੱਟੀ ਇਸਤ੍ਰੀ ਦੇ ਨੈਣ-ਨਕਸ਼ ਉਘੜਦੇ ਹਨ।

ਨਾਨਕ ਸਿੰਘ ਦੇ ਸਿਰਜੇ ਇਸਤ੍ਰੀ ਪਾਤਰ ਮਰਦਾਂ ਨਾਲੋਂ ਵੀ ਵਧੇਰੇ ਉਪਭਾਵਕ ਹਨ। ਉਹ ਉਪਭਾਵਕ ਹੋ ਕੇ ਜਾਂ ਤਾਂ ਆਪ ਆਤਮਘਾਤ ਕਰ ਲੈਂਦੀਆਂ ਹਨ ਜਿਵੇਂ 'ਜੀਵਨ ਸੰਗਰਾਮ' ਦੀ ਚੰਪਾ ਨੇ ਕੀਤਾ ਤੇ ਜਾਂ ਦੁਸ਼ਮਣ ਦੀ ਅਲਖ ਮੁਕਾ ਦਿੱਦੀਆਂ ਹਨ ਜਿਵੇਂ ਗੁਰਦੇਈ (ਚਿੱਟਾ ਲਹੂ) ਰਾਧੇ ਕ੍ਰਿਸ਼ਨ ਤੇ ਮਤਰੇਏ ਪੁੱਤਰ ਦਾ ਖ਼ੂਨ ਕਰ ਦਿੰਦੀ ਹੈ, ਸੁਭੱਦਰਾ (ਧੁੰਦਲੇ ਪ੍ਰਛਾਵੇਂ) ਆਪਣੇ ਵਿਭਚਾਰੀ ਤਾਏ ਦੀ ਅਲਖ ਮੁਕਾ ਦਿੰਦੀ ਹੈ, ਸੁਦਰੀ (ਚਿੱਟਾ ਲਹੂ) ਪਾਲਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਮੌਤ ਦੇ ਘਾਟ ਉਤਾਰ ਦਿੰਦੀ ਹੈ ਤੇ ਅੰਤ 'ਚ ਆਪ ਵੀ ਖ਼ੁਦਕਸ਼ੀ ਕਰ ਲੈਂਦੀ ਹੈ।

ਨਾਨਕ ਸਿੰਘ ਦੇ ਇਸਤ੍ਰੀ ਪਾਤਰਾਂ 'ਚੋਂ ਆਦਰਸ਼ਕ ਭਾਰਤੀ ਨਾਰੀ ਦਾ ਸਰੂਪ ਨਜ਼ਰ ਆਉਂਦਾ ਹੈ ਉਹ ਵਫ਼ਾ ਤੇ ਕੁਰਬਾਨੀ ਦੀਆਂ ਪੁਤਲੀਆਂ ਹਨ। ਪੂੰਨਿਆਂ (ਮੰਝਧਾਰ) ਇਕ ਓਪਰੇ ਮੁਸਲਮਾਨ ਨੌਜਵਾਨ ਦੀ ਜਾਨ ਬਚਾਉਣ ਲਈ ਆਪਣੀ ਅਸਮਤ ਲੁਟਾ ਲੈਂਦੀ ਹੈ, ਅਨਾਥ ਅੰਨ੍ਹੇ ਦੀ ਮਾਂ ਬਣ ਕੇ ਉਸ ਦੀ ਪਾਲਨਾ ਕਰਦੀ ਹੈ, ਗਰੀਬਾਂ ਦਾ ਇਲਾਜ ਤੇ ਸੇਵਾ ਕਰਦੀ ਥੱਕਦੀ ਨਹੀਂ। ਮਿਸ ਪ੍ਰੀਤਮ (ਸਰਾਪੀਆਂ ਰੂਹਾਂ) ਅੰਨ੍ਹੇ ਨਾਥੀ ਨੂੰ ਆਪਣੀ ਇਕ ਅੱਖ ਦੇ ਕੇ ਉਸ ਦੀ ਹਨੇਰੀ ਦੁਨੀਆਂ ਨੂੰ ਨੂਰ ਬਖ਼ਸ਼ਦੀ ਹੈ। ਰਾਮਿੰਦਰ (ਧੁੰਦਲੇ ਪ੍ਰਛਾਵੇਂ) ਰਤਨ ਲਈ ਆਪਣੀਆਂ ਸਾਰੀਆਂ ਖ਼ੁਸ਼ੀਆਂ ਕੁਰਬਾਨ ਕਰ ਦਿੰਦੀ ਹੈ ਅਤੇ ਆਪਣੇ ਪਿਤਾ ਦੀਆਂ ਕਾਲੀਆਂ ਕਰਤੂਤਾਂ ਦਾ ਧੋਣਾ ਧੋਂਦੀ ਹੈ। ਸ਼ਸ਼ੀ (ਚਿੱਤਰਕਾਰ) ਆਪਣੇ ਭਰਾ ਦੀ ਜਾਨ ਬਚਾਉਣ ਲਈ ਆਪਣੀ ਇਜ਼ਤ ਲੁਟਾ ਲੈਂਦੀ ਹੈ।

ਨਾਨਕ ਸਿੰਘ ਦੇ ਸਿਰਜੇ ਇਸਤ੍ਰੀ-ਪਾਤਰਾਂ ਦਾ ਇਕ ਵਿਸ਼ੇਸ਼ ਗੁਣ ਇਹ ਵੀ ਹੈ ਕਿ ਉਹ ਮਰਦਾਂ ਨੂੰ ਮੁਆਫ਼ ਕਰ ਦਿੰਦੀਆਂ ਹਨ। 'ਮੇਰੀ ਦੁਨੀਆਂ' ਅਨੁਸਾਰ, ਨਾਨਕ ਸਿੰਘ ਜਦ ਖ਼ੁਦ ਕਈ ਤਰ੍ਹਾਂ ਦੀਆਂ ਕੁਰੀਤੀਆਂ ਵਿਚ ਫਸ ਗਿਆ ਸੀ ਤਾਂ ਉਸ ਦੀ ਪਤਨੀ ਨੇ ਉਸ ਨੂੰ ਮੁਆਫ਼ ਕਰ ਦਿੱਤਾ ਸੀ। ਇਸ ਸੰਸਕਾਰ ਵਸ ਹੀ ਉਹ ਇਸਤ੍ਰੀ ਪਾਤਰਾਂ ਦੇ ਮਨ ਵਿਚ ਮੁਆਫ਼ ਕਰ ਦੇਣ ਵਾਲੀ ਇਸ ਭਾਵਨਾ ਦਾ ਬੀਜ ਬੀਜ ਦਿੰਦਾ ਹੈ। ਅਮਰ ਕੌਰ (ਆਦਮ ਖ਼ੋਰ) ਆਪਣੇ ਵਿਭਚਾਰੀ ਪਤੀ ਠਾਕਰ ਸਿੰਘ ਨੂੰ, ਅੰਤ 'ਚ, ਮੁਆਫ਼ ਕਰ ਦਿੰਦੀ ਹੈ, ਊਸ਼ਾ (ਜੀਵਨ ਸੰਗਰਾਮ) ਵੀ ਆਪਣੇ ਪਤੀ ਨੂੰ ਬਖ਼ਸ਼ ਦਿੰਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਿਸ [illegible] ਮੌਤ ਦਾ ਕਾਰਨ ਬਣਿਆ ਸੀ।

ਇਸਤ੍ਰੀ ਪਾਤਰਾਂ ਬਾਰੇ ਇਹ ਪ੍ਰਤੱਖ ਹੈ ਕਿ ਉਹ ਭੋਲੀਆਂ-ਭਾਲੀਆਂ ਤੇ ਨਿਰਛਲ ਹੋਣ ਕਰਕੇ ਬੜੀ ਛੇਤੀ ਮਰਦ ਦੇ ਕਪਟ-ਜਾਲ ਵਿਚ ਫਸ ਜਾਂਦੀਆਂ ਹਨ ਜਿਵੇਂ ਗੁਰਦੇਈ (ਚਿੱਟਾ ਲਹੂ) ਰਾਧਾ ਕ੍ਰਿਸ਼ਨ ਵਰਗੇ ਅਖੌਤੀ ਧਰਮਾਤਮਾ ਦੇ ਵੱਸ ਪੈ ਜਾਂਦੀ ਹੈ, ਸੁਭੱਦਰਾ (ਧੁੰਧਲੇ ਪ੍ਰਛਾਵੇਂ) ਤੇ ਹੋਰਨਾਂ ਨਾਵਲਾਂ ਦੇ ਕਈ ਹੋਰ ਪਾਤਰ ਇਸ ਤੱਥ ਦੀ ਪ੍ਰੋੜਤਾ ਕਰਦੇ ਹਨ। ਨਾਨਕ ਸਿੰਘ ਨੇ ਇਸਤ੍ਰੀ ਨੂੰ ਜਿਥੇ ਨਿਰੀ ਅਬਲਾ ਦੇ ਰੂਪ 'ਚ ਚਿਤਰਿਆ ਹੈ, ਉੱਥੇ ਉਸ ਦੇ ਕੁਝ ਪਾਤਰ ਬਹੁਤ ਹੀ ਹੌਂਸਲੇ ਤੇ ਦਲੇਰੀ ਵਾਲੇ ਵੀ ਹਨ। ਅਜਿਹੀਆਂ ਦਲੇਰ ਔਰਤਾਂ ਵੀ ਹਨ ਜੋ ਗਲਤ ਸਮਾਜਕ ਕਦਰਾਂ-ਕੀਮਤਾਂ ਵਿਰੁੱਧ ਲੜਦੀਆਂ ਹਨ ਅਤੇ ਲੋੜ ਪੈਣ ਤੇ ਚੰਡੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਜਿਵੇਂ, ਸੁਭੱਦਰਾ (ਧੁੰਧਲੇ ਪ੍ਰਛਾਵੇਂ) ਗੁਰਦੇਈ ਤੇ ਸੁੰਦਰੀ (ਚਿੱਟਾ ਲਹੂ) ਸਲੋਚਨਾ (ਆਦਮ ਖ਼ੋਰ) ਆਦਿ। ਨਾਵਲਕਾਰ ਨੇ ਇਸਤ੍ਰੀ ਨੂੰ ਆਤਮ ਨਿਰਭਰ ਹੀ ਨਹੀਂ ਦਿਖਾਇਆ (ਕਟੀ ਹੋਈ ਪਤੰਗ ਆਦਿ) ਸਗੋਂ ਮਰਦ ਨੂੰ ਵੀ ਉਸ ਉੱਪਰ ਨਿਰਭਰ ਹੁੰਦਿਆਂ ਦਿਖਾਇਆ ਹੈ ਜਿਵੇਂ 'ਕੋਈ ਹਰਿਆ ਬੂਟ ਰਹਿਓ ਰੀ ?' ਦੀ ਰੂਪਾਂ ਦੀ ਸਖ਼ਤ ਮਿਹਨਤ ਹੀ ਉਸ ਦੀ ਤੇ ਯਤੀਸ਼ ਦੀ ਦੋ ਡੰਗ ਦੀ ਰੋਟੀ ਤੇ ਦਵਾ-ਦਾਰੂ ਦਾ ਸਾਧਨ ਬਣਦੀ ਹੈ।

ਇਸ ਤੋਂ ਇਲਾਵਾ, ਨਾਨਕ ਸਿੰਘ ਦੇ ਇਸਤ੍ਰੀ ਪਾਤਰ ਰੰਗ-ਰੂਪ ਦੇ ਪੱਖੋਂ ਸੁਹਣੇ ਤੇ ਕੋਮਲ ਰੁਚੀਆਂ ਵਾਲੇ ਹੁੰਦੇ ਹਨ।

ਨਾਨਕ ਸਿੰਘ ਇਸਤ੍ਰੀ ਦਾ ਚੰਗਾ ਪੱਖ ਹੀ ਉਲੀਕਦਾ ਹੈ, ਇਹ ਇਕ ਗ਼ੈਰ-ਵਿਗਿਆਨਕ ਵਿਧੀ ਹੈ— ਯਥਾਰਥਕ ਜੀਵਨ ਤੋਂ ਅੱਖਾਂ ਮੀਟਣ ਵਾਲੀ ਗੱਲ ਹੈ। ਨਾ ਹੀ ਸਾਰੇ ਪੁਰਸ਼ ਬੁਰੇ ਹੁੰਦੇ ਹਨ ਅਤੇ ਨਾ ਹੀ ਸਾਰੀਆਂ ਇਸਤ੍ਰੀਆਂ ਚੰਗੀਆਂ। ਗੁਣ ਔਗੁਣ ਮਨੁੱਖੀ ਆਚਰਨ ਦੇ ਦੋ ਤੱਤ ਹਨ, ਇਨ੍ਹਾਂ ਦੀ ਮਿਕਦਾਰ ਵੱਧ ਘੱਟ ਹੋ ਸਕਦੀ ਹੈ।

ਅੱਜ ਜਦੋਂ ਕਿ ਪਾਤਰ-ਉਸਾਰੀ ਨੂੰ ਨਾਵਲ ਦਾ ਵਧੇਰੇ ਮਹੱਤਵਪੂਰਨ ਅੰਗ ਸਮਝ ਕੇ ਪਾਤਰ-ਪ੍ਰਧਾਨ ਨਾਵਲ ਲਿਖੇ ਜਾ ਰਹੇ ਹਨ, ਨਾਨਕ ਸਿੰਘ ਦਾ ਪਾਤਰ-ਉਸਾਰੀ ਪ੍ਰਤੀ ਸੁਚੇਤ ਨਾ ਹੋਣਾ ਉਸ ਦੀ ਨਾਵਲ-ਕਲਾ ਨੂੰ ਠੇਸ ਪਹੁੰਚਾਉਂਦਾ ਹੈ। ਨਾਵਲ ਦੇ ਖੇਤਰ ਵਿਚ ਨਾਨਕ ਸਿੰਘ ਦੀ ਪ੍ਰਾਪਤੀ ਬੜੀ ਮਹੱਤਵਪੂਰਨ ਹੈ ਅਤੇ ਉਹ ਅਜੋਕੇ ਪੰਜਾਬੀ ਨਾਵਲ ਦਾ ਪਿਤਾ ਅਖਵਾਉਣ ਦਾ ਹੱਕਦਾਰ ਵੀ ਹੈ ਪਰ ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਾਤਰ-ਉਸਾਰੀ ਨਾਨਕ ਸਿੰਘ ਦੀ ਨਾਵਲ-ਕਲਾ ਦੀ ਮਜ਼ਬੂਤ ਸੰਗਲੀ ਦੀ ਜੰਗਾਲੀ ਕੜੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੰਜਾਬੀ ਗ਼ਜ਼ਲ ਦੇ ਨਕਸ਼

ਪੰਜਾਬੀ ਕਵਿਤਾ ਦੇ ਖੇਤਰ ਵਿਚ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਗ਼ਜ਼ਲ ਦੀ ਪੁਨਰ-ਸਥਾਪਨਾ ਲਈ ਬੜੇ ਭਰਪੂਰ ਯਤਨ ਹੋ ਰਹੇ ਹਨ। ਪੰਜਾਬੀ ਕਵਿਤਾ ਦੇ ਨਾਂ ਹੇਠ ਬੜੀ ਊਲ-ਜਲੂਲ ਕਿਸਮ ਦੀ ਵਾਰਤਕਨੁਮਾ ਕੋਈ ਚੀਜ਼ ਲਿਖੀ ਗਈ। ਜਿਸ ਦੇ ਫਲਸਰੂਪ ਬਹੁਤ ਸਾਰੇ ਸੁਹਿਰਦ ਪਾਠਕ ਕਵਿਤਾ ਨੂੰ ਮਰ ਮਿੱਟ ਚੁੱਕੀ ਵਸਤੂ ਸਮਝ ਬੈਠੇ, ਪਰ ਗ਼ਜ਼ਲ ਦੀ ਪੁਨਰ ਸਥਾਪਨਾ ਨਾਲ ਅਜਿਹੇ ਪਾਠਕਾਂ ਦੇ ਮਨ ਵਿਚ ਅਹਿਸਾਸ ਜਾਗਦਾ ਹੈ ਕਿ ਪੰਜਾਬੀ ਕਵਿਤਾ ਗ਼ਜ਼ਲ ਦੇ ਰੂਪ ਵਿਚ ਜ਼ਿੰਦਾ ਹੀ ਨਹੀਂ ਸਗੋਂ ਇਹ ਨਵੀਆਂ ਸਿਖ਼ਰਾਂ ਛੋਹ ਰਹੀ ਹੈ। ਅੱਜ ਗ਼ਜ਼ਲ ਇਕ ਲੋਕ-ਪ੍ਰਿਯ ਕਾਵਿ ਰੂਪ ਹੈ। ਭਾਵੇਂ ਪੰਜਾਬੀ ਗ਼ਜ਼ਲ ਉਪਰ ਇਸ ਸਦੀ ਦੇ ਸਤਵੇਂ ਦਹਾਕੇ ਵਿਚ ਕਾਫ਼ੀ ਨਿਖ਼ਾਰ ਆਇਆ ਹੈ ਪਰ ਇਸ ਦੌਰ ਵਿਚ ਤਾਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਗ਼ਜ਼ਲ ਹੀ ਸਰਵ-ਪ੍ਰਧਾਨ ਜਾਪਦੀ ਹੈ। ਜੇ ਅਸੀਂ ਇਸ ਦਹਾਕੇ ਨੂੰ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ 'ਗ਼ਜ਼ਲ ਕਾਲ' ਦਾ ਨਾਂ ਦੇ ਦੇਈਏ ਤਾਂ ਸ਼ਾਇਦ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

## ਪੰਜਾਬੀ ਗ਼ਜ਼ਲ ਦੀ ਪਰੰਪਰਾ

ਗ਼ਜ਼ਲ ਇਕ ਵਿਦੇਸ਼ੀ ਕਾਵਿ-ਰੂਪ ਹੈ, ਜਿਸ ਦਾ ਜਨਮ ਈਰਾਨ ਦੇ ਪ੍ਰਸਿਧ ਸੂਬੇ ਖ਼ੁਰਾਸਾਨ ਵਿਚ ਨੌਵੀਂ ਸਦੀ ਦੇ ਅੰਤ ਵਿਚ ਹੋਇਆ। ਰੂਦਕੀ ਪਹਿਲਾਂ ਗ਼ਜ਼ਲਗੋ ਹੈ ਜਿਸ ਨੇ ਫ਼ਾਰਸੀ ਵਿਚ ਪਹਿਲੀ ਵਾਰ ਗ਼ਜ਼ਲ ਕਹੀ। ਗਿਆਰਵੀਂ-ਬਾਰ੍ਹਵੀਂ ਸਦੀ ਵਿਚ ਭਾਰਤ ਵਿਚ ਮੁਸਲਮਾਨੀ ਰਾਜ ਦੀ ਸਥਾਪਨਾ ਨਾਲ ਗ਼ਜ਼ਲ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਅਤੇ ਅਰਬੀ-ਫ਼ਾਰਸੀ ਗ਼ਜ਼ਲ ਦੇ ਪ੍ਰਭਾਵ ਅਧੀਨ ਉਰਦੂ ਵਿਚ ਵੀ ਗ਼ਜ਼ਲ ਦੀ ਇਕ ਸ਼ਾਨਦਾਰ ਪਰੰਪਰਾ ਕਾਇਮ ਹੋਈ ਤੇ ਪਿਛਲੀਆਂ ਦੋ ਸਦੀਆਂ ਵਿਚ ਵਲੀ ਦੱਕਨੀ ਤੋਂ ਲੈ ਕੇ ਫ਼ਿਰਾਕ ਗੋਰਖਪੁਰੀ ਤਕ ਅਨੇਕਾਂ ਗ਼ਜ਼ਲਗੋਆਂ ਨੇ ਉਰਦੂ ਗ਼ਜ਼ਲ ਦੇ ਗੌਰਵ ਨੂੰ ਬੁਲੰਦ ਕੀਤਾ।

ਉਰਦੂ ਗ਼ਜ਼ਲਗੋਈ ਦੀ ਪਰੰਪਰਾ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਸ਼ਾਇਰਾਂ ਨੇ ਗ਼ਜ਼ਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਣੀ ਸ਼ੁਰੂ ਕੀਤੀ । ਪੰਜਾਬੀ ਗ਼ਜ਼ਲ ਦਾ ਬੀਜ ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਬੀਜਿਆ ਗਿਆ ਜੋ ਵੀਹਵੀਂ ਸਦੀ ਦੇ ਮੁੱਢ ਵਿਚ ਪ੍ਰਫੁਲਿਤ ਹੋਇਆ । ਫ਼ਜ਼ਲ ਸ਼ਾਹ, ਹਦਾਇਤ ਉੱਲਾ, ਗਾਮੂੰ ਖਾਨ, ਆਗਾ ਅਲੀ ਆਦਿ ਮੁਸਲਮਾਨ ਸ਼ਾਇਰਾਂ ਨੇ ਪੰਜਾਬੀ ਗ਼ਜ਼ਲ ਲਿਖਣ ਵਿਚ ਦਿਲਚਸਪੀ ਲਈ ਪਰ ਪੰਜਾਬੀ ਗ਼ਜ਼ਲ ਦਾ ਪਹਿਲਾ ਦੀਵਾਨ 1903 ਈ. ਵਿਚ ਮੀਆਂ ਮੌਲਾ ਬਖ਼ਸ਼ ਕੁਸ਼ਤਾ ਨੇ ਪ੍ਰਕਾਸ਼ਿਤ ਕੀਤਾ ਤੇ ਪੰਜਾਬੀ ਗ਼ਜ਼ਲ ਦਾ ਪਿਤਾਮਾ ਹੋਣ ਦਾ ਮਾਣ ਪ੍ਰਾਪਤ ਕੀਤਾ ।

ਮੀਆਂ ਮੌਲਾ ਬਖ਼ਸ਼ ਕੁਸ਼ਤਾ ਭਾਵੇਂ ਗ਼ਜ਼ਲ ਦੀ ਤਕਨੀਕ ਵਿਚ ਨਿਪੁੰਨ ਹੈ ਪਰ ਉਸ ਦੀ ਗ਼ਜ਼ਲ ਉਪਰ ਉਰਦੂ-ਫ਼ਾਰਸੀ ਦਾ ਪ੍ਰਭਾਵ ਵਿਆਪਕ ਮਾਤ੍ਰਾ ਵਿਚ ਹੈ । ਉਰਦੂ-ਫ਼ਾਰਸੀ ਦੇ ਬੇਸ਼ੁਮਾਰ ਸ਼ਬਦ ਤੇ ਤਸ਼ਬੀਹਾਂ ਉਸ ਦੀ ਗ਼ਜ਼ਲ ਵਿਚ ਮੌਜੂਦ ਹਨ । ਉਸ ਨੇ ਕਈ ਕਾਫ਼ੀਏ ਆਸਾਧਾਰਨ ਵਰਤੇ ਹਨ ਅਤੇ ਰਵਾਇਤੀ ਇਸ਼ਕ ਤੇ ਸਦਾਚਾਰ ਨੂੰ ਆਪਣੀ ਗ਼ਜ਼ਲ ਦਾ ਵਿਸ਼ਾ ਬਣਾਇਆ ਹੈ ਉਸ ਦਾ ਇਕ ਸ਼ਿਅਰ ਹੈ :

ਕਰੇ ਨਾ ਨਾਜ਼ ਫੁੱਲ ਆਪਣੇ ਸੁਹੱਪਣ ਬਾਸ਼ਨਾ ਉੱਤੇ,
ਕਿ ਓੜਕ ਸੁੱਕ ਗਏ ਲੱਗ ਲੱਗ ਕੇ ਇਸ ਜਗ ਵਿਚ ਚਮਨ ਕੇਤੀ ।

ਫੀਰੋਜ਼ਦੀਨ ਸ਼ਰਫ਼ ਤੇ ਧਨੀ ਰਾਮ ਚਾਤ੍ਰਿਕ ਨੇ ਵੀ ਇਸ ਰਵਾਇਤੀ ਰੰਗ ਵਿਚ ਗ਼ਜ਼ਲ ਕਹੀ ਹੈ । ਸ਼ਰਫ਼ ਦੀ ਗ਼ਜ਼ਲ ਵਿਚ ਹੁਸਨ-ਪ੍ਰਸਤੀ ਤੇ ਰਵਾਇਤੀ ਇਸ਼ਕ ਦਾ ਰੰਗ ਪ੍ਰਧਾਨ ਹੈ ਉਹ ਮਹਿਬੂਬ ਦੇ ਨਾਜ਼ ਨਖ਼ਰੇ ਨੂੰ ਨਜ਼ਮ ਕਰਨ ਵਿਚ ਹੀ ਰੁਝਿਆ ਰਿਹਾ ਹੈ ਜਿਵੇਂ :

ਬੜੇ ਜ਼ਹਿਰੀਲੇ ਫਨੀਅਰ ਨੇ ਸ਼ਰਫ਼ ਇਹ ਭਿੱਜੀਆਂ ਜ਼ੁਲਫ਼ਾਂ,
ਕਿਸੇ ਦਿਨ ਡੰਗ ਮਾਰਨਗੇ ਜਿਨ੍ਹਾਂ ਨੂੰ ਪਿਆਰ ਦੇਂਦੇ ਓ ।

ਸ਼ਰਫ਼ ਦੀਆਂ ਅਜਿਹੀਆਂ ਗ਼ਜ਼ਲਾਂ ਵਿਚ ਸ਼ਬਦਾਂ ਦੇ ਅਲੰਕਾਰਾਂ ਦਾ ਚਮਤਕਾਰ ਹੈ ਜਿਸ ਕਰਕੇ ਉਸ ਨੇ ਸਟੇਜ ਉਪਰ ਤਾਂ ਕਾਫ਼ੀ ਨਾਮ ਖੱਟਿਆ ਪਰ ਉਹ ਪੰਜਾਬੀ ਗ਼ਜ਼ਲ ਨੂੰ ਉਚੇਰੀ ਪੱਧਰ ਤੇ ਨਾ ਲਿਆ ਸਕਿਆ ।

ਧਨੀ ਰਾਮ ਚਾਤ੍ਰਿਕ ਨੇ ਭਾਵੇਂ ਪੰਜਾਬੀ ਗ਼ਜ਼ਲ ਦੀ ਮੁੱਢਲੀ ਪਰੰਪਰਾ ਨੂੰ ਕਾਇਮ ਰੱਖਿਆ ਪਰ ਫਿਰ ਵੀ ਉਸ ਨੇ ਪੰਜਾਬੀ ਗ਼ਜ਼ਲ ਤੋਂ, ਕਿਸੇ ਹੱਦ ਤੱਕ, ਉਰਦੂ-ਫ਼ਾਰਸੀ ਦਾ ਪ੍ਰਭਾਵ ਘਟਾਇਆ ਹੈ । ਚਾਤ੍ਰਿਕ ਨੇ ਪੰਜਾਬੀ ਗ਼ਜ਼ਲ ਨੂੰ ਦਾਰਸ਼ਨਿਕਤਾ ਪ੍ਰਦਾਨ ਕੀਤੀ । ਉਸ ਦੀ ਗ਼ਜ਼ਲ ਵਿਚ ਤਸੱਵਫ਼ ਦਾ ਰੰਗ ਵੀ ਵਿਦਮਾਨ ਹੈ । ਨਿਰਸੰਦੇਹ, ਚਾਤ੍ਰਿਕ ਪੰਜਾਬੀ ਗ਼ਜ਼ਲ ਦਾ ਮਾਹਿਰ ਹੈ । ਪੰਜਾਬੀ ਕਵਿਤਾ ਵਿਚ ਉਸ ਦੀ ਗ਼ਜ਼ਲ ਦਾ ਸਥਾਨ ਬੜਾ ਮਹੱਤਵਪੂਰਨ ਹੈ । 'ਕਮਾਲ ਕੀ ਹੈ' ਸਿਰਲੇਖ ਵਾਲੀ ਉਸ ਦੀ ਗ਼ਜ਼ਲ ਪੰਜਾਬੀ ਵਿਚ ਇਕ ਅਨੂਪਮ ਰਚਨਾ ਕਹੀ ਜਾ ਸਕਦੀ ਹੈ । ਇਸ ਗ਼ਜ਼ਲ ਦੀ ਵੰਨਗੀ ਵੇਖੋ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨਾਂ ਨੇ ਇਸ ਨੈ ਦੀ ਲੀਤੀ ਤਾਰੀ, ਉਨ੍ਹਾਂ ਨੂੰ ਰਹਿੰਦੀ ਨਾ ਜਾਨ ਪਿਆਰੀ
ਜੋ ਬਣ ਗਏ ਇਸ਼ਕ ਦੇ ਬਪਾਰੀ, ਉਨ੍ਹਾਂ ਨੂੰ ਮਰਨਾ ਮੁਹਾਲ ਕੀ ਹੈ ?...

ਇਹ ਪੌੜੀ ਅਰਸ਼ਾਂ ਨੂੰ ਜਾਣ ਦੀ ਹੈ, ਫ਼ਨਾ ਬਕਾ ਵਿਚ ਪ੍ਰਚਾਣ ਦੀ ਹੈ,
ਇਹ ਜ਼ੱਰੇ ਸੂਰਜ ਬਣਨ ਨੂੰ ਉਠਦੇ, ਇਨ੍ਹਾਂ ਅੱਗੇ ਮਸ਼ਾਲ ਕੀ ਹੈ ?

ਉਪਰੋਕਤ ਸ਼ਾਇਰਾਂ ਦੇ ਪਾਏ ਪੂਰਨਿਆਂ ਉਪਰ ਚਲਦਿਆਂ ਹੀ ਸੂਫ਼ੀ ਤਬੱਸਮ, ਪੀਰ ਹੁਸੈਨ ਫ਼ਜ਼ਲ ਗੁਜਰਾਤੀ, ਹਕੀਮ ਨਾਸਿਰ, ਡਾ. ਫ਼ਕੀਰ ਮੁਹੰਮਦ ਫ਼ਕੀਰ, ਬਰਕਤ ਰਾਮ ਯੁਮਨ, ਕਰਤਾਰ ਸਿੰਘ ਬਲੱਗਣ, ਬਿਸ਼ਨ ਸਿੰਘ ਉਪਾਸ਼ਕ ਆਦਿ ਗ਼ਜ਼ਲਗੋਆਂ ਨੇ ਪੰਜਾਬੀ ਗ਼ਜ਼ਲ ਲਿਖੀ। ਇਸ ਆਰੰਭਕ ਪੜਾਅ ਉਤੇ ਪੰਜਾਬੀ, ਗ਼ਜ਼ਲ ਉਰਦੂ-ਫ਼ਾਰਸੀ ਗ਼ਜ਼ਲ ਦੀ ਪਰੰਪਰਾ ਨਾਲ ਜੁੜੀ ਹੋਈ ਹੈ। ਰਿੰਦ, ਸਾਕੀ, ਜਾਮ, ਸੁਰਾਹੀ, ਮੈਖਾਨਾ, ਜ਼ੁਲਫ਼, ਚਮਨ, ਬੁਲਬੁਲ, ਬਹਾਰ, ਖਿਜਾਂ, ਆਸ਼ਿਆਨਾ, ਬਿਜਲੀ, ਦਾਮਨ ਆਦਿ ਸ਼ਬਦਾਵਲੀ ਤੇ ਪ੍ਰਤੀਕਾਂ ਦੀ ਇਸ ਦੌਰ ਦੀ ਪੰਜਾਬੀ ਗ਼ਜ਼ਲ ਵਿਚ ਭਰਮਾਰ ਹੈ। ਇਸ ਦੌਰ ਦੇ ਸ਼ਾਇਰਾਂ ਦੀ ਸੋਚ (ਸ਼ਾਇਦ) ਜ਼ੁਲਫ਼, ਜਾਮ ਤੇ ਸੁਰਾਹੀ ਦੇ ਖ਼ਿਆਲਾਂ ਵਿਚ ਹੀ ਘੁੰਮਦੀ ਰਹੀ ਹੈ। ਇਸ ਪ੍ਰਸੰਗ ਵਿਚ ਜਨਾਬ ਮੁਹੰਮਦ ਇਸਹਾਕ 'ਇਸਹਾਕ' ਦਾ ਸ਼ਿਅਰ ਵੇਖਿਆ ਜਾ ਸਕਦਾ ਹੈ।

ਉਹਦੀਆਂ ਜ਼ੁਲਫ਼ਾਂ ਦੇ ਵਿਚ ਕਿਧਰੇ ਫਸੀਆਂ ਰਹੀਆਂ ਸੋਚਾਂ,
ਮੈਂ 'ਇਸਹਾਕ' ਅੱਜ ਲਿਖਣਾ ਮਕਤ੍ਹਾ ਭੁੱਲ ਗਿਆ ਗ਼ਜ਼ਲ ਦਾ।

ਇਸ ਮੁੱਢਲੇ ਪੜਾਅ ਦੀ ਪੰਜਾਬੀ ਗ਼ਜ਼ਲ ਦੀ ਵੰਨਗੀ ਹੇਠ ਦਿੱਤੇ ਕੁਝ ਸ਼ਿਅਰਾਂ ਵਿਚੋਂ ਵੇਖੀ ਜਾ ਸਕਦੀ ਹੈ :

ਇਸ ਇਸ਼ਕ ਦਾ ਰੋਗ ਅਵੱਲੜਾ ਏ, ਇਸ ਇਸ਼ਕ ਦੇ ਚਾਰੇ ਕੀ ਕਰੀਏ,
ਇਹ ਜ਼ਖ਼ਮ ਕਦੀ ਵੀ ਨਹੀਂ ਭਰਨੇ, ਇਹ ਜ਼ਖ਼ਮ ਨਹੀਂ ਤਲਵਾਰਾਂ ਦੇ।

(ਸੂਫ਼ੀ ਤਬੱਸਮ)

ਮੁਸ਼ਕੀ ਤੇਰੀਆਂ ਜ਼ੁਲਫ਼ਾਂ ਉੱਤੋਂ, ਘੋਲ ਘੁਮਾਈਆਂ ਰਾਤਾਂ,
ਦਿਲ ਦੁਖਿਆਰਾ ਮੇਰਾ ਜਾਣੇ ਜਾਂ ਜਾਣੇ ਰੱਬ ਮੇਰਾ।

(ਪੀਰ ਹੁਸੈਨ ਫ਼ਜ਼ਲ ਗੁਜਰਾਤੀ)

ਸੋਨਾ, ਚਾਂਦੀ, ਹੀਰੇ, ਮੋਤੀ ਕਰ ਬੈਠੇ ਓ ਕੱਠੇ,
ਸਾਡੇ ਦਿਲ ਵਰਗਾ ਦਿਲ ਕਿੱਥੋਂ ਲੈ ਆਉਗੇ ਲੋਕੋ।

(ਹਕੀਮ ਨਾਸਿਰ)

ਕੀ ਆਈ ਜੇ ਆਈ ਝੱਟ ਦਾ ਝੱਟ ਬਹਾਰ ਨਿਮਾਣੀ,
ਪਲ ਦੀ ਪਲ ਜੇ ਫੁੱਲੇ ਤੇ ਕੀ ਫੁੱਲ ਵਿਚਾਰੇ ਫੁੱਲੇ।

(ਡਾ. ਫ਼ਕੀਰ ਮੁਹੰਮਦ ਫ਼ਕੀਰ)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈ ਗਈ ਪਰ ਪੈ ਗਈ ਹਰ ਵਾਰ ਬਿਜਲੀ ਦੀ ਨਜ਼ਰ,
ਆਲ੍ਹਣਾ ਕਿੰਨਾ ਵੀ ਲੁਕਵੀਂ ਥਾਂ ਬਣਾਇਆ ਵੇਖ ਕੇ ।

(ਬਰਕਤ ਰਾਮ ਯੁਮਨ)

ਉਹਨਾਂ ਜੋ ਮਾਰਿਆ ਫੁੱਲ ਗ਼ੈਰ ਦੇ ਹੱਥੋਂ ਖੋਹ ਕੇ
ਉਹਦੀ ਹਰ ਪੱਤੀ ਚੋਂ ਤਲਵਾਰ ਦਾ ਝੌਲਾ ਪੈਂਦੈ ।

(ਕਰਤਾਰ ਸਿੰਘ ਬਲੱਗਣ)

ਦੂਰ ਸੀ ਤੇਰਾ ਤਸੱਵਰ ਕੋਲ ਸਨ ਬੋਤਲ-ਗਿਲਾਸ,
ਤੇਰੀਆਂ ਨਜ਼ਰਾਂ ਤੋਂ ਨਜ਼ਰਾਂ ਬਚਾ ਕੇ ਪੀ ਲਈ ।

(ਬਿਸ਼ਨ ਸਿੰਘ ਉਪਾਸ਼ਕ)

ਇਸ ਸਮੇਂ ਵੀ ਸਾਡੇ ਪਾਸ ਕੁਝ ਅਜਿਹੇ ਗ਼ਜ਼ਲਗੋ ਮੌਜੂਦ ਹਨ ਜਿਨ੍ਹਾਂ ਨੇ ਪੰਜਾਬੀ ਗ਼ਜ਼ਲ ਦੀ ਇਸ ਪਰੰਪਰਾ ਨੂੰ ਬਰਕਰਾਰ ਰੱਖਿਆ ਹੈ। ਉਨ੍ਹਾਂ ਦੀ ਗ਼ਜ਼ਲ ਇਸ਼ਕ ਦੇ ਰਵਾਇਤੀ ਸੰਕਲਪ ਨੂੰ ਰੂੜ੍ਹੀਗਤ ਪ੍ਰਤੀਕਾਂ ਨਾਲ ਪੇਸ਼ ਕਰਦੀ ਹੈ। ਗਜ਼ਲ ਦੀ ਇਸ ਪਰੰਪਰਾ ਦੇ ਕੁਝ ਪ੍ਰਮੁੱਖ ਗ਼ਜ਼ਲਗੋ ਹਨ—ਸਾਧੂ ਸਿੰਘ ਹਮਦਰਦ, ਦਰਸ਼ਨ ਸਿੰਘ ਅਵਾਰਾ ਤੇ ਡਾ. ਦੀਵਾਨ ਸਿੰਘ ।

ਸਾਧੂ ਸਿੰਘ ਹਮਦਰਦ ਦੀ ਪੰਜਾਬੀ ਗ਼ਜ਼ਲ ਵਿਚ ਉਰਦੂ-ਫ਼ਾਰਸੀ ਗ਼ਜ਼ਲ ਵਾਲਾ ਰੰਗ ਹੈ। ਉਸ ਦੀ ਗ਼ਜ਼ਲ ਵਿਚ ਹੁਸਨ-ਇਸ਼ਕ ਦਾ ਵਰਣਨ ਹੀ ਸਰਵ-ਪ੍ਰਧਾਨ ਹੈ ਪਰ ਕਦੀ ਕਦੀ ਉਹ ਸਮਾਜਕ ਕਦਰਾਂ-ਕੀਮਤਾਂ ਤੇ ਵੀ ਵਿਅੰਗ ਕਰਦਾ ਹੈ। ਹਮਦਰਦ ਦੇ ਵਿਅੰਗ ਦੀ ਪ੍ਰਕ੍ਰਿਤੀ ਸੂਖਮ ਨਹੀਂ, ਸਥੂਲ ਹੈ। ਤਕਨੀਕ ਦੇ ਪੱਖੋਂ ਹਮਦਰਦ ਗ਼ਜ਼ਲ ਦਾ ਉਸਤਾਦ ਹੈ। ਹਮਦਰਦ ਦੀ ਗ਼ਜ਼ਲ ਦੀ ਵੰਨਗੀ ਲਈ ਇਥੇ ਇਕ ਸ਼ਿਅਰ ਦੇਣਾ ਕਾਫ਼ੀ ਹੈ :

ਜਦੋਂ ਸ਼ੇਖ ਵੇਖੀ ਜਵਾਨੀ ਤਿਰੀ,
ਬੁਢੇਪੇ ਤੇ ਉਸ ਦੇ ਸ਼ਬਾਬ ਆ ਗਇਆ ।

ਦਰਸ਼ਨ ਸਿੰਘ ਅਵਾਰਾ ਪੰਜਾਬੀ ਦਾ ਨਾਮਵਰ ਗ਼ਜ਼ਲਗੋ ਹੈ। ਉਸ ਨੇ ਵੀ ਉਰਦੂ-ਫ਼ਾਰਸੀ ਗ਼ਜ਼ਲ ਦੀ ਪਰੰਪਰਾ ਨੂੰ ਅਪਣਾਉਂਦਿਆਂ ਜ਼ੁਲਫ਼, ਜ਼ਾਮ ਤੇ ਸੁਰਾਹੀ ਦਾ ਵਰਣਨ ਕਾਫ਼ੀ ਮਾਤਰਾ ਵਿਚ ਕੀਤਾ ਹੈ। ਆਵਾਰਾ ਦੀ ਗ਼ਜ਼ਲ ਵਿਚ ਹੁਸਨ ਤੇ ਇਸ਼ਕ ਦਾ ਵਰਣਨ ਬੜੀ ਖ਼ੂਬਸੂਰਤੀ ਨਾਲ ਕੀਤਾ ਗਿਆ ਹੈ ਜਿਸ ਦੇ ਫਲਸਰੂਪ ਉਸ ਦੀ ਗ਼ਜ਼ਲ ਵਿਚ ਉਰਦੂ-ਫ਼ਾਰਸੀ ਗ਼ਜ਼ਲ ਵਰਗੀ ਨਜ਼ਾਕਤ ਆ ਗਈ ਹੈ, ਜਿਵੇਂ :

ਇਹ ਘਟਾ ਇਹ ਮੇਰੀ ਉਦਾਸੀ ਸ਼ਾਮ,
ਜਾਮ ਹੱਥ ਵਿਚ ਉਠਾ ਕੇ ਜਾਉ ।...



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਜਵਾਨੀ ਦਾ ਸਾਜ਼ ਚੁੱਪ ਚੁੱਪ ਹੈ,
ਅੱਜ ਜ਼ਰਾ ਗੁਣਗੁਣਾ ਕੇ ਆ ਜਾਉ ।...

ਪਿਆਰ ਵਿਚ ਲੋਕ ਕੀ ਨਹੀਂ ਕਰਦੇ,
ਪੱਜ ਕੋਈ ਬਣਾ ਕੇ ਆ ਜਾਉ ।

ਧਰਮ ਦੇ ਅਖੌਤੀ ਪੈਰੋਕਾਰਾਂ ਦੇ ਕਿਰਦਾਰ ਨੂੰ ਬੇਨਕਾਬ ਕਰਨਾ ਦਰਸ਼ਨ ਸਿੰਘ ਆਵਾਰਾ ਦੀ ਗ਼ਜ਼ਲ ਦਾ ਇਕ ਨਵੇਕਲਾ ਤੇ ਸ਼ਾਨਦਾਰ ਪੱਖ ਹੈ । ਅਜਿਹੀ ਵੰਨਗੀ ਵੇਖੋ :

ਸ਼ੇਖ, ਪੰਡਤ ਦਾ ਅਡਰਾ ਅਡਰਾ ਰਾਹ,
ਅੰਤ ਨੂੰ ਮੈਕਦੇ 'ਚ ਆ ਮਿਲਿਐ ।...

ਸ਼ੇਖ ਜੀ ਸਾਡੇ ਨਾਲ ਪੀ ਪੀ ਕੇ,
ਹਸ਼ਰ ਨੂੰ ਜਾ ਖੜੇ ਗਵਾਹਾਂ ਵਿਚ ।

ਗ਼ਜ਼ਲ ਦੀ ਉਰਦੂ-ਫ਼ਾਰਸੀ ਪਰੰਪਰਾ ਦਾ ਗਿਆਨ ਤੇ ਗ਼ਜ਼ਲ ਦੀ ਤਕਤੀਕ ਵਿਚ ਨਿਪੁੰਨ ਹੋਣ ਕਰਕੇ ਡਾ. ਦੀਵਾਨ ਸਿੰਘ ਨੇ ਪੰਜਾਬੀ ਵਿਚ ਖ਼ੂਬਸੂਰਤ ਗ਼ਜ਼ਲ ਕਹੀ ਹੈ । ਡਾ. ਦੀਵਾਨ ਸਿੰਘ ਨੇ ਆਪਣੀ ਗ਼ਜ਼ਲ ਵਿਚ ਭਾਵੇਂ ਜੀਵਨ ਦੇ ਕਈ ਪੱਖਾਂ ਨੂੰ ਬਿਆਨਿਆ ਹੈ ਪਰ ਹੁਸਨ ਦੇ ਨਾਜ਼-ਨੱਖਰੇ ਤੇ ਪ੍ਰੇਮ-ਭਾਵ ਦੇ ਚਿਤ੍ਰਣ ਨਾਲ ਉਸ ਦੀ ਗ਼ਜ਼ਲ ਵਿਚ ਮਧੁਰਤਾ ਆਈ ਹੈ, ਜਿਵੇਂ :

ਤੇਰਾ ਰੁੱਸਣਾ ਤੇ ਫਿਰ ਰੁਸਣਾ ਤੇਰੀ ਆਦਤ ਨਾ ਬਣ ਜਾਏ ।
ਮੇਰਾ ਸਹਿਣਾ ਤੇ ਦੁੱਖ ਸਹਿਣਾ ਮੇਰੀ ਕਿਸਮਤ ਨਾ ਬਣ ਜਾਏ ।...

ਕਿਸੇ ਦੇ ਹੁਸਨ ਦੇ ਜਲਵੇ ਦੀ ਬੇਤਾਬੀ ਹੈ ਕਹਿਰਾਂ ਦੀ,
ਦਿਲਾ ! ਕੁਝ ਹੋਸ਼ ਤੋਂ ਕੰਮ ਲੈ ਤੇਰੀ ਸ਼ਾਮਤ ਨਾ ਬਣ ਜਾਏ ।...

ਉਮਰ ਭਰ ਗ਼ਫ਼ਲਤ ਵਿਚ ਬੀਤੀ, ਫਿਰ ਵੀ ਸਾਨੂੰ ਯਾਦ ਹੈ,
ਖ਼ਿਆਲ ਤੇਰਾ ਏਨਾ ਮਿੱਠਾ ਸੀ, ਭੁਲਾਇਆ ਨਾ ਗਿਆ ।...

ਸੱਸੀ ਦੋ ਪਲ ਦੀ ਤਪਸ਼ ਸਹਿ ਨਾ ਸਕੀ,
ਅਸੀਂ ਉਮਰਾਂ ਦੀ ਰੇਤ ਛਾਣੀ ਏ ।

ਦੀਪਕ ਜੈਤੋਈ, ਡਾ. ਠਾਕੁਰ ਭਾਰਤੀ ਤੇ ਹਜ਼ਾਰਾ ਸਿੰਘ ਮੁਸ਼ਤਾਕ ਦੀ ਗ਼ਜ਼ਲ ਵਿਚ ਵੀ ਉਰਦੂ-ਫ਼ਾਰਸੀ ਗ਼ਜ਼ਲ ਦੀ ਪਰੰਪਰਾ ਦਾ ਪ੍ਰਭਾਵ ਕਾਇਮ ਹੈ । ਇਨ੍ਹਾਂ ਗ਼ਜ਼ਲਗੋਆਂ ਦੀ ਗ਼ਜ਼ਲ (ਅਜੇ ਵੀ) ਜ਼ੁਲਫ਼, ਜਾਮ ਤੇ ਸੁਰਾਹੀ ਦੀ ਵਲਗਣ ਵਿਚੋਂ ਬਾਹਰ ਨਹੀਂ ਆ ਸਕੀ, ਜਿਵੇਂ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਰਾਬੀ ਤੜਫ਼ ਕੇ ਮਰਦੇ ਨੇ ਜਿਥੇ ਘੁਟ ਦਾਰੂ ਨੂੰ,
ਇਹ ਠੇਕਾ ਹੈ ਮਿਰੀ ਸਰਕਾਰ ਜਾਂ ਰਿੰਦਾ ਦਾ ਮਰਘਟ ਦੇ ।

(ਦੀਪਕ ਜੈਤੋਈ)

ਰਿੰਦਾਂ ਦੀ ਮਹਿਫ਼ਲ ਅੰਦਰ ਕੰਮ ਕੀ ਮਲੋਜ਼ੋਰੀ ਦਾ,
ਭਲਕੇ ਇਹ ਮੰਗੇਗਾ ਆਪੇ ਅਜ ਜ਼ਾਹਿਦ ਨੂੰ ਰਹਿਣ ਹੀ ਦੇ ।

(ਡਾ. ਠਾਕੁਰ ਭਾਰਤੀ)

ਸੱਜਣਾ, ਅਨਭੋਲ ਦਿਲਾਂ ਅੰਦਰ, ਕਦ ਲੱਗੀ ਅੱਗ ਕਿਵੇਂ ਲੱਗੀ,
ਨਾ ਤੂੰ ਲਾਈ ਨਾ ਮੈਂ ਲਾਈ, ਕੋਈ ਕੁਝ ਆਖੇ ਕੋਈ ਕੁਝ ਆਖੇ ।

(ਹਜ਼ਾਰਾ ਸਿੰਘ ਮੁਸ਼ਤਾਕ)

## ਨਵਾਂ ਮੋੜ

ਪ੍ਰੋ. ਮੋਹਨ ਸਿੰਘ ਪਹਿਲਾ ਗ਼ਜ਼ਲਗੋ ਹੈ ਜਿਸ ਨੇ ਪੰਜਾਬੀ ਗ਼ਜ਼ਲ ਨੂੰ ਇਸ ਦੇ ਪੂਰਵ ਨਿਸ਼ਚਿਤ ਮਖੌਟੇ ਤੋਂ ਮੁਕਤ ਕਰਵਾਇਆ ਅਤੇ ਉਸ ਨੇ ਪ੍ਰੇਮ ਦੇ ਮਾਰਮਿਕ ਭਾਵਾਂ ਦੀ ਸੂਖ਼ਮ ਅਭਿਵਿਅਕਤੀ ਦੇ ਨਾਲ ਨਾਲ ਜੀਵਨ ਦੇ ਹੋਰ ਅਨੇਕਾਂ ਪੱਖਾਂ ਨੂੰ ਗ਼ਜ਼ਲ ਦੇ ਮਾਧਿਅਮ ਦੁਆਰਾ ਚਿਤ੍ਰਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਪੰਜਾਬੀ ਗ਼ਜ਼ਲ ਜ਼ੁਲਫ਼ ਤੇ ਜਾਮ ਦੀ ਕੈਦ ਤੋਂ ਮੁਕਤ ਹੋ ਕੇ ਜੀਵਨ ਦੇ ਘੇਰੇ ਵਿਚ ਆ ਕੇ ਵਿਕਸਤ ਹੋਣ ਲੱਗੀ। ਜ਼ੁਲਫ਼ ਦੀ ਗੱਲ ਪੰਜਾਬੀ ਗ਼ਜ਼ਲ ਲਈ ਬੇਲੋੜੀ ਚੀਜ਼ ਬਣ ਕੇ ਰਹਿ ਗਈ। ਬਕੌਲ ਮੋਹਨ ਸਿੰਘ :

ਆਓ ਕਿੱਸਾ ਛੇੜੀਏ ਮਨਸੂਰ ਤੇ ਸੂਲੀ ਦਾ ਫਿਰ,
ਗੱਲ ਨਾ ਐਵੇਂ ਜ਼ੁਲਫ਼ ਦੀ ਲਮਕਾਈ ਜਾਈਏ ਸਾਥੀਓ ।

ਮੋਹਨ ਸਿੰਘ ਦੀ ਗ਼ਜ਼ਲ ਨਿੱਜ ਦੇ ਗ਼ਮ ਤੋਂ ਲੋਕ-ਗ਼ਮ ਤੱਕ ਦੀ ਯਾਤਰਾ ਕਰਦੀ ਹੈ। ਮੋਹਨ ਸਿੰਘ ਦੇ ਆਪਣੇ ਕਥਨ ਅਨੁਸਾਰ :

ਪੈ ਕੁਠਾਲੀ ਇਸ਼ਕ ਵਾਲੀ ਤੜਪ ਬਦਲੀ ਵੇਗ ਵਿਚ,
ਹੌਲੀ ਹੌਲੀ ਬਣ ਗਿਆ ਮਿੱਤਰਾਂ ਦਾ ਗ਼ਮ ਲੋਕਾਂ ਦਾ ਗ਼ਮ ।

ਮੋਹਨ ਸਿੰਘ ਨੇ ਸਮਾਜਵਾਦੀ ਵਿਸ਼ਿਆਂ ਨੂੰ ਗ਼ਜ਼ਲ ਦੁਆਰਾ ਬੜੀ ਸਫ਼ਲਤਾ ਨਾਲ ਅਭਿਵਿਅਕਤ ਕੀਤਾ ਹੈ। 'ਅਵਾਜ਼ਾਂ' ਤੇ 'ਵੱਡਾ ਵੇਲਾ' ਵਿਚ ਅੰਕਿਤ ਗ਼ਜ਼ਲਾਂ ਵਿਚ ਸਮਾਜ-ਵਾਦੀ ਭਾਵਨਾ ਦਾ ਨਿਰੂਪਣ ਵਿਆਪਕ ਮਾਤਰਾ ਵਿਚ ਕੀਤਾ ਗਿਆ ਹੈ।

ਇਥੇ ਇਹ ਵੀ ਨਹੀਂ ਸਮਝ ਲੈਣਾ ਚਾਹੀਦਾ ਕਿ ਮੋਹਨ ਸਿੰਘ ਦੀ ਗ਼ਜ਼ਲ ਪ੍ਰੇਮ-ਭਾਵ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਉੱਕਾ ਹੀ ਕੋਰੀ ਹੈ। ਮੋਹਨ ਸਿੰਘ ਪਿਆਰ ਦਾ ਕਵੀ ਹੈ ਅਤੇ ਉਸ ਨੇ ਪ੍ਰੀਤ ਦੇ ਸੂਖਮ ਭਾਵਾਂ ਨੂੰ ਬੜੇ ਸੁਹਜ ਭਰਪੂਰ ਅੰਦਾਜ਼ ਵਿਚ ਮੂਰਤੀਮਾਨ ਕੀਤਾ ਹੈ। ਮੋਹਨ ਸਿੰਘ ਦੀ ਗ਼ਜ਼ਲ ਵਿਚੋਂ ਕੁਝ ਨਮੂਨਾ ਵੇਖੋ :

ਵਿਛੜਦੇ ਸੂਰਜ ਨੇ ਹੈ ਪੱਛਮ ਦਾ ਮੋਢਾ ਰੰਗਿਆ,
ਆ ਤੇਰੇ ਮੋਢੇ ਤੇ ਕੰਬਦਾ ਹੱਥ ਮੈਂ ਵੀ ਧਰ ਦਿਆਂ।...

ਆਵੇ ਤੇ ਆਉਣ ਸਾਰ ਹੀ ਗੱਲ ਜਾਣ ਦੀ ਕਰੇ,
ਆਖ਼ਰ ਉਨ੍ਹਾਂ ਦੀ ਯਾਦ ਨੇ ਉਨ੍ਹਾਂ ਤੇ ਜਾਵਣਾ।...

ਬੇਚੈਨ ਨਗ਼ਮੇ ਸੌਂ ਗਏ ਇਕ ਛੂਹ ਨੂੰ ਤਰਸਦੇ,
ਸਾਜ਼ਿੰਦਾ ਮੁੜ ਨਾ ਪਰਤਿਆ ਜਿੰਦ ਦੀ ਸਿਤਾਰ ਦਾ।...

ਅਸਾਂ ਵੀ ਦੋਸਤੋ ਕੁਝ ਤਾਂ ਮੁਕਾਈਆਂ ਬੂੰਦਾਂ,
ਕੀ ਹੋਇਆ ਜ਼ਹਿਰ ਜੇ ਸਾਰਾ ਨਾ ਸਾਥੋਂ ਪੀ ਹੋਇਆ।...

ਆਖ਼ਰ ਤੀਕਰ ਪਿਆਰ ਨਿਭਾ ਕੇ ਦੱਸਿਆ,
ਭਾਵੇਂ ਇਹ ਇਕ ਹਿੱਲਦਾ ਦੁੱਖਦਾ ਦੰਦ ਸੀ।

ਬਾਵਾ ਬਲਵੰਤ ਤੇ ਈਸ਼ਵਰ ਚਿਤ੍ਰਕਾਰ ਨੇ ਵੀ ਪੰਜਾਬ ਗ਼ਜ਼ਲ ਨੂੰ ਇਸ ਦੇ ਪਰੰਪਰਾਗਤ ਢਾਂਚੇ ਵਿਚੋਂ ਬਾਹਰ ਕੱਢ ਕੇ ਇਸ ਨੂੰ ਆਪਣੇ ਸੂਖ਼ਮ ਭਾਵਾਂ ਦੇ ਨਿਰੂਪਣ ਦਾ ਮਾਧਿਅਮ ਬਣਾਇਆ ਹੈ। ਬਾਵਾ ਬਲਵੰਤ ਨੇ ਗ਼ਜ਼ਲ ਦੇ ਵਿਸ਼ੇ ਨੂੰ ਜ਼ਿੰਦਗੀ ਜਿੰਨੀ ਹੀ ਵਿਸ਼ਾਲਤਾ ਪ੍ਰਦਾਨ ਕੀਤੀ ਹੈ। ਜ਼ਿੰਦਗੀ ਤੇ ਤੜਪ ਬਾਵਾ ਬਲਵੰਤ ਦਾ ਪਸੰਦੀਦਾ ਵਿਸ਼ਾ ਹੈ, ਜਿਵੇਂ :

ਜ਼ਿੰਦਗਾਨੀ ਏ, ਪਰਾਇਆ ਧਨ ਨਹੀਂ,
ਜ਼ਿੰਦਗੀ ਨੂੰ ਮਾਨਣਾ ਔਗੁਣ ਨਹੀਂ।
ਕਿਉਂ ਖ਼ਿਆਲਾਂ ਦੇ ਲਈ ਹਨ ਬੇੜੀਆਂ,
ਜੇ ਹਵਾ ਨੂੰ, ਵਕਤ ਨੂੰ ਬੰਧਨ ਨਹੀਂ।
ਇਕ ਜ਼ਖ਼ਮ, ਕੋਈ ਉਮੰਗ, ਇਕ ਢੂੰਡ ਭਾਲ,
ਤਪੜ ਤੋਂ ਬਿਨ ਮੌਤ ਹੈ, ਜੀਵਨ ਨਹੀਂ।

ਈਸ਼ਵਰ ਚਿਤ੍ਰਕਾਰ ਨੇ ਗ਼ਜ਼ਲ ਦੇ ਮਾਧਿਅਮ ਦੁਆਰਾ ਆਪਣੇ ਮਨ ਦੇ ਸੂਖ਼ਮ ਭਾਵਾਂ ਨੂੰ ਬੜੀ ਬਰੀਕੀ ਨਾਲ ਮੂਰਤੀਮਾਨ ਕੀਤਾ ਹੈ। ਈਸ਼ਵਰ ਚਿਤ੍ਰਕਾਰ ਦੀ ਗ਼ਜ਼ਲ ਦਾ ਆਪਣਾ ਹੀ ਨਵੇਕਲਾ ਰੰਗ ਹੈ। ਉਸ ਨੇ ਆਪਣੇ ਭਾਵ-ਜਗਤ ਨੂੰ ਰੂਪਮਾਨ ਕਰਨ ਲਈ ਬੜੇ ਖ਼ੂਬਸੂਰਤ ਦ੍ਰਿਸ਼ ਬਿੰਬ ਪ੍ਰਯੁਕਤ ਕੀਤੇ ਹਨ, ਜਿਵੇਂ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਤੋਂ,
ਝੜ ਜਾਏ ਖੰਭ ਜੀਕਣ ਉੱਡਦੀ ਹੋਈ ਚਿੱੜੀ ਦਾ।...

ਸਹਿਰਾ, ਆਕਾਸ਼, ਜੰਗਲ, ਪਰਬਤ, ਨਦੀ, ਸਮੁੰਦਰ,
ਸਭ ਜਾਪਦੇ ਨੇ ਸਾਇਆ ਆਪਣੀ ਹੀ ਜ਼ਿੰਦਗੀ ਦਾ।...

ਰੁਕ ਰੁਕ ਕੇ ਆਸ ਅਕਸਰ ਰੋਂਦੀ ਹੈ ਏਦਾਂ,
ਭਿੱਜੀ ਹੋਈ ਲਗਰ ਜਿਉਂ ਪੰਛੀ ਹਿਲਾ ਗਏ ਨੇ।

ਪ੍ਰਿੰਸੀਪਲ ਤਖ਼ਤ ਸਿੰਘ ਨੇ ਗ਼ਜ਼ਲ ਨੂੰ ਨਿਰੋਲ ਪੰਜਾਬੀ ਰੰਗ ਦੇਣ ਦਾ ਯਤਨ ਕੀਤਾ ਹੈ। ਨਾਜ਼ੁਕ ਖਿਆਲੀ ਤੇ ਸੁਹਜ-ਭਰਪੂਰ ਪ੍ਰਗਟਾਅ ਉਸ ਦੀ ਗ਼ਜ਼ਲ ਨੂੰ ਸ੍ਰੇਸ਼ਟਤਾ ਪ੍ਰਦਾਨ ਕਰਦੇ ਹਨ। ਤਖ਼ਤ ਸਿੰਘ ਦੀ ਗ਼ਜ਼ਲ ਵਿਚ ਸੁੰਦਰਤਾ, ਪ੍ਰੇਮ ਤੇ ਮਨ ਦੀ ਵਿਆਕੁਲਤਾ ਦਾ ਚਿਤ੍ਰਣ ਵਿਆਪਕ ਮਾਤ੍ਰਾ ਵਿਚ ਕੀਤਾ ਗਿਆ ਹੈ, ਜਿਵੇਂ :

ਦੀਵਾ ਸੱਜਣ ਦੀ ਯਾਦ ਦਾ ਬੁੱਝਿਆ ਨਾ ਰਾਤ ਭਰ,
ਰੌਸ਼ਨ ਰਹੀ ਸਵੇਰ ਤੱਕ ਦਿਲ ਦੀ ਗਲੀ ਗਲੀ।...

ਸੋਚ ਵਿਚ ਮੱਧਮ ਜਿਹਾ ਚਾਨਣ ਹੈ ਥਾਂ ਥਾਂ,
ਕੌਣ ਮੇਰੇ ਮਨ ਦੀਆਂ ਵਿਰਲਾਂ 'ਚੋਂ ਝਾਕੇ।...

ਉੱਡ ਗਿਆ ਪੰਛੀ ਲਗਰ ਤੇ ਝੂਟਕੇ,
ਮਨ ਦੇ ਸੁਫਨੇ ਵਾਂਗ ਸੁਫ਼ਨਾ ਹੋ ਗਿਆ।...

ਸੀ ਪਤਾ, ਆਸਾਂ ਖਿਡੌਣੇ ਨੇ ਨਿਰੇ,
ਤਾਂ ਵੀ ਆਸਾਂ ਨਾਲ ਦਿਲ ਵਿਰਦਾ ਰਿਹਾ।

ਸੁਰਜੀਤ ਰਾਮਪੁਰੀ ਇਕ ਸਰੋਦੀ ਕਵੀ ਹੈ। ਗੀਤਾਂ ਵਾਂਗ ਗ਼ਜ਼ਲ ਵਿਚ ਵੀ ਉਸ ਨੇ ਪ੍ਰੀਤ ਦੇ ਭਾਵਾਂ ਨੂੰ ਬੜੇ ਖ਼ੂਬਸੂਰਤ ਅੰਦਾਜ਼ ਵਿਚ ਚਿਤ੍ਰਿਆ ਹੈ। ਨਾਜ਼ੁਕ ਖਿਆਲੀ, ਜਜ਼ਬਾਤ ਦੀ ਤੀਖਣਤਾ, ਕਲਪਨਾ, ਅਨੂਪਮ ਜ਼ਬਾਨਦਾਨੀ ਤੇ ਪ੍ਰਭਾਵਸ਼ਾਲੀ ਬਿੰਬਾਵਲੀ ਸੂਰਜੀਤ ਰਾਮਪੁਰੀ ਦੀ ਗ਼ਜ਼ਲ ਦਾ ਸ਼ਿੰਗਾਰ ਹੈ। ਇਸ ਕਥਨ ਦੀ ਪੁਸ਼ਟੀ ਹੇਠ ਦਿੱਤੇ ਕੁਝ ਸ਼ਿਅਰਾਂ ਤੋਂ ਹੋ ਜਾਂਦੀ ਹੈ :

ਤੁਪਕੇ ਜਿਵੇਂ ਅੰਗਾਰਿਆਂ ਤੇ ਤੜਪਦੇ ਰਹੇ।
ਫੁੱਲਾਂ ਨੂੰ ਚੁੰਮ ਕੇ ਹੋਠ ਇਵੇਂ ਸੁਲਘਦੇ ਰਹੇ।...

ਤਿਰੇ ਹੰਝੂਆਂ 'ਚ ਸੁਪਨੇ ਚਮਕਦੇ ਤੇ ਉਭਰਦੇ, ਡੁਬਦੇ,
ਜਿਵੇਂ ਝੀਲਾਂ 'ਚ ਸੁੱਤਾ ਕਮਲ ਕੋਈ ਥਰਥਰਾ ਜਾਏ।...



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਕਬਰ ਤੇ ਰੰਗਲੇ ਪੈਰਾਂ ਦਾ ਨਾਚ ਹੈ,
ਮੋਇਆ ਜੀਵਾ ਰਹੇ ਤੁਸੀਂ ਜਿਉਂਦੇ ਨੂੰ ਮਾਰ ਕੇ ।...

ਦਿਲ ਤੁਹਾਡਾ ਹੈ ਆਤਮਾ ਰੱਬ ਦੀ,
ਦੋ ਜਹਾਨਾ 'ਚ ਆਪਣਾ ਕੀ ਹੈ ?...

ਤੇਰੇ ਜਾਵਣ ਦਾ ਤਾਂ ਦੁੱਖ ਜਾਂਦਾ ਰਿਹਾ,
ਤੇਰੇ ਆਵਣ ਦਾ ਨਸ਼ਾ ਮੋਇਆ ਨਹੀਂ ।...

ਆਏਂਗੀ, ਹੁਣ ਆਏਂਗੀ, ਬਸ ਆਏਂਗੀ,
ਇਕ ਭੁਲੇਖਾ ਉਮਰ ਭਰ ਠੱਗਦਾ ਰਿਹਾ ।

## ਆਧੁਨਿਕ ਰੰਗ

ਗ਼ਜ਼ਲ ਦੇ ਜਨਮ ਸਮੇਂ ਇਸ ਦਾ ਵਿਸ਼ਾ ਨਿਸ਼ਚਿਤ ਸੀ—ਹੁਸਨ ਤੇ ਇਸ਼ਕ । ਮੌਲਾਨਾ ਅਲਤਾਫ ਹੁਸੈਨ ਹਾਲੀ ਦੇ ਕਥਨ ਅਨੁਸਾਰ, 'ਗ਼ਜ਼ਲ ਅਸਲ ਵਿਚ ਏਸ ਵਾਸਤੇ ਬਣੀ ਸੀ ਕਿ ਏਸ ਵਿਚ ਕੇਵਲ ਸ਼ਿੰਗਾਰ ਰਸੀ ਕਵਿਤਾ ਦੇ ਵਿਸ਼ੇ ਨਜ਼ਮ ਕੀਤੇ ਜਾਣ, ਇਹ ਗੱਲ ਖ਼ੁਦ ਗ਼ਜ਼ਲ ਸ਼ਬਦ (ਇਸਤ੍ਰੀਆਂ ਨਾਲ ਗੱਲਾਂ ਕਰਨਾ) ਤੋਂ ਸਪਸ਼ਟ ਹੁੰਦੀ ਹੈ । ਪਰੰਤੂ ਇਕ ਸਮੇਂ ਪਿੱਛੋਂ ਉਹ ਆਪਣੀ ਅਸਲੀਅਤ ਤੇ ਕਾਇਮ ਨਾ ਰਹੀ । ਇਰਾਨ ਵਿਚ ਬਹੁਤੇ ਤੇ ਹਿੰਦੁਸਤਾਨ ਵਿਚ ਕੁਝ ਕਵੀ ਅਜਿਹੇ ਵੀ ਹੋਏ ਹਨ ਜਿਨ੍ਹਾਂ ਨੇ ਗ਼ਜ਼ਲ ਵਿਚ ਸ਼ਿੰਗਾਰ ਰਸੀ ਮਜ਼ਮੂਨਾਂ ਦੇ ਨਾਲ ਸੂਫ਼ੀਆਨਾ ਨੈਤਿਕ ਤੇ ਉਪਦੇਸ਼ਾਤਮਿਕ ਮਜ਼ਮੂਨ ਵੀ ਸ਼ਾਮਲ ਕਰ ਲਏ ਹਨ' ।[1] ਹਾਲੀ ਦੇ ਇਸ ਕਥਨ ਤੋਂ ਸਪਸ਼ਟ ਹੈ ਕਿ ਗ਼ਜ਼ਲ ਇਕੋ ਵਿਸ਼ੇ ਨਾਲ ਜੁੜ ਕੇ ਨਾ ਰਹਿ ਸਕੀ ਅਤੇ ਸਮੇਂ ਦੇ ਬੀਤਣ ਨਾਲ ਗ਼ਜ਼ਲ ਦਾ ਖੇਤਰ ਵੀ ਵਿਕਸਿਤ ਹੁੰਦਾ ਗਿਆ । ਵਿਸ਼ੇ ਦੇ ਵਿਕਾਸ ਦੀ ਇਹ ਪ੍ਰਕ੍ਰਿਆ ਪੰਜਾਬੀ ਗ਼ਜ਼ਲ ਵਿਚ ਵੀ ਵਿਦਮਾਨ ਰਹੀ ਹੈ । ਰਵਾਇਤੀ ਰੰਗ ਵਿਚ ਲਿਖੀ ਗਈ ਪੰਜਾਬੀ ਗ਼ਜ਼ਲ ਰੂਪ ਤੇ ਵਿਸ਼ੇ ਦੀ ਸੰਕੀਰਣਤਾ ਦੇ ਫਲਸਰੂਪ ਕਈ ਵਾਰ ਉਰਦੂ ਗ਼ਜ਼ਲ ਦਾ ਚਰਬਾ ਸਮਝੀ ਜਾਂਦੀ ਰਹੀ ਹੈ । ਰਵਾਇਤੀ ਗ਼ਜ਼ਲ ਵਿਚ ਅਧਿਕਤਰ ਇਕੋ ਤਰ੍ਹਾਂ ਦੇ ਭਾਵਾਂ ਦਾ ਕੁਝ ਨਿਸ਼ਚਿਤ ਪ੍ਰਤੀਕਾਂ ਤੇ ਸ਼ਬਦਾਵਲੀ ਦੁਆਰਾ ਦੁਹਰਾਓ ਕੀਤਾ ਜਾਂਦਾ ਰਿਹਾ ਹੈ ਜਿਸ ਵਿਚ ਮੌਲਿਕਤਾ ਦਾ ਅਭਾਵ ਪ੍ਰਤੱਖ ਹੈ । ਅਜਿਹੀ ਗ਼ਜ਼ਲ ਦੀ ਸਿਰਜਨਾ ਨਾਲ ਭਾਵੇਂ ਪੰਜਾਬੀ ਗ਼ਜ਼ਲ ਵਿਚ ਗਿਣਨਾਤਮਿਕ ਪੱਖੋਂ ਤਾਂ ਵਾਧਾ ਹੁੰਦਾ ਗਿਆ ਪਰ ਇਸ ਦੇ ਵਿਕਾਸ ਦੀ ਸੰਭਾਵਨਾ ਨਜ਼ਰ ਨਾ ਆਈ ।

ਪੰਜਾਬੀ ਗ਼ਜ਼ਲ ਦੀ ਪੁਨਰ-ਸਥਾਪਨਾ ਦੇ ਇਸ ਦੌਰ ਵਿਚ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਕੁਝ ਅਜਿਹੇ ਸ਼ਾਇਰ ਵੀ ਸਾਡੇ ਸਾਹਮਣੇ ਆਏ ਹਨ ਜਿਨ੍ਹਾਂ ਨੇ ਪੰਜਾਬੀ ਗ਼ਜ਼ਲ ਨੂੰ ਵਿਸ਼ੇ ਤੇ ਰੂਪ ਦੀ ਸੰਕੀਰਣਤਾ ਤੋਂ ਆਜ਼ਾਦ ਕਰਵਾ ਕੇ ਇਸ ਨੂੰ ਨਿਰੋਲ ਪੰਜਾਬੀ ਰੰਗ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪ੍ਰਫੁਲਤ ਕਰਕੇ ਆਧੁਨਿਕ ਮਨੁੱਖ ਦੀ ਜਟਿਲ ਮਨੋਦਸ਼ਾ ਤੇ ਉਸ ਦੀਆਂ ਸਮਕਾਲੀ ਪਰਿਸਥਿਤੀਆਂ ਨੂੰ ਰੂਪਮਾਨ ਕਰਨ ਦੇ ਸਮਰੱਥ ਬਣਾਇਆ ਹੈ। ਇਸ ਤਰ੍ਹਾਂ ਪੰਜਾਬੀ ਗ਼ਜ਼ਲ ਨੇ ਸ਼ਾਹੀ ਆਦਾਬ ਹੀ ਹੰਢ ਚੁੱਕੀ ਪੋਸ਼ਾਕ ਨੂੰ ਲਾਹ ਕੇ ਸੁੱਟ ਦਿੱਤਾ ਤੇ ਉਸ ਨੇ ਨਿਰੋਲ ਪੰਜਾਬੀ ਲਿਬਾਸ ਪਹਿਨ ਲਿਆ। ਪਰਿਵਰਤਨ ਦੀ ਇਸ ਪ੍ਰਕ੍ਰਿਆ ਵਿਚ ਜ਼ਫਰ ਇਕਬਾਲ, ਗੁਰਦੇਵ ਨਿਰਧਨ, ਡਾ. ਰਣਧੀਰ ਸਿੰਘ ਚੰਦ, ਕੰਵਰ ਚੌਹਾਨ, ਜਗਤਾਰ, ਸ. ਸ. ਮੀਸ਼ਾ, ਅਜਾਇਬ ਹੁੰਦਲ, ਮਹਿੰਦਰ ਦੀਵਾਨਾ, ਦੇਵਿੰਦਰ ਜੋਸ਼, ਸਰਵਨ ਰਾਹੀ ਆਦਿ ਗ਼ਜ਼ਲਗੋਆਂ ਦਾ ਯੋਗਦਾਨ ਬੜਾ ਮਹੱਤਵਪੂਰਨ ਹੈ।

ਜ਼ਫਰ ਇਕਬਾਲ ਨੇ ਪੰਜਾਬੀ ਗ਼ਜ਼ਲ ਨੂੰ ਆਧੁਨਿਕ ਰੰਗ ਪ੍ਰਦਾਨ ਕਰਨ ਲਈ ਬੜੀ ਚੰਗੀ ਭੂਮਿਕਾ ਨਿਭਾਈ ਹੈ। ਉਸ ਦੀ ਪੰਜਾਬੀ ਗ਼ਜ਼ਲ ਦਾ ਆਪਣਾ ਹੀ ਨਵੇਕਲਾ ਰੰਗ ਹੈ। ਜ਼ਫਰ ਇਕਬਾਲ ਦੀ ਪਰਚੰਡ ਕਲਪਨਾ ਉਸ ਦੇ ਭਾਵਾਂ ਨੂੰ ਕਈ ਤਰ੍ਹਾਂ ਦਾ ਰੰਗ-ਰੂਪ ਬਖ਼ਸ਼ਦੀ ਹੈ। ਉਸ ਦੀ ਗ਼ਜ਼ਲ ਦੀ ਤਾਜ਼ਗੀ ਤੇ ਕਲਾਤਮਿਕ ਸੂਹਜ ਹੇਠ ਦਿੱਤੇ ਸ਼ਿਅਰਾਂ ਵਿਚੋਂ ਪ੍ਰਦਰਸ਼ਿਤ ਹੁੰਦੀ ਹੈ :

ਦਿਨ ਡੁੱਬਣ ਦੇ ਨਾਲ ਈ ਵਾਪਸ ਮੁੜੀਆਂ ਸ਼ਹਿਰ ਨੂੰ,
ਕੀ ਖ਼ੁਸ਼ਬੋਈ ਦੁੱਖ ਦੀ ਕੀ ਕਾਵਾਂ ਦੀ ਡਾਰ।...

ਕਾਲੇ ਕਮਰੇ ਵਿਚ ਮੈਂ ਪੱਥਰ ਵਾਂਗੂ ਪਿਆ ਸਾਂ,
ਜਾਂ ਬਾਰਸ਼ ਦਾ ਸ਼ੋਰ ਸੀ ਜਾਂ ਕੰਧਾਂ ਦਾ ਕਹਿਰ।...

ਚਾਰ ਚੁਫੇਰੇ ਰਸਤਾ ਮੱਲ ਖਲੋਵੇ ਕੰਧ ਹਵਾ ਦੀ,
ਜਿਹੜੇ ਪਾਸੇ ਜਾਵਾਂ ਚਹੁੰ ਕਦਮਾਂ ਤੇ ਮੱਥਾ ਭੱਜੇ।...

ਟੁਕੜੇ ਟੁੱਟੇ ਫਰਸ਼ ਦੇ ਅੱਖਾਂ ਅੰਦਰ ਖੁੱਭੇ ਨੇ,
ਸੁਫਨੇ ਸਤਵੇਂ ਅਰਸ਼ ਦੇ ਦੂਰੋਂ ਖੰਭ ਖਿਲਾਰ ਦੇ।

ਆਨੁਨਿਕ ਪੰਜਾਬੀ ਗ਼ਜ਼ਲ ਦੀ ਗੱਲ ਕਰਦਿਆਂ ਗੁਰਦੇਵ ਨਿਰਧਨ ਦਾ ਨਾਂ ਸੁਭਾਵਿਕ ਹੀ ਸਾਡੇ ਜਿਹਨ ਵਿਚ ਉਭਰ ਆਉਂਦਾ ਹੈ। ਨਿਰਧਨ ਆਧੁਨਿਕ ਪੰਜਾਬੀ ਗ਼ਜ਼ਲ ਦਾ ਨਿਰਮਾਤਾ ਹੈ। ਉਸ ਨੇ ਪੰਜਾਬੀ ਗ਼ਜ਼ਲ ਦੇ ਪੁਰਾਣੇ ਮੁਹਾਵਰੇ ਨੂੰ ਤਿਆਗ ਕੇ ਇਸ ਨੂੰ ਅਸਲੋਂ ਨਵੇਂ ਲਿਬਾਸ ਵਿਚ ਪ੍ਰਫੁਲਿਤ ਕੀਤਾ ਹੈ। ਡਾ. ਰਣਧੀਰ ਸਿੰਘ ਚੰਦ ਦੇ ਕਥਨ ਅਨੁਸਾਰ, 'ਉਸ ਨੇ ਪਹਿਲਾਂ ਤੋਂ ਹੀ ਇਕ ਸੰਚੇ ਵਿਚ ਢਲੇ ਢਲਾਵੇ ਅਥਵਾ (Conditioned epithet) ਨਹੀਂ ਲਿਆਂਦੇ ਸਗੋਂ ਅਨੁਭਵ ਦੀ ਨਵੀਨਤਾ ਅਤੇ ਮੌਲਿਕ ਦ੍ਰਿਸ਼ਟੀਕੋਣ ਹਰ ਥਾਂ ਪ੍ਰਦਰਸ਼ਿਤ ਹੈ ਜਿਸ ਨੇ ਇਕ ਨਵੀਂ ਕਿਸਮ ਦੇ ਸਾਦਗੀ ਭਰੇ ਤੁਗ਼ਜ਼ਲ ਨੂੰ ਜਨਮ ਦਿੱਤਾ ਹੈ'।[2] ਗੁਰਦੇਵ ਨਿਰਧਨ ਆਪਣੇ ਮੌਲਿਕ ਅਨੁਭਵ ਨੂੰ ਰੂਪਮਾਨ ਕਰਨ ਲਈ ਹੰਢੇ-ਵਰਤੇ ਪ੍ਰਤੀਕਾਂ ਦਾ ਆਸਰਾ ਨਹੀਂ ਲੈਂਦਾ ਸਗੋਂ ਇਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੰਤਵ ਲਈ ਉਹ ਨਵੇਂ ਨਵੇਂ ਬਿੰਬਾਂ ਦੀ ਸਿਰਜਨਾ ਕਰਦਾ ਹੈ। ਉਸ ਦੀ ਗ਼ਜ਼ਲ ਅਜੋਕੇ ਮਨੁੱਖ ਦੀ ਜਟਿਲ ਮਨੋਦਸ਼ਾ ਦਾ ਨਿਰੂਪਣ ਕਰਦੀ ਹੈ। ਨਿਰਧਨ ਦੀ ਗ਼ਜ਼ਲ ਦੀ ਆਭਾ ਹੇਠ ਦਿੱਤੇ ਇਨ੍ਹਾਂ ਕੁਝ ਸ਼ਿਅਰਾਂ ਵਿਚੋਂ ਵੇਖੀ ਜਾ ਸਕਦੀ ਹੈ :

ਖੇਦ ਹੈ ਕਿ ਸ਼ਹਿਰ ਭਰ 'ਚੋਂ ਕਿਸੇ ਵੀ ਨਾ ਤੱਕਿਆ,  
ਇਸ ਕਮਰੇ ਵਿਚ 'ਨਿਰਧਨ' ਸੁਲਘਦਾ ਹੀਟਰ ਕੋਈ।...

ਝਿਲਮਿਲਾਂਦੇ ਸਬਜ਼ ਰੰਗ ਦੀ ਲੰਘ ਗਈ ਸੀ ਕਾਰ ਪਰ,  
ਸੁੱਕੇ ਹੋਏ ਪੱਤਿਆਂ ਨੂੰ ਪਿੱਛੇ ਉੱਡਦਾ ਛੱਡ ਗਈ।...

ਜਿਸ ਵਿਚ ਲੱਗੇ ਹੋਏ ਨੇ ਢਲਦੇ ਦਿਲ ਦੇ ਪੋਜ਼,  
ਉਸ ਐਲਬਮ ਨੂੰ ਤੱਕਿਆ ਸੈਆਂ ਵਾਰ ਅਸੀਂ।...

ਮੈਂ ਤਾਂ ਬਾਹਰ ਫਿਰ ਰਿਹਾ ਸਾਂ ਰੌਸ਼ਨੀ ਦੀ ਭਾਲ ਵਿਚ,  
ਮੇਰੇ ਬਿਸਤਰ ਤੇ ਸੀ ਖੌਰੇ ਲੇਟਿਆ ਕਿਸ ਦਾ ਬਦਨ।...

ਭਾਵੇਂ ਕੱਪੜੇ ਅਸੀਂ ਸੁਨਹਿਰੀ ਪਹਿਨੇ ਨੇ,  
ਪਰਛਾਵੇਂ ਤਾਂ ਫੇਰ ਵੀ ਆਪਣੇ ਕਾਲੇ ਨੇ।

ਡਾ. ਰਣਧੀਰ ਸਿੰਘ ਚੰਦ ਨੇ ਬੜੀਆਂ ਖ਼ੂਬਸੂਰਤ ਨਜ਼ਮਾਂ ਵੀ ਲਿਖੀਆਂ ਹਨ ਪਰ ਉਸ ਦੀ ਸ੍ਰੇਸ਼ਟ ਕਾਵਿ-ਪ੍ਰਤਿਭਾ ਉਸ ਦੀਆਂ ਗ਼ਜ਼ਲਾਂ ਦੁਆਰਾ ਹੀ ਪ੍ਰਦਰਸ਼ਿਤ ਹੋਈ ਹੈ। ਆਪਣੇ ਮਨ ਦੀਆਂ ਗੁਮਨਾਮ ਭਾਵਨਾਵਾਂ ਨੂੰ ਰੂਪਮਾਨ ਕਰਨ ਲਈ ਡਾ. ਰਣਧੀਰ ਸਿੰਘ ਚੰਦ ਨੇ ਰੂੜ ਪ੍ਰਤੀਕਾਂ ਨੂੰ ਤਿਆਗ ਕੇ ਨਵੇਂ ਨਵੇਂ ਬਿੰਬਾਂ ਦੀ ਸਿਰਜਨਾ ਕੀਤੀ ਹੈ ਅਤੇ ਪੰਜਾਬੀ ਗ਼ਜ਼ਲ ਨੂੰ ਆਧੁਨਿਕ ਰੂਪ ਪ੍ਰਦਾਨ ਕਰਨ ਦਾ ਸਫ਼ਲ ਯਤਨ ਕੀਤਾ ਹੈ। ਡਾ. ਤ੍ਰਿਲੋਕ ਸਿੰਘ ਆਨੰਦ ਦੇ ਕਥਨ ਅਨੁਸਾਰ, 'ਉਸ ਦੀਆਂ ਗ਼ਜ਼ਲਾਂ ਵਿਚ ਅਜੋਕਾ ਮਨੁੱਖ ਆਪਣੀਆਂ ਕੁਝ ਮਜ਼ਬੂਰੀਆਂ, ਮਹਿਰੂਮੀਆਂ, ਬੇਬਸੀਆਂ, ਅਤ੍ਰਿਪਤ ਲਾਵਸਾਵਾਂ ਤੇ ਆਂਸ਼ਿਕ ਪ੍ਰਾਪਤੀਆਂ ਸਹਿਤ ਪੂਰਨ ਭਾਂਤ ਪ੍ਰਤੀਬਿੰਬਤ ਹੋਇਆ ਹੈ। ਹੋਂਦ ਦੀ ਮਜ਼ਬੂਰੀ, ਭੀੜ ਵਿਚ ਇਕੱਲਤਾ ਦਾ ਅਹਿਸਾਸ, ਆਪਣੇ ਆਪ ਤੋਂ ਪਲਾਇਨ, ਵਿਸ਼ਾਦ, ਘੁੱਟਨ, ਬੇਬਸੀ ਅਤੇ ਮੋਹਭੰਗ ਆਦਿ ਦੀ ਅਵਸਥਾ ਨੂੰ ਉਸ ਨੇ ਪੂਰੀ ਈਮਾਨਦਾਰੀ ਨਾਲ ਚਿਤ੍ਰਿਆ ਹੈ'।[3] ਡਾ. ਚੰਦ ਦੀਆਂ ਗ਼ਜ਼ਲਾਂ ਦੀ ਖ਼ੂਬਸੂਰਤੀ ਦੀ ਝਲਕ ਹੇਠ ਦਿੱਤੇ ਕੁਝ ਸ਼ਿਅਰਾਂ ਵਿਚੋਂ ਮਿਲਦੀ ਹੈ :

ਵੱਖੋ ਵੱਖਰੇ ਰੂਪ ਨੇ ਸਭ ਇਕ ਮੇਰੀ ਪਿਆਸ ਦੇ,  
ਤਿੜਕਿਆ ਖ਼ਮ ਉਜੜਿਆ ਖੂਹ, ਇਕ ਦਰਿਆ ਸੁੱਕਿਆ।...

ਓਸ ਵੇਲੇ ਆਪਣਾ ਆਪਾ ਹੋਰ ਖ਼ਾਲੀ ਜਾਪਿਆ,  
ਜਦ ਕਦੇ ਰੰਗੀਨ ਮੌਸਮ ਕੋਲ ਦੀ ਹੈ ਲੰਘਿਆ।...



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਐਸੇ ਵੀ ਦਿਨ ਜ਼ਿੰਦਗਾਨੀ ਵਿਚ ਆਏ ਨੇ,
ਜਦ ਆਪਣੇ ਹੀ ਦਰਵਾਜ਼ੇ ਦੀਵਾਰ ਬਣੇ।...

ਖਿੱਲਰੀ ਪਈ ਕੁਝ ਇਸ ਤਰ੍ਹਾਂ ਹੈ ਰੇਤ ਜਿਸਮ ਦੀ,
ਚਾਹਿਆ ਜਦੋਂ ਕਦੀ ਵੀ ਨਾ ਇਹ ਬਣ ਸਕੀ ਦੀਵਾਰ।

ਗੁਰਦੇਵ ਨਿਰਧਨ ਤੇ ਡਾ, ਰਣਧੀਰ ਸਿੰਘ ਚੰਦ ਵਾਂਗ ਹੀ ਕੰਵਰ ਚੌਹਾਨ ਨੇ ਵੀ ਪੰਜਾਬੀ ਗ਼ਜ਼ਲ ਨੂੰ ਪੁਰਾਣੇ ਹੰਢੇ-ਵਰਤੇ ਵਸਤਰਾਂ ਦੀ ਥਾਂ ਬਿਲਕੁੱਲ ਨਵੇਂ ਲਿਬਾਸ ਵਿਚ ਪੇਸ਼ ਕੀਤਾ ਹੈ। ਉਸ ਨੇ ਅਜੋਕੇ ਮਨੁੱਖ ਦੇ ਅੰਦਰਲੇ ਭਾਵ-ਜਗਤ ਨੂੰ ਸਮਕਾਲੀ ਜੀਵਨ ਵਿਚੋਂ ਖਿੱਚ ਲੈ ਕੇ ਰੂਪਮਾਨ ਕਰਨ ਦਾ ਸਫ਼ਲ ਯਤਨ ਕੀਤਾ ਹੈ। ਅਜਿਹੇ ਕੁਝ ਸ਼ਿਅਰ ਵੇਖੋ :

ਇਕ ਸੋਚ ਦੀ ਆਰੀ ਨੇ ਕੱਟਿਆ ਹੈ ਇਹਦਾ ਬੰਦ ਬੰਦ,
ਦੇਖਣ ਨੂੰ ਜਿਹੜਾ ਬੰਦਾ ਇਕ ਠੋਸ ਇਕਾਈ ਹੈ।...

ਦਿਲ ਦੀ ਵੇਦਨ ਨੂੰ ਕਿਹੜਾ ਪਾਲਦੈ ਉਮਰਾਂ ਤੀਕਰ,
ਲੋਕ ਸੁੱਟ ਦਿੰਦੇ ਨੇ ਬੇਕਾਰ ਜੁਰਾਬਾਂ ਵਾਂਗੂੰ।...

ਪੱਥਰ ਦੇ ਬਾਝੋਂ ਕੁਝ ਵੀ ਤਾਂ ਦਿੱਸਿਆ ਨਹੀਂ, 'ਕੰਵਰ',
ਸ਼ੀਸ਼ੇ ਨੂੰ ਆਪਣਾ ਜਦ ਵੀ ਕਦੀ ਸੌਂਪਿਆ ਬਦਨ।

ਅਜਿਹਾ ਆਧੁਨਿਕ ਰੰਗ ਸਾਨੂੰ ਜਗਤਾਰ, ਸ. ਸ. ਮੀਸ਼ਾ ਤੇ ਅਜਾਇਬ ਹੁੰਦਲ ਦੀਆਂ ਗ਼ਜ਼ਲਾਂ ਵਿਚੋਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਕੁਝ ਵੰਨਗੀ ਪੇਸ਼ ਹੈ :

ਮੈਨੂੰ ਗੁਬਾਰੇ ਵਾਂਗੂੰ ਉਡਾਈ ਫਿਰੇ ਹਵਾ,
ਬਾਹਰ ਵੀ ਹੈ ਖਿਲਾ ਮਿਰੇ ਅੰਦਰ ਵੀ ਹੈ ਖਿਲਾ।...

ਤਨਹਾ ਭਰੇ ਸ਼ਹਿਰ 'ਚ ਮੈਂ ਸਾਂ ਰਾਤ ਇਸ ਤਰ੍ਹਾਂ,
ਵਰਕਾ ਜਿਵੇਂ ਤੂਫ਼ਾਨ ਵਿਚ ਖੁੱਲ੍ਹੀ ਕਿਤਾਬ ਦਾ।

(ਜਗਤਾਰ)

ਪਹਿਨਣ ਤੱਕਣ ਵਾਲਿਆਂ ਦੀ ਜਦ ਬਦਲੀ ਨੀਤ,
ਕਜਣ ਦੀ ਥਾਂ ਵਸਤਰਾਂ ਸਗੋਂ ਉਘਾੜੇ ਅੰਗ।

(ਸ. ਸ. ਮੀਸ਼ਾ)

ਇਹ ਕਿਸ ਚਾਨਣ ਦਾ ਪਰਛਾਵਾਂ ਸਾਡੇ ਵਿਹੜੇ ਵੜਿਆ,
ਹਰ ਕਮਰੇ ਨੇ ਪਹਿਨ ਲਏ ਹਨ ਕਾਲੇ ਰੰਗ ਦੇ ਬਸਤਰ।

(ਅਜਾਇਬ ਸਿੰਘ ਹੁੰਦਲ)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਾਇਬ ਚਿੱਤਰਕਾਰ, ਸੁਰਜੀਤ ਪਾਤਰ, ਸਵਰਨ ਰਾਹੀ, ਗੁਰਭਜਨ ਗਿੱਲ, ਡਾ. ਤ੍ਰਿਲੋਕ ਸਿੰਘ ਆਨੰਦ ਆਦਿ ਨੇ ਵੀ ਪੰਜਾਬੀ ਗ਼ਜ਼ਲ ਨੂੰ ਆਧੁਨਿਕ ਰੂਪ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ।

## ਪਾਕਿਸਤਾਨੀ ਗ਼ਜ਼ਲ

ਪੰਜਾਬੀ ਗ਼ਜ਼ਲ ਦਾ ਮੁੱਢ ਮੌਲਾ ਬਖ਼ਸ਼ ਕੁਸ਼ਤਾ ਤੇ ਹੋਰ ਮੁਸਲਮਾਨ ਸ਼ਾਇਰਾਂ ਨੇ ਬੰਨ੍ਹਿਆ ਹੈ। ਇਸ ਸਮੇਂ ਵੀ ਪਾਕਿਸਤਾਨ ਵਿਚ ਪੰਜਾਬੀ ਗ਼ਜ਼ਲ ਨੂੰ ਚੰਗਾ ਮੁਕਾਮ ਹਾਸਿਲ ਹੈ। ਸੂਫ਼ੀ ਤਬੱਸਮ, ਪੀਰ ਫ਼ਜ਼ਲ ਹੁਸੈਨ ਗੁਜਰਾਤੀ, ਹਕੀਮ ਨਾਸਿਰ, ਸ਼ਰੀਫ਼ ਕੁੰਜਾਹੀ, ਡਾ. ਗ਼ਜ਼ਨ, ਡਾ. ਫਕੀਰ ਮੁਹੰਮਦ ਫਕੀਰ, ਗ਼ੁਲਾਮ ਯਾਕੂਬ ਅਨਵਰ ਆਦਿ ਦੀ ਗ਼ਜ਼ਲ ਵਿਚੋਂ ਭਾਵੇਂ ਆਰੰਭਿਕ ਪੜਾਅ ਦਾ ਮੁਹਾਂਦਰਾ ਨਜ਼ਰ ਆਉਂਦਾ ਹੈ ਪਰ ਮਾਜਦ ਸਦੀਕੀ, ਸ਼ਹਿਜ਼ਾਦ ਅਹਿਮਦ, ਆਸੀ ਰਿਜ਼ਵੀ, ਖ਼ਲੀਲ ਆਤਿਸ਼, ਨਜ਼ੀਰ ਚੌਧਰੀ ਤੇ ਹੋਰ ਕਈ ਪਾਕਿਸਤਾਨੀ ਗ਼ਜ਼ਲਗੋ ਅਜਿਹੇ ਹਨ ਜਿਨ੍ਹਾਂ ਨੇ ਪੁਰਾਣੇ ਮਖੌਟੇ ਉਤਾਰ ਕੇ ਪੰਜਾਬੀ ਗ਼ਜ਼ਲ ਦੇ ਨਵੀਨ ਮੁਹਾਵਰੇ ਨੂੰ ਅਪਣਾਇਆ ਹੈ। ਜ਼ਫ਼ਰ ਇਕਬਾਲ ਵਾਂਗ ਜਿਨ੍ਹਾਂ ਪਾਕਿਸਤਾਨੀ ਸ਼ਾਇਰਾਂ ਨੇ ਪੰਜਾਬੀ ਗ਼ਜ਼ਲ ਨੂੰ ਆਧੁਨਿਕ ਰੂਪ ਵਿਚ ਪ੍ਰਫੁਲਿਤ ਕੀਤਾ ਹੈ ਉਨ੍ਹਾਂ ਵਿਚ ਤਨਵੀਰ ਬੁਖਾਰੀ ਰਊਫ ਸ਼ੇਖ ਤੇ ਮਾਜਦ ਸਦੀਕੀ ਦਾ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਨ੍ਹਾਂ ਸ਼ਾਇਰਾਂ ਦੀ ਗ਼ਜ਼ਲ ਦੀ ਕੁਝ ਵੰਨਗੀ ਅਸੀਂ ਹੇਠਾਂ ਦੇ ਰਹੇ ਹਾਂ ਜਿਸ ਵਿਚ ਅਜੋਕੇ ਮਨੁੱਖ ਦੇ ਜੀਵਨ ਦਾ ਨਿਰੂਪਨ ਕੀਤਾ ਗਿਆ ਹੈ :

ਸ਼ਾਮ ਪੈਂਦੀ ਏ ਤੇ ਲੋਕੀਂ ਮੱਲ ਬਹਿੰਦੇ ਨੇ ਕਲੱਬ,
ਜਿਉਂ ਘਰਾਂ ਦੇ ਦੀਵਿਆਂ ਵਿਚ ਤੇਲ ਨਹੀਂ ਹੁਣ ਰਹਿ ਗਿਆ।...

ਸੋਚਨਾ ਵਾਂ ਜ਼ਿੰਦਗੀ ਏ ਜਾਂ ਕਿਰਾਏ ਦਾ ਮਕਾਨ,
ਜਿਹੜੇ ਵੇਲੇ ਜੀ ਕਰੇ ਮਾਲਕ ਕਹੇ, 'ਜਾ ਨਿਕਲ ਜਾ।'...

ਕਰਦਾ ਸੀ ਇਕ ਯਾਦ ਤੇ ਦੂਜਾ ਆਪੇ ਈ ਉੱਠ ਨੱਸਦਾ ਸੀ,
ਟੈਲੀਫ਼ੋਨ ਤੇ ਸਾਇੰਸਦਾਨਾਂ ਹਾਲੇ ਕੱਲ੍ਹ ਬਣਾਇਆ ਏ।...

ਦਿਲ ਨੂੰ ਠਾਹਰਾਂ ਦੇਣ ਦੀ ਖ਼ਾਤਰ ਹੈਪੀ ਬਣਿਆ ਫਿਰਨਾ ਵਾਂ,
ਮਾਡਲ ਬਣਨ ਦੇ ਚਾਅ ਵਿਚ ਤੂੰ ਵੀ ਆਪਣਾ ਰੂਪ ਗਵਾਇਆ ਏ।

(ਤਨਵੀਰ ਬੁਖ਼ਾਰੀ)

ਦਿਲ ਤੇ ਜਿਸ ਦਾ ਨਾਂ ਲਿਖਦੇ ਰਹੇ ਓਸੇ ਨੇ ਇਹ ਦੱਸਿਆ ਏ,
ਲਿਖਿਆਂ ਕੋਲੋਂ ਮਹਿੰਗੇ ਵਿਕਦੇ ਜਿਹੜੇ ਵਰਕੇ ਕੋਰੇ ਨੇ।...

ਮੇਰੀ ਜ਼ਾਤ ਪਸਰ ਕੇ ਮੈਨੂੰ ਕੀ ਕੀ ਧੋਖੇ ਦਿੱਤੇ ਨੇ,
ਆਪਣੇ ਘਰ ਵਿਚ ਮੈਂ ਪਰਦੇਸ਼ੀ ਆਪਣੇ ਪਿੰਡ ਪਰਾਇਆ ਹਾਂ।...



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ੋਰਾਵਰ ਨੇ ਹਰ ਬੂਹੇ ਤੇ ਆਪਣਾ ਨਾਂ ਲਿਖ ਲਿਤਾ ਏ,
ਉਹ ਸੜਕਾਂ ਤੇ ਰੁੱਲਦਾ ਫਿਰਦਾ ਜਿਸ ਨੇ ਸ਼ਹਿਰ ਵਸਾਇਆ ਏ ।

(ਰਊਫ਼ ਸ਼ੇਖ)

ਖੌਰੇ ਕਿੰਨੀ ਵਾਰ ਮੈਂ ਵਿਚ ਖ਼ਿਲਾਵਾਂ ਲਟਕਿਆ,
ਅੰਬਰ ਮੈਥੋਂ ਦੂਰ ਸਨ ਧਰਤੀ ਮੂੰਹ ਸੀ ਮੋੜਿਆ ।...

ਸੜਕਾਂ ਉੱਤੋਂ ਭਰੇ ਭਰਾਤੇ ਮੁੱਖੜੇ ਉੱਡ ਉੱਡ ਲੰਘਦੇ ਨੇ,
ਦਿਲ ਵਿਚ ਪਹੀਏ ਲਹਿ ਜਾਂਦੇ ਨੇ ਪੀਲੀਆਂ ਚਿੱਟੀਆਂ ਕਾਰਾਂ ਦੇ ।

(ਮਾਜਦ ਸਦੀਕੀ)

ਪਾਕਿਸਤਾਨੀ ਪੰਜਾਬੀ ਗ਼ਜ਼ਲ ਦਾ ਵਿਸਥਾਰ ਇਥੇ ਸੰਭਵ ਨਹੀਂ, ਇਸ ਮੰਤਵ ਲਈ ਇਕ ਵੱਖਰੇ ਪੇਪਰ ਦੀ ਲੋੜ ਹੈ ।

ਇਸ ਸਮੇਂ ਪੰਜਾਬੀ ਗ਼ਜ਼ਲ ਦਾ ਪਿੜ ਬਹੁਤ ਮੋਕਲਾ ਹੈ । ਲਗ ਭਗ ਹਰ ਪੰਜਾਬੀ ਸ਼ਾਇਰ ਗ਼ਜ਼ਲ ਲਿਖਣ ਲਈ ਪ੍ਰੇਰਿਤ ਹੋਇਆ ਹੈ । ਪੰਜਾਬੀ ਦੇ ਕੁਝ ਹੋਰ ਗ਼ਜ਼ਲਗੋ ਹਨ— ਦੇਵਿੰਦਰ ਜੋਸ਼, ਉਲਫਤ ਬਾਜਵਾ, ਮਹਿੰਦਰ ਦੀਵਾਨਾ, ਸ਼ਿਰੀ ਰਾਮ ਅਰਸ਼, ਡਾ. ਗੁਰਚਰਨ ਸਿੰਘ, ਅਮਰੀਕ ਸਿੰਘ ਪੂਨੀ, ਜਸਵੰਤ ਸਿੰਘ ਰਾਹੀ, ਖੁਸ਼ਵੰਤ ਕੰਵਲ, ਡਾ. ਨਰੇਸ਼, ਪ੍ਰਕਾਸ਼ ਸਾਥੀ, ਹਜ਼ਾਰਾ ਸਿੰਘ ਗੁਰਦਾਸਪੁਰੀ, ਕੁਲਵੰਤ ਜਗਰਾਉਂ, ਮਹਿੰਦਰ ਸਿੰਘ ਮਾਨਵ, ਹਰਬੰਸ ਅਰਮਾਨੀ, ਕੁਲਵੰਤ ਨੀਲੋਂ, ਹਰਭਜਨ ਸਿੰਘ ਹਲਵਾਰਵੀ, ਇੰਦਰ ਸਿੰਘ ਰਾਜ਼, ਹਰਭਜਨ ਸਿੰਘ ਹੁੰਦਲ, ਮੰਗਲ ਮਦਾਨ, ਗੁਰਮੀਤ ਮੀਤ ਧਰਮਪਾਲ ਉਪਾਸ਼ਕ, ਪ੍ਰੇਮ ਅਬੋਹਰਵੀ, ਆਦਿ । ਇਹਨਾਂ ਵਿਚੋਂ ਕੁਝ ਗ਼ਜ਼ਲਗੋ ਗ਼ਜ਼ਲ ਦੇ ਖੇਤਰ ਵਿਚ ਛੇਤੀ ਹੀ ਆਪਣਾ ਨਵੇਕਲਾ ਬਿੰਬ ਬਣਾ ਲੈਣਗੇ, ਇਹ ਗੱਲ ਬੜੇ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ।

ਪੰਜਾਬੀ ਗ਼ਜ਼ਲ ਦੀ ਪੁਨਰ ਸਥਾਪਨਾ ਦੇ ਇਸ ਦੌਰ ਵਿਚ ਬਹੁਤ ਸਾਰੇ ਗ਼ਜ਼ਲਗੋਆਂ ਦੇ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ ਜਿਨ੍ਹਾਂ ਵਿਚੋਂ ਗ਼ਜ਼ਲ, ਮਾਡਰਨ ਗ਼ਜ਼ਲ ਤੇ ਕਾਕਟੇਲ (ਸਾਧੂ ਸਿੰਘ ਹਮਦਰਦ), ਮੇਰੀ ਗ਼ਜ਼ਲ ਯਾਤਰਾ (ਪ੍ਰਿੰ. ਤਖ਼ਤ ਸਿੰਘ) ਮੇਰੀ ਗ਼ਜ਼ਲ, ਕੰਢਿ-ਆਲੀਆਂ ਤਾਰਾਂ (ਠਾਕੁਰ ਭਾਰਤੀ), ਸੁਪਨਿਆਂ ਦੇ ਪ੍ਰਛਾਵੇਂ (ਸੁਰਜੀਤ ਰਾਮਪੁਰੀ) ਅੰਦਾਜ਼-ਇ-ਗ਼ਜ਼ਲ (ਡਾ. ਦੀਵਾਨ ਸਿੰਘ) ਇਕ ਸੂਰਜ ਮੇਰਾ ਵੀ (ਡਾ. ਰਣਧੀਰ ਸਿੰਘ ਚੰਦ), ਅੱਗ ਦੇ ਘੁੱਟ, ਚਲਦੇ ਫਿਰਦੇ ਰੁੱਖ ਅਤੇ ਘਰ ਤੋਂ ਮਕਾਨ ਤਕ (ਅਜਾਇਬ ਹੁੰਦਲ) ਧੁੰਦ ਵਿਚ ਡੁੱਬੀਆਂ ਰੋਸ਼ਨੀਆਂ, ਪੁਰਾਣੇ ਮੌਸਮਾਂ ਦੀ ਆਵਾਜ਼ ਅਤੇ ਸਮੁੰਦਰ ਖੁਸ਼ਕ ਜਦ ਹੋਇਆ (ਗੁਰਦੇਵ ਨਿਰਧਨ), ਚਾਂਦੀ ਰੰਗੇ ਫੁੱਲ (ਦੇਵਿੰਦਰ ਜੋਸ਼), ਮਿੱਟੀ ਗੱਲ ਕਰੇ (ਮਹਿੰਦਰ ਦੀਵਾਨਾ), ਆਵਾਜ਼ਾਂ ਦੇ ਰੰਗ (ਅਜਾਇਬ ਚਿੱਤਰਕਾਰ), ਰਬਾਬ (ਸਿਰੀ ਰਾਮ ਅਰਸ਼) ਆਦਿ ਵਰਣਨ ਯੋਗ ਹਨ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਪਾਦਨ ਦੇ ਪੱਖ ਵੀ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਚੋਖਾ ਕੰਮ ਹੋਇਆ ਹੈ । ਕੁਝ ਸਮਾਂ ਪਹਿਲਾਂ ਝੂੰਮਰ (ਹਰਬੰਸ ਅਰਮਾਨੀ) ਪੰਜਾਬੀ ਗ਼ਜ਼ਲਾਂ (ਮੋਹਨ ਸਿੰਘ ਰਾਹੀ) ਪੰਜਾਬੀ ਗ਼ਜ਼ਲ (ਚਾਨਣ ਗੋਬਿੰਦਪੁਰੀ) ਆਦਿ ਗ਼ਜ਼ਲ ਸੰਗ੍ਰਹਿ ਸੰਪਾਦਿਤ ਕੀਤੇ ਗਏ ਸਨ । ਇਸ ਸਮੇਂ ਵੀ ਚੋਣਵੀਆਂ ਗ਼ਜ਼ਲਾਂ ਦੇ ਕੁਝ ਸੰਗ੍ਰਹਿ ਸੰਪਾਦਿਤ ਹੋਏ ਹਨ ਜਿਨ੍ਹਾਂ ਵਿਚੋਂ ਗ਼ਜ਼ਲ ਉਸ ਨੇ ਛੇੜੀ (ਡਾ. ਰਣਧੀਰ ਸਿੰਘ ਚੰਦ) ਚਿੱਟਾ ਘਾਹ ਧੁਆਂਖੀਆਂ ਰੁੱਤਾਂ (ਜਗਤਾਰ) ਆਦਿ ਵਰਣਨ ਯੋਗ ਹਨ ।

ਤ੍ਰੈਮਾਸਕ 'ਸੁਰਤਾਲ' (1972) 'ਕਵਿਤਾ' (1973) ਅਤੇ 'ਜਨ ਸਾਹਿਤ' (1977) ਨੇ ਵਿਸ਼ੇਸ਼ ਗ਼ਜ਼ਲ ਅੰਕ ਪ੍ਰਕਾਸ਼ਿਤ ਕੀਤੇ ਹਨ ।

ਮਾਸਕ ਪੱਤਰ 'ਕਵਿਤਾ' (ਸੰਪਾਦਕ : ਕਰਤਾਰ ਸਿੰਘ ਬਲੱਗਣ) ਵਿਚ ਗ਼ਜ਼ਲਾਂ ਵਿਸ਼ੇਸ਼ ਤੌਰ ਤੇ ਛਪਦੀਆਂ ਰਹੀਆਂ ਹਨ । ਇਸ ਸਮੇਂ ਤ੍ਰੈਮਾਸਕ ਸੁਰਤਾਲ ਗ਼ਜ਼ਲਾਂ ਵਿਸ਼ੇਸ਼ ਤੌਰ ਤੇ ਪ੍ਰਕਾਸ਼ਿਤ ਕਰਦਾ ਹੈ । ਪੰਜਾਬੀ ਗ਼ਜ਼ਲਾਂ ਪ੍ਰਕਾਸ਼ਿਤ ਕਰਨ ਵਿਚ ਰੋਜ਼ਾਨਾ 'ਅਜੀਤ' ਮੋਹਰੀ ਰਿਹਾ ਹੈ ।

ਕੁਝ ਸਮੇਂ ਤੋਂ ਵਿਦਵਾਨਾਂ ਨੇ ਪੰਜਾਬੀ ਗ਼ਜ਼ਲ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਇਆ ਹੈ । ਸਾਧੂ ਸਿੰਘ ਹਮਦਰਦ ਤੇ ਜਸਵੰਤ ਸਿੰਘ ਖ਼ੁਮਾਰ ਨੇ ਗ਼ਜ਼ਲ ਬਾਰੇ ਥੀਸਿਸ ਲਿਖ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀ.ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ । ਦੀਪਕ ਜੈਤੋਈ ਨੇ ਗ਼ਜ਼ਲ ਦੀ ਤਕਨੀਕ ਬਾਰੇ ਇਕ ਪੁਸਤਕ ਲਿਖੀ ਹੈ ।

ਡਾ. ਦੀਵਾਨ ਸਿੰਘ ਦੀ ਪੁਸਤਕ 'ਸੂਫ਼ੀਵਾਦ ਤੇ ਹੋਰ ਲੇਖ' ਵਿਚ ਗ਼ਜ਼ਲ ਤੀ ਤਕਨੀਕ ਤੇ ਪੰਜਾਬੀ ਗ਼ਜ਼ਲ ਦੀ ਪਰੰਪਰਾ ਬਾਰੇ ਤਿੰਨ ਲੇਖ ਦਰਜ ਕੀਤੇ ਗਏ ਹਨ ਜੋ ਗ਼ਜ਼ਲ ਵਿਚ ਦਿਲਚਸਪੀ ਰੱਖਣ ਵਾਲਿਆਂ ਲਈ ਜਾਣਕਾਰੀ ਪ੍ਰਾਪਤ ਕਰਨ ਲਈ ਵਧੀਆ ਸਰੋਤ ਹਨ । ਪਿਛਲੇ ਕੁਝ ਅਰਸੇ ਵਿਚ ਹੀ ਡਾ. ਦੀਵਾਨ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਚਾਨਣ ਗੋਬਿੰਦਪੁਰੀ, ਡਾ, ਨਰੇਸ਼, ਦੀਪਕ ਜੈਤੋਈ, ਡਾ. ਠਾਕੁਰ ਭਾਰਤੀ, ਡਾ. ਰਣਧੀਰ ਸਿੰਘ ਚੰਦ, ਪ੍ਰੀਤਮ ਸਿੰਘ (ਚੰਡੀਗੜ੍ਹ) ਡਾ. ਬਿਕਰਮ ਸਿੰਘ ਘੁੰਮਣ, ਆਦਿ ਦੇ ਪੰਜਾਬੀ ਗ਼ਜ਼ਲ ਜਾਂ ਗ਼ਜ਼ਲਗੋਆਂ ਸਬੰਧੀ ਲੇਖ 'ਪੰਜਾਬੀ ਦੁਨੀਆਂ', 'ਆਲੋਚਨਾ', 'ਦ੍ਰਿਸ਼ਟੀ', 'ਜਾਗ੍ਰਤੀ', 'ਸੁਰਤਾਲ' ਆਦਿ ਪੱਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਹੋਏ ਹਨ । ਆਕਾਸ਼ਬਾਣੀ ਜਲੰਧਰ ਤੋਂ ਪੰਜਾਬੀ ਗ਼ਜ਼ਲ ਬਾਰੇ ਵਾਰਤਾਵਾਂ ਪ੍ਰਸਾਰਤ ਹੋਈਆਂ ਹਨ । ਆਕਾਸ਼ਬਾਣੀ ਜਲੰਧਰ ਨੇ ਗ਼ਜ਼ਲ-ਗੋਸ਼ਟੀਆਂ ਕਰਵਾ ਕੇ ਵੀ ਪੰਜਾਬੀ ਗਜ਼ਲ ਨੂੰ ਲੋਕ-ਪ੍ਰਿਯ ਬਣਾਇਆ ਹੈ ।

ਸਾਹਿਤਿਕ ਅਦਾਰਿਆਂ ਵੱਲੋਂ ਗ਼ਜ਼ਲ-ਗੋਸ਼ਟੀਆਂ ਅਕਸਰ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਗ਼ਜ਼ਲ ਬਾਰੇ ਭਰਪੂਰ ਚਰਚਾ ਹੁੰਦੀ ਹੈ । ਇਹ ਗੱਲ ਵੀ ਪੰਜਾਬੀ ਗ਼ਜ਼ਲ ਦੀ ਮਕਬੂਲੀਅਤ ਦੀ ਸਾਖੀ ਭਰਦੀ ਹੈ ।

ਨਿਸ਼ਕਰਸ਼ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਗ਼ਜ਼ਲ ਦੀ ਆਪਣ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਬਲਵਾਨ ਪਰੰਪਰਾ ਹੈ। ਹੁਣ ਤਕ ਪੰਜਾਬੀ ਗ਼ਜ਼ਲ ਇਕ ਸ਼ਾਨਦਾਰ ਪੜਾਅ ਉੱਤੇ ਆ ਪਹੁੰਚੀ ਹੈ। ਪੰਜਾਬੀ ਗ਼ਜ਼ਲ ਦਾ ਵਰਤਮਾਨ ਹੀ ਇਸ ਦੇ ਉੱਜਲੇ ਭਵਿੱਖ ਦਾ ਪ੍ਰਤੀਕ ਹੈ। ਜੇ ਕੁਝ ਲੋਕ ਅਜੇ ਵੀ ਭੁਲੇਖੇ ਵਿਚ ਰਹਿਣ ਕਿ ਪੰਜਾਬੀ ਵਿਚ ਗ਼ਜ਼ਲ ਲਿਖੀ ਹੀ ਨਹੀਂ ਜਾ ਸਕਦੀ ਤਾਂ ਉਨ੍ਹਾਂ ਦੀ ਹਾਲਤ ਉੱਤੇ ਤਰਸ ਹੀ ਕੀਤਾ ਜਾ ਸਕਦਾ ਹੈ, ਹੋਰ ਕੁਝ ਨਹੀਂ। ਦਰਅਸਲ ਗ਼ਜ਼ਲ ਲਿਖਣਾ ਦਿਲ ਵਾਲੇ ਸ਼ਾਇਰਾਂ ਦਾ ਕੰਮ ਹੈ।

ਪੈਦਾ ਹੋਤੇ ਰਹੇਂਗੇ ਦਿਲ ਵਾਲੇ,
ਤਾ ਕਿਆਮਤ ਰਹੇਗੀ ਜਾਰੀ ਗ਼ਜ਼ਲ।

(ਨਾਸਰ ਕਾਜ਼ਮੀ)

## ਹਵਾਲੇ ਅਤੇ ਟਿੱਪਣੀਆਂ


1. 'ਮੁਕੱਦਮਾ ਸ਼ਿਅਰੋ ਸ਼ਾਇਰੀ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963, ਪੰਨਾ 113.
2. ''ਪੰਜਾਬੀ ਗ਼ਜ਼ਲ ਦਾ ਭਵਿੱਖ'', 'ਦ੍ਰਿਸ਼ਟੀ', ਜਨਵਰੀ 1975, ਪੰਨਾ 50.
3. 'ਸੁਰਤਾਲ', ਅਕਤੂਬਰ-ਦਸੰਬਰ 1977, ਪੰਨਾ 26.




CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੰਜਾਬੀਅਤ ਦਾ ਕਵੀ : ਬਾਬੂ ਫ਼ੀਰੋਜ਼ਦੀਨ ਸ਼ਰਫ਼

ਪੰਜਾਬ ਦੇ ਅਲਬੇਲੇ ਸ਼ਾਇਰ ਬਾਬੂ ਫ਼ੀਰੋਜ਼ਦੀਨ ਸ਼ਰਫ਼ ਨੂੰ ਪੰਜਾਬੀ ਦੇ ਸਟੇਜੀ ਕਵੀਆਂ ਵਿਚ ਸ਼ਰੋਮਣੀ ਸਥਾਨ ਪ੍ਰਾਪਤ ਹੈ। ਉਹ ਬਹੁਤ ਸਾਰਾ ਸਮਾਂ ਪੰਜਾਬੀ ਦੇ ਕਵੀ ਦਰਬਾਰਾਂ ਦੀ ਜ਼ਿੰਦ-ਜਾਨ ਬਣਿਆ ਅਤੇ ਉਸ ਦੀ ਕਵਿਤਾ ਦੇ ਸ਼ਹਿਦ-ਭਿੱਜੇ ਬੋਲ ਪੰਜਾਬ ਦੀ ਧਰਤੀ ਤੇ ਗੂਜਦੇ ਰਹੇ ਹਨ। ਇਸ ਲਈ ਉਸ ਨੂੰ 'ਪੰਜਾਬੀ ਬੁਲਬੁਲ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਲਾਲਾ ਧਨੀ ਰਾਮ ਚਾਤ੍ਰਿਕ ਅਨੁਸਾਰ, 'ਉਹ ਕਿਹੜਾ ਕਾਵਿ-ਬਗੀਚਾ ਹੈ ਜਿੱਥੇ ਇਸ ਪੰਜਾਬੀ ਬੁਲਬੁਲ ਦੇ ਤਰਾਨੇ ਨਹੀਂ ਗੂੰਜਦੇ। ਕਿਹੜੀ ਮਹਿਫ਼ਲ ਹੈ ਜਿਸ ਵਿਚ ਸ਼ਰਫ਼ ਦੇ ਵਾਕ-ਦੀਪਕ ਪਰਵਾਨੇ ਝੁਰਮਟ ਨਹੀਂ ਬੰਨ੍ਹਦੇ। ਕਿਹੜਾ ਕਵੀ ਦਰਬਾਰ ਹੈ ਜਿੱਥੇ ਇਸ ਪ੍ਰੇਮ-ਮਸਤਾਨੇ ਦੇ ਦੀਵਾਨੇ ਨਹੀਂ ਅਪੜਦੇ।' ਪੰਜਾਬੀ ਦੇ ਕਾਵਿ-ਰਸੀਆਂ ਦੇ ਦਿਲਾਂ ਵਿਚ 'ਸ਼ਰਫ਼' ਫੁੱਲਾਂ ਦੀ ਵਾਸ਼ ਵਾਂਗ ਵਸਿਆ ਹੋਇਆ ਹੈ। ਸਿੱਖ ਗੁਰੂਆਂ ਬਾਰੇ ਲਿਖੀਆਂ ਸ਼ਰਫ਼ ਦੀਆਂ ਕਵਿਤਾਵਾਂ ਸੁਣ ਕੇ ਗੁਰਪੁਰਬਾਂ ਤੇ ਇਕੱਤਰ ਹੋਈਆਂ ਸੰਗਤਾਂ ਝੂਮ ਉੱਠਦੀਆਂ ਸਨ ਅਤੇ ਸ਼ਰਫ਼ ਉਨ੍ਹਾਂ ਸੰਗਤਾਂ ਦੀ ਨਜ਼ਰ ਵਿਚ ਗੁਰੂ ਘਰ ਦਾ ਹਜ਼ੂਰੀ ਕਵੀ ਬਣ ਜਾਂਦਾ।

ਸ਼ਰਫ਼ ਨੇ ਪੰਜਾਬੀ ਭਾਸ਼ਾ ਦੀ ਰੱਜ ਕੇ ਸੇਵਾ ਕੀਤੀ ਹੈ। ਉਸ ਨੇ ਪ੍ਰਸਿੱਧ ਫਿਲਮਾਂ ਹੀਰ-ਸਿਆਲ, ਸੱਸੀ ਪੁੰਨੂੰ, ਚੌਧਰੀ, ਨਿਖੱਟੂ, ਮੁੰਦਰੀ, ਚੰਨ ਵੇ ਤੇ ਬਿੱਲੋ ਲਈ ਗੀਤ ਤੇ ਕਹਾਣੀਆਂ ਲਿਖੀਆਂ। ਸ਼ਰਫ਼ ਨੇ ਆਪਣੀ ਕਾਵਿ-ਰਚਨਾ ਲਈ ਅਨੇਕਾਂ ਵਿਸ਼ੇ—ਇਸ਼ਕ, ਧਰਮ, ਦੇਸ਼-ਪਿਆਰ ਆਦਿ ਚੁਣੇ ਹਨ ਪਰ ਉਸ ਦੇ ਮਨ ਅੰਦਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਅਥਾਹ ਪਿਆਰ ਅਤੇ ਸ਼ਰਧਾ ਦਾ ਜਜ਼ਬਾ ਪ੍ਰਧਾਨ ਰਿਹਾ ਹੈ ਜਿਸ ਦਾ ਪ੍ਰਕਾਸ਼ਨ ਉਸ ਨੇ ਵਿਭਿੰਨ ਕਾਵਿ-ਰੂਪਾਂ ਦੁਆਰਾ ਬੜੀ ਸਫ਼ਲ ਅਤੇ ਭਾਵਪੂਰਨ ਬੋਲੀ ਵਿਚ ਕੀਤਾ ਹੈ। ਜਿਵੇਂ ਫੁੱਲਾਂ ਵਿਚ ਗੁਲਾਬ ਦੇ ਫੁੱਲ ਨੂੰ ਸ਼ਰੋਮਣੀ ਸਥਾਨ ਪ੍ਰਾਪਤ ਹੈ, ਉਸੇ ਤਰ੍ਹਾਂ, ਸ਼ਰਫ਼ ਦੀਆਂ ਨਜ਼ਰਾਂ 'ਚ, ਪੰਜਾਬ ਨੂੰ ਹੋਰ ਦੇਸ਼ਾਂ ਵਿਚ ਸਰਬਉਚਤਮ ਸਥਾਨ ਪ੍ਰਾਪਤ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਹਣਿਆਂ ਦੇਸ਼ਾਂ ਅੰਦਰ
ਦੇਸ਼ ਪੰਜਾਬ ਨੀ ਸਈਓ
ਜੀਕਰ ਫੁੱਲਾਂ ਅੰਦਰ
ਫੁੱਲ ਗੁਲਾਬ ਨੀ ਸਈਓ

(ਸੋਹਣਾ ਦੇਸ ਪੰਜਾਬ)

ਪੰਜਾਬ ਪਿਆਰ ਦੇ ਪ੍ਰਸੰਗ ਵਿਚ ਸ਼ਰਫ਼ ਦੀ ਕਵਿਤਾ ਦਾ ਵਿਵੇਚਨ ਕਰਦਿਆਂ ਉਸ ਦੇ ਇਹ ਪੱਖ ਉਜਾਗਰ ਹੁੰਦੇ ਹਨ :

ਪੰਜਾਬਣ ਦੀ ਸੁੰਦਰਤਾ
ਪੰਜਾਬ ਦੀ ਸੂਰਬੀਰਤਾ
ਪੰਜਾਬੀ ਬੋਲੀ ਦਾ ਪਿਆਰ
ਪੰਜਾਬੀ ਸਭਿਆਚਾਰ ਦੀ ਝਲਕ
ਪੰਜਾਬ ਲਈ ਤੜਪ

ਸ਼ਰਫ਼ ਦੀ ਕਵਿਤਾ ਵਿਚ ਪੰਜਾਬ ਪਿਆਰ ਦਾ ਅਧਿਐਨ ਅਸੀਂ ਇਨ੍ਹਾਂ ਨੁਕਤਿਆਂ ਤੋਂ ਹੀ ਕਰਨ ਦਾ ਯਤਨ ਕਰਦੇ ਹਾਂ।

## ਪੰਜਾਬਣ ਦੀ ਸੁੰਦਰਤਾ

ਪੰਜਾਬਣ ਦੀ ਸੁੰਦਰਤਾ ਨੇ ਸ਼ਰਫ਼ ਦਾ ਮਨ ਮੋਹ ਲਿਆ ਜਾਪਦਾ ਹੈ। ਹਾਰ ਸ਼ਿੰਗਾਰ ਕਰ ਕੇ ਬਾਗਾਂ ਵਿਚ ਪੀਂਘਾਂ ਝੂਟਦੀਆਂ ਪੰਜਾਬ ਦੀਆਂ ਅਲ੍ਹੜ ਮੁਟਿਆਰਾਂ ਦੇ ਠਾਠਾਂ ਮਾਰਦੇ ਜ਼ੋਬਨ ਦਾ ਵਰਣਨ ਕਰਦਿਆਂ ਕਵੀ ਲਿਖਦਾ ਹੈ :

ਰਲ ਮਿਲ ਬਾਗੀਂ ਪੀਘਾਂ ਝੂਟਣ,
ਕੁੜੀਆਂ ਨਾਗਰ ਵੇਲਾ।
ਜੋਸ਼ ਜਵਾਨੀ ਠਾਠਾਂ ਮਾਰੇ,
ਲਿਸ਼ਕਣ ਹਾਰ-ਹਮੇਲਾਂ।
ਪਹਿਨਣ ਹੀਰੇ ਮੋਤੀ,
ਮੁੱਖ ਮਹਿਤਾਬ ਨੀ ਸਈਉ।

(ਸੋਹਣਾ ਦੇਸ਼ ਪੰਜਾਬ)

ਨਾਜ਼ਕ ਬਾਂਹ ਉਲਾਰ ਕੇ ਤਰੱਕਲੇ ਤੇ ਤੰਦ ਪਾਉਂਦੀ ਹੋਈ ਤ੍ਰਿਞਣ ਵਿਚ ਚਰਖਾ ਕੱਤ ਰਹੀ ਮੁਟਿਆਰ ਦਾ ਵਰਣਨ ਉਹ ਬੜੀ ਰੁਮਾਂਟਿਕ ਛੁਹ ਦੇ ਕੇ ਕਰਦਾ ਹੈ, ਜਿਵੇਂ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁੜ ਮੁਟਿਆਰਾਂ ਤ੍ਰਿੰਞਣ ਦੇ ਵਿਚ,
ਚਰਖੇ ਬੈਠ ਘੁਕਾਵਣ ।
ਨਾਜ਼ੁਕ ਬਾਂਹ ਉਲਾਰ ਪਿਆਰੀ,
ਤੰਦ ਤਰੱਕਲੇ ਪਾਵਣ ।
ਸੀਨੇ ਅੱਗਾਂ ਲਾਵਣ,
ਹੋਠ ਉਨਾਬ ਨੀ ਸਈਉ ।

(ਸੋਹਣਾਂ ਦੇਸ਼ ਪੰਜਾਬ)

ਕੁੜੀਆਂ ਦੇ ਝੁਰਮਟ ਵਿਚ ਹੀਰ ਦੀ ਨਵੇਕਲੀ ਛੱਬ ਨੂੰ ਕਵੀ ਨੇ ਚੰਦ ਦੁਆਲੇ ਚਮਕਦੇ ਤਾਰਿਆਂ ਦੇ ਉਪਮਾਨ ਦੁਆਰਾ ਰੂਪਮਾਨ ਕੀਤਾ ਹੈ :

ਹੀਰ ਸ਼ਹਿਜ਼ਾਦੀ ਬੇੜੇ ਬੈਠੀ,
ਸਈਆਂ ਖੇਡਣ ਪਈਆਂ ।
ਚੰਦ ਦੁਆਲੇ ਤਾਰੇ ਚਮਕਣ,
ਹੀਰ ਦੁਆਲੇ ਸਈਆਂ ।

(ਸੋਹਣਾ ਦੇਸ਼ ਪੰਜਾਬ)

ਸ਼ਰਫ਼ ਦੀ ਇਸ ਸ਼ਬਦਾਵਲੀ ਨਾਲ ਪੰਜਾਬਣ ਦੀ ਸੁੰਦਰਤਾ ਹੋਰ ਵੀ ਵੱਧ ਜਾਂਦੀ ਹੈ ਅਤੇ ਉਹ ਖ਼ੂਬਸੂਰਤੀ ਦਾ ਪ੍ਰਤੀਕ ਬਣ ਗਈ ਜਾਪਦੀ ਹੈ ।

## ਪੰਜਾਬੀ ਦੀ ਸੂਰਬੀਰਤਾ

ਇਕ ਪਾਸੇ ਸ਼ਰਫ਼ ਨੇ ਪੰਜਾਬਣ ਦੀ ਸੁੰਦਰਤਾ ਦਾ ਵਰਣਨ ਕੀਤਾ ਹੈ ਤੇ ਦੂਜੇ ਪਾਸੇ ਉਸ ਨੇ ਪੰਜਾਬ ਦੇ ਗੱਭਰੂ ਦੀ ਸੂਰਬੀਰਤਾ ਨੂੰ ਆਪਣੀ ਕਵਿਤਾ ਰਾਹੀਂ ਪ੍ਰਗਟ ਕੀਤਾ ਹੈ । ਪੰਜਾਬ ਦੇ ਬਹਾਦਰ ਨੌਜਵਾਨ ਦੀ ਹਿੰਮਤ ਅਤੇ ਦ੍ਰਿੜ੍ਹਤਾ ਬਾਰੇ ਉਹ ਲਿਖਦਾ ਹੈ :

ਸਾਗਰ ਕੋਲੋਂ ਨਾ ਡੋਲੇਂ ।
ਛੱਪੜੀ ਦੇ ਵਾਂਗ ਝੋਲੇਂ ।
ਹਿਮਾਲੀਆ ਦੀ ਢੇਰੀ ।
ਟੱਪੇ ਉਲਾਂਘ ਤੇਰੀ ।
ਅਸ਼ਕੇ ਤੇਰੇ ਜਵਾਨਾਂ ।

(ਪੰਜਾਬੀ ਨੌਜਵਾਨ ਨੂੰ)

ਪੰਜਾਬ ਦੇ ਗੱਭਰੂ ਦੀ ਬਹਾਦਰੀ ਦਾ ਉਲੇਖ ਕਰਦਿਆਂ ਸ਼ਰਫ਼ ਉਸ ਨੂੰ 'ਤੇਗ਼ ਦਾ ਖੀਵਾ' ਕਹਿ ਕੇ ਉਸ ਦੀ ਸੂਰਮਗਤੀ ਦਾ ਜੱਸ ਗਾਉਂਦਾ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ [illegible] ਹੈਂ ਬੀਰਾ ।
ਮੈਦਾਨ ਦਾ ਹੈਂ ਦੀਵਾ ।
ਦੁਨੀਆਂ ਦੇ ਲੋਕ ਜਾਣਨ ।
ਮਰਦਾਨਗੀ ਦਾ ਚਾਨਣ ।
ਤੂੰ ਕੌਮ ਦਾ ਪਰਵਾਨਾ ।

(ਪੰਜਾਬੀ ਨੌਜਵਾਨ ਨੂੰ)

ਪੰਜਾਬੀ ਨੌਜਵਾਨ ਦੇ ਮਨ ਅੰਦਰ ਦੇਸ਼-ਪਿਆਰ, ਆਜ਼ਾਦੀ ਤੇ ਕੁਰਬਾਨੀ ਦੀ ਭਾਵਨਾ ਨੂੰ ਵੀ ਸ਼ਰਫ਼ ਨੇ ਬੜੀ ਸੁਚੱਜੀ ਸ਼ਬਦਾਵਲੀ ਦੁਆਰਾ ਰੂਪਮਾਨ ਕੀਤਾ ਹੈ :

ਤੂੰ ਦੇਸ਼ ਦਾ ਪੁਜਾਰੀ ।
ਆਜ਼ਾਦੀ ਤੈਨੂੰ ਪਿਆਰੀ ।
ਰਣ ਵਿਚ ਜਦੋਂ ਬਰਾਜੇਂ ।
ਕੁਰਬਾਨੀਆਂ ਵਿਹਾਝੇਂ ।
ਦੇ ਦੇ ਕੇ ਸਿਰ ਬਿਆਨਾ ।

(ਪੰਜਾਬੀ ਨੌਜਵਾਨ ਨੂੰ)

ਰਣ ਵਿਚ ਜੂਝ ਰਹੇ ਸਿਪਾਹੀ ਨੂੰ ਪੰਜਾਬੀ ਹੋਣ ਦਾ ਗੌਰਵ ਹੈ ਅਤੇ ਇਸੇ ਭਾਵਨਾ ਅਧੀਨ ਉਹ ਹਰ ਮੈਦਾਨ ਫ਼ਤਿਹ ਪ੍ਰਾਪਤ ਕਰਨ ਦਾ ਦਾਅਵਾ ਕਰਦਾ ਹੈ । ਸ਼ਰਫ਼ ਦੇ ਸ਼ਬਦਾਂ ਵਿਚ :

ਪਰ ਆਵਾਂਗਾ ਲੈ ਕੇ ਸ਼ਰਫ਼ ਕਾਮਯਾਬੀ ।
ਮੈਂ ਮਾਦਰ ਵਤਨ ਦਾ ਹਾਂ ਪੁੱਤਰ ਪੰਜਾਬੀ ।

(ਸਿਪਾਹੀ)

ਪੰਜਾਬੀ ਨੌਜਵਾਨ ਸੰਬੰਧੀ ਸ਼ਰਫ਼ ਦੀਆਂ ਇਨ੍ਹਾਂ ਥੋੜ੍ਹੀਆਂ ਜਿਹੀਆਂ ਕਾਵਿ-ਪੰਕਤੀਆਂ 'ਚੋਂ ਪੰਜਾਬੀ ਦਾ ਜੋ ਸਰੂਪ ਪ੍ਰਗਟ ਹੋਇਆ ਹੈ, ਉਸ ਅਨੁਸਾਰ ਉਹ ਦੇਸ਼-ਪਿਆਰ, ਕੁਰਬਾਨੀ, ਦ੍ਰਿੜ੍ਹਤਾ ਅਤੇ ਸੂਰਬੀਰਤਾ ਦਾ ਪੁੱਤਲਾ ਬਣ ਜਾਂਦਾ ਹੈ ।

## ਪੰਜਾਬੀ ਬੋਲੀ ਦਾ ਪਿਆਰ

ਸ਼ਰਫ਼ ਨੂੰ ਪੰਜਾਬ ਦੀ ਬੋਲੀ ਨਾਲ ਤਾਂ ਅਥਾਹ ਇਸ਼ਕ ਹੈ । ਆਪਣੀ ਇਹ ਮਹਿਬੂਬ ਮਾਂ-ਬੋਲੀ ਦੀ ਬੇਕਦਰੀ ਨੂੰ ਵੇਖ ਕੇ ਉਸ ਦੇ ਕਾਲਜੇ 'ਚੋਂ ਰੁਗ ਭਰਿਆ ਜਾਂਦਾ ਹੈ । ਮਾਂ-ਬੋਲੀ ਦੀ ਦੁਰਦਸ਼ਾ ਨੂੰ ਉਸ ਨੇ ਇਕ ਦੁਖੀ ਨਾਰੀ ਦੇ ਰੂਪ ਵਿਚ ਬੜੇ ਕਰੁਣਾ-ਭਰਪੂਰ ਨਾਟਕੀ ਅੰਦਾਜ਼ ਵਿਚ ਰੂਪਮਾਨ ਕੀਤਾ ਹੈ । ਕੁਝ ਸਤਰਾਂ ਵੇਖੋ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਿਆ ਪੈਲੀ ਦੀ ਵੱਟ ਤੇ ਵੇਖਿਆ ਕੀ,
ਕੂੰਜ ਵਾਂਗ ਇਕ ਨਾਰ ਕੁਰਲਾਉਂਦੀ ਸੀ ।
ਪੂੰਝ ਪੂੰਝ ਕੇ ਅੱਥਰੂ ਰੱਤ-ਭਿੰਨੇ,
ਮਹਿੰਦੀ ਸੋਗਾਂ ਦੀ ਹੱਥਾਂ ਨੂੰ ਲਾਉਂਦੀ ਸੀ ।...

ਓਸੇ ਸੂਬੇ ਦੀ ਰਾਣੀ ਮੈਂ ਗਈ ਲੁੱਟੀ,
ਜਿਹਦੇ ਪੰਜ ਦਰਿਆ ਅੱਜ ਚੱਲਦੇ ਨੇ ।

(ਪੰਜਾਬੀ ਰਾਣੀ)

ਪੰਜਾਬੀ ਲੋਕਾਂ ਵਿਚ ਹੀ ਜੰਮੀ ਪਲੀ ਤੇ ਜਵਾਨ ਹੋਈ ਹੈ ਪਰ ਰਾਜ ਸੰਘਾਸਨ ਇਸ ਨੂੰ ਕਈ ਸਦੀਆਂ ਨਸੀਬ ਨਾ ਹੋਇਆ । ਬਹੁਤ ਸਾਰੇ ਲੋਕ ਆਪਣੀ ਮਾਂ-ਬੋਲੀ ਪੰਜਾਬੀ ਤੋਂ ਮੁਨਕਰ ਹੀ ਨਹੀਂ ਹੋਏ ਸਗੋਂ ਇਸ ਨੂੰ ਘਟੀਆ ਸਮਝ ਕੇ ਇਸ ਦਾ ਨਿਰਾਦਰ ਵੀ ਕੀਤਾ । ਸ਼ਰਫ਼ ਨੂੰ ਇਹ ਗੱਲ ਡਾਢੀ ਚੁੱਭਦੀ ਹੈ ਅਤੇ ਉਹ ਇਸ ਪ੍ਰਵਿਰਤੀ ਦਾ ਖੰਡਨ ਕਰਦਿਆਂ ਇਹ ਦਾਅਵਾ ਕਰਦਾ ਹੈ ਕਿ ਪੰਜਾਬੀ ਦੇ ਸਾਹਿਤ ਦਾ ਭੰਡਾਰ ਕਿਸੇ ਪੱਖੋਂ ਵੀ ਊਣਾ ਨਹੀਂ ਸਗੋਂ ਉਨ੍ਹਾਂ ਹੋਰਨਾਂ ਅਮੀਰ ਭਾਸ਼ਾਵਾਂ ਦੇ ਬਰਾਬਰ ਹੈ । ਜਿਨ੍ਹਾਂ ਨੂੰ ਸ਼ਾਹੀ ਸਰਪਰਸਤੀ ਪ੍ਰਾਪਤ ਹੈ :

ਪੰਜਾਬੀ ਦੇ ਵਿਚ ਵੀ ਉਹ ਹੀਰੇ ਨੇ ਰੁਲਦੇ ।
ਜਿਹੜੇ ਜ਼ੌਕ ਗ਼ਾਲਿਬ ਦੀ ਤੱਕੜੀ ਤੇ ਤੁਲਦੇ ।

(ਫ਼ਰਜ਼)

ਉਹ ਪੰਜਾਬ ਦੇ ਵਸਨੀਕਾਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਪ੍ਰਤਿ ਫ਼ਰਜ਼ ਤੋਂ ਜਾਣੂ ਕਰਵਾਉਂਦਾ ਹੋਇਆ ਇਸ ਦੇ ਵਿਕਾਸ ਲਈ ਬਹੁਤ ਸਾਰੇ ਅਮਲੀ ਸੁਝਾ ਦਿੰਦਾ ਹੈ । ਉਸ ਦੀ ਇੱਛਾ ਹੈ ਕਿ ਲੋਕ :

ਧੀਆਂ ਤੇ ਪੁੱਤਾਂ ਨੂੰ ਪੰਜਾਬੀ ਪੜ੍ਹਾਵਣ ।
ਸਕੂਲਾਂ ਦੇ ਅੰਦਰ ਪੰਜਾਬੀ ਚਲਾਵਣ ।
ਜਦੋਂ ਆ ਕੇ ਹੁੰਦੀ ਏ ਮਰਦਮ ਸ਼ੁਮਾਰੀ ।
ਕਹਿਣ : ਸਾਡੀ ਬੋਲੀ ਪੰਜਾਬੀ ਪਿਆਰੀ ।
ਕਰਨ ਚਿੱਠੀ-ਪੱਤਰ ਵੀ ਸਾਰੇ ਪੰਜਾਬੀ ।
ਪੰਜਾਬੀ ਸਿੱਖਣ ਡਾਕਖਾਨੇ ਸ਼ਤਾਬੀ ।
ਘਰ ਦੇ ਬੂਹੇ ਤੇ ਦੁਕਾਨਾਂ ਦੇ ਅੱਗੇ ।
ਪਤੇ ਬੋਰਡ ਹੋਵਣ ਪੰਜਾਬੀ ਦੇ ਲੱਗੇ ।
ਪੰਜਾਬੀ ਦੀਆਂ ਫ਼ਿਲਮਾਂ ਅਪਣਾਈਆਂ ਜਾਵਣ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਹੋ ਸਕੇ ਮਮਰਿਤ ਤੇ ਬਣਾਈਆਂ ਜਾਵਣ ।
ਤੇ ਆਲ ਇੰਡੀਆ ਰੇਡੀਓ ਦੇ ਕੰਨ ਜਾਣ ਖੋਲ੍ਹੇ ।
ਉਹ ਮੋਤੀ ਪੰਜਾਬੀ ਦੇ ਏਦਾਂ ਨਾ ਰੋਲੇ ।
ਪਿਲਾਵੇ ਨਾ ਸਾਨੂੰ ਉਹ ਨਿਮਾਂ ਧਤੂਰੇ ।
ਪੰਜਾਬੀ ਨੂੰ ਦੇਵਣ ਹਿੱਸੇ ਪੂਰੇ ਪੂਰੇ ।
ਲਿਖਾਰੀ ਪੰਜਾਬੀ ਦੇ ਰਲ ਮਿਲ ਕੇ ਸਾਰੇ ।
ਮੇਰੇ ਪੂਰ ਦੇਵਣ ਉਹ ਖ਼ਾਲੀ ਭੰਡਾਰੇ ।
ਪਰ ਹੋਵੇ ਪੰਜਾਬੀ ਵੀ ਉਹ ਸਰਲ ਬੋਲੀ ।
ਜਿਦ੍ਹੇ ਬੋਲਾਂ ਅੰਦਰ ਹੋਵੇ ਮਿਸ਼ਰੀ ਘੋਲੀ ।

(ਫ਼ਰਜ਼)

ਕਵੀ ਪੰਜਾਬੀ ਦੀ ਅਮੀਰ ਸਾਹਿਤਕ ਪਰੰਪਰਾ ਪ੍ਰਤਿ ਆਪਣੇ ਡੂੰਘੇ ਸਨੇਹ ਦਾ ਪ੍ਰਦਰਸ਼ਨ ਕਰਦਿਆਂ ਦੇਸ਼ ਅੰਦਰ ਪੰਜਾਬੀ ਦੇ ਪੂਰੇ ਆਦਰ-ਮਾਣ ਦੀ ਕਾਮਨਾ ਕਰਦਾ ਹੈ ਅਤੇ ਨਾਲ ਹੀ ਇਸ ਦੀ ਸੁੱਖ ਮੰਗਦਾ ਹੈ :

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ ।
'ਵਾਰਿਸ ਸ਼ਾਹ' ਤੇ 'ਬੁੱਲ੍ਹੇ' ਦੇ ਰੰਗ ਅੰਦਰ,
ਡੋਬ ਡੋਬ ਕੇ ਜ਼ਿੰਦਗੀ ਰੰਗਦਾ ਹਾਂ ।
ਰਵ੍ਹਾਂ ਏਥੇ ਤੇ ਯੂ. ਪੀ. ਵਿਚ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ ।
ਮੈਂ ਪੰਜਾਬੀ ਪੰਜਾਬ ਦਾ 'ਸ਼ਰਫ਼' ਸੇਵਕ,
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ ।

(ਮੈਂ ਪੰਜਾਬੀ)

ਕਵੀ ਆਪਣੀ ਮਾਂ-ਬੋਲੀ ਪੰਜਾਬੀ ਨੂੰ ਉਸ ਦੇ ਵਿਕਾਸ ਲਈ ਆਪਣੇ ਵੱਲੋਂ ਹਰ ਤਰ੍ਹਾਂ ਦੇ ਯਤਨ ਦਾ ਭਰੋਸਾ ਦਿਵਾਉਂਦਾ ਹੈ ਅਤੇ ਆਪਣੀ ਕਾਵਿ-ਕਲਾ ਉਸ ਨੂੰ ਸਮਰਪਣ ਕਰਦਾ ਹੈ । 'ਸ਼ਰਫ਼' ਦੇ ਸ਼ਬਦਾਂ ਵਿਚ :

ਹੱਥ ਜੋੜ ਕੇ ਉਸ ਨੂੰ ਆਖਿਆ ਮੈਂ,
ਏਥੋਂ ਤੀਕ ਤੇ ਟਿੱਲ ਮੈਂ ਲਾ ਦਿਆਂਗਾ ।
ਮੈਨੂੰ ਮਿਲੀ ਹੈ ਦਾਤ ਕਵੀਸ਼ਰੀ ਦੀ,
ਤੇਰੇ ਉੱਤੋਂ ਮੈਂ ਸਾਰੀ ਲੁਟਾ ਦਿਆਂਗਾ ।

(ਪੰਜਾਬੀ ਰਾਣੀ)



CC-0. In Public Domain. Gurukul Kangri Collection, Haridwar

ਇਸ ਸਮੇਂ ਜਦੋਂ ਕਿ ਪੰਜਾਬੀ ਨੂੰ ਰਾਜ ਸੰਘਾਸਨ ਮਿਲ ਗਿਆ ਹੈ ਅਤੇ ਇਸ ਦਾ ਕੁਝ ਕੁ ਵਿਕਾਸ ਵੀ ਹੋਇਆ ਹੈ ਪਰ ਫਿਰ ਵੀ 'ਸ਼ਰਫ਼' ਦੇ ਇਸ ਖ਼ਾਬ ਵਿਚ ਅਸਲੀਅਤ ਦਾ ਰੰਗ ਭਰਨ ਲਈ ਹੋਰ ਤਕੜੇ ਹੰਭਲਿਆਂ ਦੀ ਲੋੜ ਹੈ।

Digitized by Arya Samaj Foundation Chennai and eGangotri

## ਪੰਜਾਬੀ ਸਭਿਆਚਾਰ ਦੀ ਛੋਹ

'ਸ਼ਰਫ਼' ਨੇ ਆਪਣੀ ਕਵਿਤਾ ਵਿਚ ਪੰਜਾਬੀ ਸਭਿਆਚਾਰ ਦੀ ਝਲਕ ਵੀ ਪੇਸ਼ ਕੀਤੀ ਹੈ। ਪੰਜਾਬੀ ਸਭਿਆਚਾਰ ਨਾਲ ਉਸ ਨੂੰ ਡੂੰਘਾ ਸਨੇਹ ਹੈ। ਪੰਜ ਦਰਿਆਵਾਂ ਦੀ ਧਰਤੀ ਉੱਤੇ ਰੁੱਖਾਂ ਤੇ ਖੇਡਦਿਆਂ ਅਤੇ ਸੂਏ-ਨਹਿਰਾਂ ਵਿਚ ਨਹਾਉਂਦਿਆਂ ਬੀਤਿਆ ਬਚਪਨ ਉਸ ਦੀ ਸਿਮਰਤੀ ਦਾ ਇਕ ਰੰਗਲਾ ਖੰਡ ਹੈ ਜਿਸ ਦੇ ਵਰਣਨ ਵਿਚੋਂ ਪੰਜਾਬ ਦੀਆਂ ਕੁਝ ਲੋਕ-ਖੇਡਾਂ ਦਾ ਉਲੇਖ ਮਿਲਦਾ ਹੈ :

ਜਿੱਥੇ ਬੁੜ੍ਹਕੇ, ਹੱਸੇ, ਖੇਡੇ।
ਦੌੜੇ ਭੱਜੇ ਖਾਧੇ ਠੇਡੇ।
ਮੀਟ ਅੱਖਾਂ ਨੂੰ 'ਪੂਣ ਸਲਾਈਆਂ'।
ਏਧਰ ਉੱਧਰ ਜਿੱਥੇ ਲੰਘਾਈਆਂ।
ਜਿੱਥੇ ਖੇਡੀ ਖੇਡ ਅਯਾਣੀ।
'ਆਂਡਾ ਛੋਹ' ਕਾਣੇ ਦਾ ਪਾਣੀ।
ਜਿੱਥੇ ਭੰਡਾ-ਭੰਡਾਰੀਆਂ ਵਾਲੀ।
ਖੇਡ ਰਚਾਈ ਸੁੰਦਰ, ਆਲੀ।
ਜਿੱਥੇ ਖੇਡ ਖੇਡੀ ਸ਼ਪਾਕੀ।
ਕੋਟਲੇ ਲਾਏ ਨਾਲ ਚਲਾਕੀ।
ਜਿੱਥੇ 'ਗੁੱਲੀ-ਡੰਡੇ' ਖੇਡੇ।
ਟੁੱਲ ਲਗਾਏ ਵਿੰਗੇ-ਟੇਡੇ।
ਜਿੱਥੇ ਆਈਆਂ ਕੁੱਲ ਚਤਰਾਈਆਂ।
'ਚੀਰੋ-ਚੀਚ ਗੰਡੇਰੀਆਂ' ਪਾਈਆਂ।
ਹਾਏ, ਉਹ ਵਤਨੀ ਰੁੱਖ ਨਿਰਾਲੇ।
ਜੰਡ ਪਰਾਂਭਲ ਖੇਡਣ ਵਾਲੇ।
ਛੋ-ਛੋ, ਛਿੱਕ-ਛਿੱਕਾ ਸੁੰਦਰ ਜੋੜੀ।
ਜਿੱਥੇ ਬਣ ਗਈ ਸਾਥੀ ਘੋੜੀ।
ਹਾਏ, ਉਹ ਵਤਨੀ ਸੂਏ ਨਹਿਰਾਂ।
ਤਰੇ ਜਿੱਥੇ ਸਾਂ ਬਣ ਬਣ ਲਹਿਰਾਂ।
ਆਖ ਮਾਈ ਦੇ ਕਚਰੇ ਕੌੜੇ।
ਜਿਨ੍ਹਾਂ ਅੰਦਰ ਭੱਜੇ ਦੌੜੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁੱਠੀਆਂ ਛਾਲਾਂ, 'ਮੁਰਦੇ ਤਾਰੀ' ।
ਟੁੱਬੀ ਲਾਉਣੀ ਲੰਮੀ ਸਾਰੀ ।

(ਪਰਦੇਸੀ)

ਉਪਰੋਕਤ ਸਤਰਾਂ ਦਾ ਪਾਠ ਨੱਚਦੇ-ਟੱਪਦੇ ਪੰਜਾਬ ਦਾ ਇਕ ਚੱਲ-ਚਿੱਤਰ ਜਿਹਾ ਸਾਡੀਆਂ ਅੱਗੋਂ ਲੰਘਾ ਦਿੰਦਾ ਹੈ ਅਤੇ ਪੰਜਾਬ ਦੀ ਸਭਿਆਚਾਰਕ ਤਸਵੀਰ ਦਾ ਇਕ ਰੰਗਲਾ ਭਾਗ ਪੰਜਾਬ ਦੀਆਂ ਖੇਡਾਂ ਪੇਸ਼ ਕਰਨ ਵਿਚ ਕਵੀ ਬੜਾ ਸਫ਼ਲ ਰਿਹਾ ਹੈ ।

## ਪੰਜਾਬ ਲਈ ਤੜਪ

ਸ਼ਰਫ਼ ਨੂੰ ਪੰਜਾਬ ਨਾਲ ਡੂਘਾ ਸਨੇਹ ਹੈ ਅਤੇ ਆਪਣੇ ਵਤਨ ਦਾ ਵਿਛੋੜਾ ਉਸ ਲਈ ਅਤੀ ਦੁਖਦਾਈ ਹੈ । ਇਸ ਵਿਛੋੜੇ ਵਿਚ ਜਦ ਕੋਈ ਵਤਨੋਂ ਆਇਆ ਬੰਦਾ ਵੀ ਮਿਲਦਾ ਹੈ ਤਾਂ ਉਸ ਨੂੰ ਬੇਸ਼ੁਮਾਰ ਖੁਸ਼ੀ ਹੁੰਦੀ ਹੈ । ਇਸ ਖੁਸ਼ੀ ਨੂੰ ਪ੍ਰਗਟ ਕਰਦਿਆਂ ਉਹ ਲਿਖਦਾ ਹੈ :

ਜਦ ਕੋਈ ਬੰਦਾ ਵਤਨੀ ਮਿਲਦਾ ।
ਖਿੜ ਜਾਂਦਾ ਏ ਗੁੰਚਾ ਦਿਲ ਦਾ ।
ਜਿਵੇਂ ਜਿਵੇਂ ਉਹ ਖਬਰਾਂ ਦੱਸੇ ।
ਤਿਉਂ ਤਿਉਂ ਮੀਂਹ ਖੁਸ਼ੀ ਦਾ ਵੱਸੇ ।

(ਪਰਦੇਸੀ)

ਇਸ ਦੇ ਨਾਲ ਹੀ ਆਪਣੇ ਪਿਆਰੇ ਵਤਨ ਦਾ ਦ੍ਰਿਸ਼ ਉਸ ਦੀਆਂ ਦੀਦ-ਵਿਛੁੰਨੀਆਂ ਅੱਖਾਂ ਅੱਗੇ ਆ ਜਾਂਦਾ ਹੈ :

ਅੱਖਾਂ ਵਿਚ ਮਹੱਲੇ ਫਿਰਦੇ ।
ਦੀਦ ਵਿਛੁੰਨੇ ਦੀਦੇ ਚਿਰ ਦੇ ।

(ਪਰਦੇਸੀ)

ਪੰਜਾਬ ਦੇ ਨਾਲ ਹੀ ਪੰਜਾਬ ਦੀ ਯਾਦ ਉਸ ਨੂੰ ਬੇਚੈਨ ਕਰ ਦਿੰਦੀ ਹੈ ਅਤੇ ਵਤਨਾਂ ਦੇ ਦੀਦ ਦੀ ਸਿੱਕ ਉਸ ਨੂੰ ਉਦਾਸੀ ਦੇ ਡੂੰਘੇ ਸਾਗਰਾਂ ਵਿਚ ਜਾ ਸੁੱਟਦੀ ਹੈ । ਆਪਣੇ ਵਤਨ ਦੀ ਧਰਤੀ ਤੋਂ ਵਿਛੜ ਕੇ ਉਸ ਦੀ ਇਹ ਹਾਲਤ ਜਲ ਤੋਂ ਵਿਛੜੀ ਮੱਛਲੀ, ਡਾਰ ਤੋਂ ਨਿੱਖੜੀ ਕੂੰਜ, ਬਾਗ਼ ਤੋਂ ਵਿਛੜੀ ਬੁਲਬੁਲ ਜਾਂ ਤ੍ਰਿਵਣੋ ਵਿਛੁੰਨੀ ਮੁਟਿਆਰ ਵਾਂਗ ਹੋ ਜਾਂਦੀ ਹੈ । ਇਸ ਬਿਰਹਾ ਭਾਵ ਨੂੰ 'ਸ਼ਰਫ਼' ਨੇ ਕਰੁਣਾ-ਭਰਪੂਰ ਸ਼ਬਦਾਂ ਦੁਆਰਾ ਚਿਤਰਿਆ ਹੈ :

ਜਦ ਕੋਈ ਵਲ ਵਤਨਾ ਦੇ ਜਾਵੇ ।
ਦਿਲ ਵਿਚ ਡਾਢੀ ਸੱਧਰ ਆਵੇ ।
ਕੈਦੀ ਪੰਛੀ ਵਾਂਗੂੰ ਤੜਫਾਂ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਣ ਉਦਾਸੀ ਮਾਰੇ ਲੜਫਾਂ ।
ਦਿਲ ਸੀਨੇ ਵਿਚ ਫੜ ਫੜ ਕਰਦਾ ।
ਚੱਲੇ ਵੱਸ ਨਾ ਇਸ ਬੇ-ਪਰ ਦਾ ।
ਮੂੰਹ ਉਹਦਾ ਮੈਂ ਬਿੱਟ ਬਿੱਟ ਤੱਕਾਂ ।
ਉੱਝ ਜ਼ਬਾਨੋਂ ਬੋਲ ਨਾ ਸੱਕਾਂ ।
ਉੱਦਾਂ ਬਲ ਬਲ ਉੱਠਣ ਸੀਨੇ ।
ਵਿਛੜ ਚੱਲੇ ਯਾਰ ਨਗੀਨੇ ।
ਭਾਗ ਜਿਨ੍ਹਾਂ ਦੇ ਖਰੇ ਸਵੱਲੇ ।
ਚੱਲੇ ਦੇਸ਼ ਪਿਆਰੇ ਵੱਲੇ ।

(ਪਰਦੇਸੀ)

ਇਹ ਤੜਪ ਨਿਸ਼ਚੇ ਹੀ ਸ਼ਰਫ਼ ਦੇ ਪੰਜਾਬ ਪ੍ਰਤਿ ਡੂੰਘੇ ਸਨੇਹ ਨੂੰ ਉਜਾਗਰ ਕਰਦੀ ਹੈ ।

ਉਪਰੋਕਤ ਵਿਵੇਚਣ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਫ਼ੀਰੋਜ਼ਦੀਨ ਸ਼ਰਫ਼ ਦੇ ਦਿਲ ਵਿਚ ਆਪਣੇ ਵਤਨ ਪੰਜਾਬ ਲਈ ਡੂੰਘੇ ਪਿਆਰ ਦਾ ਜਜ਼ਬਾ ਵਿਦਮਾਨ ਹੈ ਜਿਸ ਦੀ ਅਭਿਵਿਅਕਤੀ ਉਸ ਨੇ ਆਪਣੀ ਕਾਵਿ-ਰਚਨਾ ਦੁਆਰਾ ਕੀਤੀ ਹੈ । ਉਸ ਨੇ ਪੀਘਾਂ ਝੂਟਦੀ, ਤ੍ਰਿਵਣਾਂ 'ਚ ਕੱਤਦੀ ਅਤੇ ਸਹੇਲੀਆਂ ਨਾਲ ਨੱਚਦੀ-ਟੱਪਦੀ ਪੰਜਾਬਣ ਦੀ ਸੁੰਦਰਤਾ ਨੂੰ ਬੜੇ ਰੁਮਾਂਚਿਕ ਢੰਗ ਨਾਲ ਰੂਪਮਾਨ ਕੀਤਾ ਹੈ । ਪੰਜਾਬੀ ਨੌਜਵਾਨ ਦੀ ਸੂਰਮਗਤੀ, ਹਿੰਮਤ, ਦ੍ਰਿੜ੍ਹਤਾ, ਕੁਰਬਾਨੀ ਅਤੇ ਦੇਸ਼-ਪਿਆਰ ਦੀ ਭਾਵਨਾ ਦਾ ਜੱਸ ਗਾਇਆ ਹੈ । ਸ਼ਰਫ਼ ਨੂੰ ਸਭ ਤੋਂ ਵਧੇਰੇ ਪਿਆਰ ਆਪਣੀ ਮਾਂ-ਬੋਲੀ ਪੰਜਾਬੀ ਨਾਲ ਹੈ । ਉਹ ਪੰਜਾਬੀ ਦੀ ਦੁਰਦਸ਼ਾ ਵੇਖ ਕੇ ਦੁੱਖੀ ਹੁੰਦਾ ਹੈ ਅਤੇ ਇਸ ਦੇ ਅਮੀਰ ਸਾਹਿੱਤਕ ਵਿਰਸੇ ਦਾ ਵਰਣਨ ਕਰਦਿਆਂ ਇਸ ਦੇ ਉੱਜਲੇ ਭਵਿੱਖ ਦੀ ਕਾਮਨਾ ਕਰਦਾ ਹੈ । ਇਸ ਤਰ੍ਹਾਂ ਸ਼ਰਫ਼ ਨੇ ਲੋਕ-ਖੇਡਾਂ, ਜੋ ਪੰਜਾਬੀ ਜੀਵਨ ਤੇ ਸਭਿਆਚਾਰ ਦਾ ਅੰਗ ਹਨ, ਦਾ ਵੇਰਵਾ ਉਸ ਨੇ ਪੰਜ਼ਾਬ ਦੇ ਸੂਏ-ਨਹਿਰਾਂ ਤੇ ਰੁੱਖਾਂ ਤੇ ਖੇਡਦਿਆਂ ਬੀਤੇ ਆਪਣੇ ਬਚਪਨ ਦੀ ਯਾਦ ਨੂੰ ਤਾਜ਼ਾ ਕਰਦਿਆਂ ਦਿੱਤਾ ਹੈ । ਅਜਿਹੇ ਪਿਆਰੇ ਵਤਨ ਪੰਜਾਬ ਦਾ ਵਿਛੋੜਾ 'ਸ਼ਰਫ਼' ਵਰਗੇ ਭਾਵਕ ਸ਼ਾਇਰ ਲਈ ਅਸਹਿ ਹੈ ਅਤੇ ਇਸ ਵਿਛੋੜੇ ਨੂੰ ਉਸ ਨੇ ਕਰੁਣਾ-ਭਰਪੂਰ ਸ਼ਬਦਾਂ ਦੁਆਰਾ ਚਿਤਰਿਆ ਹੈ ।

ਅੰਤ 'ਚ ਇਹ ਕਿਹਾ ਜਾ ਸਕਦਾ ਹੈ ਕਿ ਫ਼ੀਰੋਜ਼ਦੀਨ ਸ਼ਰਫ਼ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਦੀਵਾਨਾ ਸ਼ਾਇਰ ਹੈ । ਉਹ ਪੰਜਾਬ ਦਾ ਅਜਿਹਾ ਢਾਡੀ ਹੈ ਜਿਸ ਨੇ ਪੰਜਾਬ ਦੀ ਧਰਤੀ, ਇਸ ਦੇ ਲੋਕਾਂ, ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦਾ ਜੱਸ ਆਪਣੀ ਕਵਿਤਾ ਦੁਆਰਾ ਗਾਇਆ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪੂਰਨ ਸਿੰਘ ਦੀ ਵਾਰਤਕ-ਸ਼ੈਲੀ

ਪ੍ਰੋ. ਪੂਰਨ ਸਿੰਘ ਬੁਨਿਆਦੀ ਤੌਰ ਤੇ ਇਕ ਕਵੀ ਹੈ ਪਰ ਉਸ ਨੇ ਆਪਣੀ ਇਕੋ-ਇਕ ਗੱਦ-ਰਚਨਾ 'ਖੁਲ੍ਹੇ ਲੇਖ' ਦੁਆਰਾ ਪੰਜਾਬੀ ਵਾਰਤਕ ਦੇ ਖੇਤਰ ਵਿਚ ਵੀ ਆਪਣੀ ਥਾਂ ਬਣਾ ਲਈ ਹੈ। ਵਾਰਤਕ ਨੂੰ ਦਿਮਾਗ ਤੇ ਕਵਿਤਾ ਨੂੰ ਦਿਲ ਦੀ ਬੋਲੀ ਮੰਨਿਆ ਜਾਂਦਾ ਹੈ। ਪਰ ਇਹ ਕਥਨ ਪ੍ਰੋ. ਪੂਰਨ ਸਿੰਘ ਦੀ ਵਾਰਤਕ ਤੇ ਲਾਗੂ ਨਹੀਂ ਹੁੰਦਾ। ਉਸ ਦੀ ਗੱਦ-ਰਚਨਾ ਵਿਚ ਵੀ ਭਾਵੁਕਤਾ ਹੀ ਸਰਵ-ਪ੍ਰਧਾਨ ਹੈ ਤੇ ਇਸ ਤਰ੍ਹਾਂ ਉਸ ਦੀ ਵਾਰਤਕ ਦਿਮਾਗ਼ ਦੀ ਹੀ ਨਹੀਂ, ਦਿਲ ਦੀ ਬੋਲੀ ਵੀ ਹੈ। ਆਪਣੇ ਇਕਲੌਤੇ ਨਿਬੰਧ-ਸੰਗ੍ਰਹਿ 'ਖੁਲ੍ਹੇ ਲੇਖ' ਵਿਚ ਪ੍ਰੋ. ਪੂਰਨ ਸਿੰਘ ਨੇ ਪਿਆਰ, ਕਵਿਤਾ, ਕਲਾ, ਧਰਮ ਤੇ ਰਾਜਨੀਤੀ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਸ ਦੀ ਲਿਖਤ ਵਿਚੋਂ ਉਸ ਦੀ ਵਿਲੱਖਣ ਨਿਬੰਧ-ਸ਼ੈਲੀ ਦੇ ਦਰਸ਼ਨ ਹੁੰਦੇ ਹਨ।

## ਸ਼ਖ਼ਸੀਅਤ ਦਾ ਪ੍ਰਭਾਵ

ਪ੍ਰੋ. ਪੂਰਨ ਸਿੰਘ ਦੀ ਨਿਬੰਧ-ਸ਼ੈਲੀ ਵਿਚੋਂ ਉਸ ਦੀ ਆਪਣੀ ਪ੍ਰੀਤ-ਭਿੱਜੀ ਸਾਧ-ਆਤਮਾ ਦੀ ਝਲਕ ਮਿਲਦੀ ਹੈ। ਉਸ ਦੇ ਨਿਬੰਧ ਦੇ ਇਕ ਇਕ ਸ਼ਬਦ ਤੇ ਉਸ ਦੀ ਸ਼ਖ਼ਸੀਅਤ ਦਾ ਪ੍ਰਭਾਵ ਹੈ। ਉਸ ਦੀ ਆਪਣੀ ਸ਼ਖ਼ਸੀਅਤ ਦੇ ਵਾਂਗ ਉਸ ਦੀ ਵਾਰਤਕ-ਸ਼ੈਲੀ ਦਾ ਵੀ ਆਪਣਾ ਹੀ ਨਿਵੇਕਲਾ ਰੰਗ ਹੈ। ਜਿਥੇ ਵੀ ਉਸ ਨੂੰ ਸਵੈ-ਪ੍ਰਦਰਸ਼ਨ ਦਾ ਅਵਸਰ ਮਿਲਿਆ ਹੈ, ਉਸ ਨੇ ਆਪਣੇ ਆਪ ਨੂੰ ਇਕ ਨਿਮਰ ਸਿੱਖ ਦੇ ਰੂਪ ਵਿਚ ਪੇਸ਼ ਕੀਤਾ ਹੈ, ਜਿਵੇਂ :

> 'ਮੈਂ ਨਿਕਾਰਾ ਕੀ ਤੇ ਉਪਦੇਸ਼ ਕੀ ? ਪੱਥਰ ਕਿੱਥੇ ਤੇ ਹੀਰਾ ਬਾਦਸ਼ਾਹਾਂ ਤੇ ਤਾਜਾਂ ਵਿਚ ਲੱਗਣ ਵਾਲਾ ਕਿੱਥੇ ? ਉਹ ਮੈਂ ਜਿਹੜਾ ਕਿਸੀ ਨਾਲ ਇਕ ਮਿੱਠੀ ਸਰਲ ਸਾਦਾ ਮਿਤ੍ਰਤਾ ਨਾਲ ਨਾ ਨਿਭ ਸਕਿਆ। ਸਦਾ ਆਪਣੇ ਸੁਖ ਲਈ ਦੂਜਿਆਂ ਨੂੰ ਦੁਖ ਦਿੰਦਾ ਰਿਹਾ, ਆਪਣੇ ਵਹਿਮ ਮਗਰ ਲਗ ਕੇ ਦੂਜਿਆਂ ਦੀ ਆਜ਼ਾਦੀ ਖੋਂਹਦਾ ਰਿਹਾ। ਮੈਂ ਜੋ ਪਾਪ ਥੀ ਬਚ ਕੇ ਹੁਣ ਵੀ ਬਚਸਾਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਦ ਓਹ ਸੱਚਾ ਪਾਤਸ਼ਾਹ ਮਾਫ਼ ਕਰ ਦੇਵੇਗਾ, ਉਥੇ ਤਾਂ ਸਦਾ ਮਿਹਰਾਂ ਬਖ਼ਸ਼ਸ਼ਾਂ ਹੀ ਹਨ......'[1]

ਸਮੁੱਚੇ ਤੌਰ ਤੇ ਪ੍ਰੋ. ਪੂਰਨ ਸਿੰਘ ਦੇ ਨਿਬੰਧਾਂ ਵਿਚੋਂ ਉਸ ਦੀ ਜੋ ਸ਼ਖ਼ਸੀਅਤ ਪ੍ਰਤੀਬਿੰਬਤ ਹੋਈ ਹੈ, ਉਹ ਪ੍ਰਭੂ-ਪ੍ਰੇਮ ਵਿਚ ਰੰਗੇ ਉਸ ਗੁਰਸਿੱਖ ਦੀ ਸ਼ਖ਼ਸੀਅਤ ਹੈ ਜਿਸ ਦੇ ਮਨ ਵਿਚ ਸਿੱਖ ਗੁਰੂਆਂ ਤੇ ਗੁਰੂ ਗ੍ਰੰਥ ਸਾਹਿਬ ਲਈ ਅਥਾਹ ਸ਼ਰਧਾ ਤੇ ਸਤਿਕਾਰ ਹੈ।

## ਵਿਸ਼ੇ ਦਾ ਡੂੰਘਾ ਅਨੁਭਵ

ਨਿਬੰਧ-ਰਚਨਾ ਲਈ ਇਹ ਆਵੱਸ਼ਕ ਹੈ ਕਿ ਨਿਬੰਧਕਾਰ ਦਾ ਜੀਵਨ ਅਨੁਭਵ ਬਹੁਤ ਵਿਸ਼ਾਲ ਹੋਵੇ। ਸੀਮਿਤ ਜਿਹੇ ਅਨੁਭਵ ਵਾਲਾ ਲੇਖਕ ਕਦੀ ਵੀ ਚੰਗੀ ਨਿਬੰਧ-ਰਚਨਾ ਨਹੀਂ ਕਰ ਸਕਦਾ। ਪ੍ਰੋ. ਪੂਰਨ ਸਿੰਘ ਨੇ ਭਾਵੇਂ ਆਪਣੀ ਨਿਬੰਧ-ਰਚਨਾ ਲਈ ਕੁਝ ਕੁ ਸੀਮਿਤ ਵਿਸ਼ੇ ਹੀ ਅਪਣਾਏ ਹਨ ਜਿਵੇਂ—ਪਿਆਰ, ਕਵਿਤਾ, ਕਲਾ, ਮਜ਼ੁਬ, ਕਿਰਤ, ਰਾਜਨੀਤੀ ਆਦਿ ਪਰ ਇਹ ਗੱਲ ਸਪੱਸ਼ਟ ਹੈ ਕਿ ਵਿਸ਼ੇ ਬਾਰੇ ਉਸ ਦਾ ਅਨੁਭਵ ਬਹੁਤ ਗਹਿਰਾ ਹੁੰਦਾ ਹੈ। ਪਿਆਰ ਤੇ ਕਵਿਤਾ ਤਾਂ ਉਸ ਦੇ ਪਸੰਦੀਦਾ ਵਿਸ਼ੇ ਹਨ ਤੇ ਇਨ੍ਹਾਂ ਬਾਰੇ ਲਿਖਦਿਆਂ ਉਹ ਭਾਵਾਂ ਤੇ ਵਿਚਾਰਾਂ ਦੀ ਗਹਿਰਾਈ ਵਿਚ ਚਲਾ ਜਾਂਦਾ ਹੈ। ਵਿਸ਼ੇ ਦਾ ਅਜਿਹਾ ਡੂੰਘਾ ਅਨੁਭਵ ਉਸ ਦੀ ਨਿਬੰਧ ਸ਼ੈਲੀ ਨੂੰ ਪ੍ਰਭਾਵਸ਼ਾਲੀ ਬਨਾਉਣ ਵਿਚ ਸਹਾਈ ਸਿੱਧ ਹੋਇਆ ਹੈ। ਪਿਆਰ, ਕਵਿਤਾ, ਕਿਰਤ, ਸਾਹਿਤ ਆਦਿ ਬਾਰੇ ਪ੍ਰੋ. ਪੂਰਨ ਸਿੰਘ ਦੇ ਅਭਿਵਿਅਕਤ ਵਿਚਾਰਾਂ ਨੇ ਤਾਂ ਪਰਿਭਾਸ਼ਾ ਵਰਗੀ ਪ੍ਰਮਾਣਿਕਤਾ ਗ੍ਰਹਿਣ ਕਰ ਲਈ ਹੈ। ਉਦਾਹਰਣ ਲਈ ਨਿਮਨਾਂਕਿਤ ਕੁਝ ਪੰਕਤੀਆਂ ਵੇਖੀਆਂ ਜਾ ਸਕਦੀਆਂ ਹਨ :

> 'ਪਿਆਰ ਰੂਹ ਦਾ ਇਕ ਪ੍ਰਭਾਵ ਹੈ, ਰੂਹ ਦਾ ਇਕ ਆਪਣਾ ਧੁਰਾਂ ਦਾ ਸੁਭਾਵ ਹੈ। ਜਿਵੇਂ ਚੰਨ ਦਾ ਸੁਭਾਵ ਚਾਨਣ ਤਿਵੇਂ ਰੂਹ ਦਾ ਪ੍ਰਕਾਸ਼ ਪਿਆਰ ਹੈ'।[2]
>
> 'ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹਨ।[3]
>
> 'ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ-ਮੁਹਾਰੇ ਪਾਕ ਹੋ ਜਾਂਦੇ ਹਨ।'[4]
>
> 'ਸਾਹਿਤਯ ਬਿਨਾਂ ਬੀ ਦੇ ਮੀਂਹ ਵਾਂਗ ਅਰਸ਼ੋਂ ਵਰ੍ਹਦਾ ਹੈ ਤੇ ਇਕ ਇਕ ਕਤਰੇ ਵਿਚ ਲੱਖ ਲੱਖ ਬਾਗ਼ ਹਨ।'[5]

## ਕਾਵਿਮਈ-ਨੁਹਾਰ

ਪ੍ਰੋ. ਪੂਰਨ ਸਿੰਘ ਦੀ ਵਾਰਤਕ ਦੀ ਨੁਹਾਰ ਕਾਵਿਮਈ ਹੈ। ਉਸ ਦੇ ਨਿਬੰਧਾਂ ਦੀ ਪ੍ਰਕ੍ਰਿਤੀ ਕਵਿਤਾ ਨਾਲ ਮਿਲਦੀ ਜੁਲਦੀ ਹੈ। ਉਸ ਨੇ ਪੰਜਾਬੀ ਵਿਚ ਵਾਰਤਕ ਵਰਗੀ ਖੁਲ੍ਹੀ ਕਵਿਤਾ ਲਿਖੀ ਹੈ ਪਰ ਉਸ ਦੀ ਵਾਰਤਕ ਕਵਿਤਾ ਵਰਗੀ ਹੈ। 'ਕਵਿਤਾ' ਨਿਬੰਧ ਵਿਚੋਂ ਨਿਬੰਧਕਾਰ ਦੀ ਵਾਰਤਕ-ਸ਼ੈਲੀ ਦੀ ਕਾਵਿਮਈ ਨੁਹਾਰ ਸਹਿਜੇ ਹੀ ਵੇਖੀ ਜਾ ਸਕਦੀ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਕਵਿਤਾ ਪਿਆਰ ਦਾ ਕੰਵਾਰਾਪਣ ਹੈ, ਅੰਦਰ ਦੀ ਸੱਚੀ ਪ੍ਰਤੀਤ ਦਾ ਇਹ ਸੁਹਣਾ ਸੁਫਨਾ ਹੈ, ਤੇ ਜੀਵਨ ਦੀ ਕਲੀ ਦਾ ਚਟਕਣਾ ਹੈ। ਕਵਿਤਾ ਰੱਬੀ ਦਰਬਾਰ ਦਾ ਪ੍ਰਕਾਸ਼ ਹੈ। ਕਵਿਤਾ ਦੇ ਪਿੱਛੇ ਅਨੰਤ ਚੁੱਪ ਜੀਵਨ ਦਾ ਸਮੁੰਦਰ ਹੈ ਤੇ ਸੱਚੀ ਕਵਿਤਾ ਦੀ ਗੋਦ ਵਿਚ ਇਸ ਵਿਸਮਾਦੀ ਜੀਵਨ ਦੀ ਲਹਿਰ ਹੈ, ਜਿਹੜੀ ਚੰਨ-ਸੂਰਜ ਨੂੰ ਆਪਣੀਆਂ ਬਾਹਾਂ ਵਿਚ ਪਕੜ ਕੇ ਉਨ੍ਹਾਂ ਨੂੰ ਆਪਣੇ ਖੇਡਣ ਦੀ ਗੇਂਦ ਬਣਾ ਉਛਾਲਦੀ ਹੈ। ਅੰਤ ਨੂੰ ਇਕ ਭਾਵ ਦੀ ਹੱਦ ਵਿਚ ਬੰਨ੍ਹ ਕੇ ਰੂਪਮਾਨ ਕਰਕੇ ਇਸ ਤਰ੍ਹਾਂ ਚੱਕਰ ਬੰਨ੍ਹਦੀ ਹੈ, ਜਿਸ ਚੱਕਰ ਦੇ ਸਦਾ ਤ੍ਰਿਖਾ ਚੱਲਣ ਨਾਲ ਅੰਤ ਦੀਆਂ ਲਕੀਰਾਂ ਮਿਟ ਕੇ ਅਮਿਟ ਪ੍ਰਕਾਸ਼ ਵਿਚ ਸਦਾ ਘੁਲਦੀਆਂ ਜਾਂਦੀਆਂ ਗੁੰਮਦੀਆਂ ਦਿਸਦੀਆਂ ਦਿਸਦੀਆਂ ਲੋਪ ਹੁੰਦੀਆਂ ਹਨ।'[6]

ਨਿਬੰਧਕਾਰ ਨੇ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਉਜਾਗਰ ਕਰਨ ਲਈ ਅਨੇਕਾਂ ਦ੍ਰਿਸ਼ਟਾਂਤ ਦਿੱਤੇ ਹਨ। ਅਜਿਹੇ ਕੁਝ ਦ੍ਰਿਸ਼ਟਾਂਤਾਂ ਦੀ ਵੰਨਗੀ ਨਿਮਨਾਂਕਿਤ ਕੁਝ ਪੰਕਤੀਆਂ ਵਿਚੋਂ ਵੇਖੀ ਜਾ ਸਕਦੀ ਹੈ :

'ਲਾਹੌਰ ਦੀਆਂ ਗੰਦੀਆਂ ਗਲੀਆਂ ਤੇ ਸ਼ਹਿਰ ਦੀਆਂ ਬਦਬੋਆਂ ਥੀਂ ਨਿਕਲ ਕੇ ਜੇ ਕਿਸੇ ਬੰਦੇ ਨੂੰ 'ਯਕਾ-ਯਕ' ਕਸ਼ਮੀਰ ਦੀਆਂ ਕੇਸਰ ਕਿਆਰੀਆਂ ਵਿਚ ਜਾ ਬਹਾਲੀਏ, ਓਧਰ ਕੇਸਰ ਖਿੜਿਆ ਹੋਵੇ, ਉਪਰ ਚੰਨ ਤੇ ਤੱਲੇ ਚਕੋਰ ਦੀ ਪੈਲ ਤੇ ਕੂਹਕ, ਖੁਸ਼ਬੂ ਤੇ ਠੰਢੀ ਸਮੀਰ, ਤੇ ਉਚਾਈ ਤੇ ਬੈਠੇ ਦਾ ਸਹਿਜ ਸੁਭਾ ਉਹੋ ਜਿਹੀ ਫੁੱਲਾਂ ਦੇ ਅਹੰਕਾਰ ਵਰਗੀ ਕੋਈ ਨਸ਼ੀਲੀ ਮਟਕ, ਜਿਵੇਂ ਉਸ ਬੰਦੇ ਦਾ ਚਾ, ਸ਼ੌਕ, ਫੁੱਟੇ, ਜਿਵੇਂ ਉਹਨੂੰ ਨਸ਼ਾ ਚੜ੍ਹੇ, ਤਿਵੇਂ ਹੀ (ਪਿਆਰ) ਜਿਥੇ ਆਉਂਦਾ ਹੈ ਉਥੇ ਉਹ ਨਿੱਕਾ ਨਿੱਕਾ ਸਦਾ ਰਹਿਣ ਵਾਲਾ ਨਸ਼ਾ ਜਿਹਾ ਚੜ੍ਹਿਆ ਰਹਿੰਦਾ ਹੈ।'[7]

...'ਜਿਵੇਂ ਦਰਿਯਾ ਕਿਨਾਰੇ ਕੋਈ ਆਦਮੀ ਗਰਮੀਆਂ ਦੀ ਰੁੱਤ ਵਿਚ ਚਾਨਣੀ ਰਾਤ ਵੇਲੇ ਕੱਪੜੇ ਲਾਹ ਲਾਹ ਕੇ ਨਰਮ ਨਰਮ ਠੰਢੀ ਚਿੱਟੀ ਰੇਤ ਤੇ ਲੇਟਦਾ ਹੈ, ਫਿਰ ਛਾਲ ਮਾਰਦਾ ਹੈ ਤੇ ਸਾਰੀ ਗਰਮੀ ਤੇ ਮੈਲ ਲਾਹ ਕੇ ਠੰਢਾ, ਹਲਕਾ ਹੁੰਦਾ ਹੈ ਤੇ ਇਕ ਤਰ੍ਹਾਂ ਦੀ ਖਿਣਕ ਮੋਖ ਪ੍ਰਤੀਤ ਕਰਦਾ ਹੈ, ਆਤਮ ਆਜ਼ਾਦੀ ਨੂੰ ਅਨੁਭਵ ਕਰਦਾ ਹੈ, ਤਿਵੇਂ ਜਿਥੇ ਪਿਆਰ ਆਉਂਦਾ ਹੈ, ਉਹ ਪੁਰਖ ਸਦਾ ਨ੍ਹਾਤਾ ਜਿਹਾ, ਠੰਢਾ, ਸੁਬਕ ਹਲਕਾ ਫੁੱਲ ਵਰਗਾ ਆਪਣੇ ਆਪ ਵਿਚ ਹੁੰਦਾ ਹੈ।'[8]

'ਉਸੀ ਤਰ੍ਹਾਂ ਜਿਸ ਤਰ੍ਹਾਂ ਇਕ ਹਰਨੀ ਮੂੰਹ ਉੱਚਾ ਕਰਕੇ ਆਪਣੇ ਵਿਛੜੇ ਸਾਥੀ ਦੀ ਆਵਾਜ਼ ਨੂੰ ਸੁਣਦੀ ਹੈ ਤੇ ਬਿਹਬਲ ਹੁੰਦੀ ਹੈ, ਤਿਵੇਂ ਹੀ ਕਵੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਖੜੇ ਕਰ ਦਿੰਦੀ ਹੈ। ਸੁਰਤਿ ਨੂੰ ਖਿੱਚ ਪਾਂਦੀ ਹੈ ਤੇ ਕੜਾਕਾ ਦੇ ਕੇ ਸੁਰਤਿ ਨੂੰ ਮਾਮੂਲੀ ਧਰਤ ਥੀਂ ਉਠਾ ਕੇ ਉੱਚਾ ਕਰਕੇ ਅਣਡਿੱਠੇ ਗਗਨਾਂ, ਉੱਚੇ ਚਮਕਦੇ ਗਗਨਾਂ ਵਿਚ ਸਥਿਤੀ ਦੇ ਦਿੰਦੀ ਹੈ।'[9]

ਪ੍ਰੋ. ਪੂਰਨ ਸਿੰਘ ਦੇ ਦ੍ਰਿਸ਼ਟਾਂਤ ਬਿਲਕੁਲ ਮੌਲਿਕ ਹਨ। ਕਈ ਵਾਕਾਂ ਵਿਚ ਬਹੁਤ ਹੀ ਸੁੰਦਰ ਰੂਪਕਾਂ ਦੀ ਜੜ੍ਹਤ ਵੀ ਮਿਲਦੀ ਹੈ। ਅਜਿਹੇ ਰੂਪਕਾਂ ਦੀ ਆਭਾ ਉਸ ਦੇ ਨਿਬੰਧ 'ਕਵਿਤਾ' ਵਿਚੋਂ ਵੇਖੀ ਜਾ ਸਕਦੀ ਹੈ। ਜਿਵੇਂ ਦਿਲ ਦੇ ਦੀਵੇ, ਦਿਲ-ਸਮੁੰਦਰ, ਕਵਿਤਾ ਦਾ ਕੰਵਲ ਆਦਿ।

ਪ੍ਰੋ. ਪੂਰਨ ਸਿੰਘ ਦੀ ਨਿਬੰਧ-ਸ਼ੈਲੀ ਦੇ ਪ੍ਰਸੰਗ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ 'ਪੂਰਨ ਸਿੰਘ ਖਿਆਲਾਂ ਨੂੰ ਨਿਰਪੇਖ ਰੂਪ ਵਿਚ ਨਹੀਂ ਵੇਖਦਾ, ਨਾ ਹੀ ਉਨ੍ਹਾਂ ਨੂੰ ਸੰਕੇਤਾਂ ਵਿਚ ਢਾਲਦਾ ਹੈ। ਖਿਆਲ ਉਸ ਨੂੰ ਭਾਵ-ਚਿੱਤਰਾਂ ਦੇ ਰੂਪ ਵਿਚ ਦਰਸ਼ਨ ਦਿੰਦੇ ਹਨ; ਬਿੰਬਾਂ ਵਿਚ ਉਹ ਉਨ੍ਹਾਂ ਨੂੰ ਝਲਕਾਂਦਾ ਹੈ ਐਵੇਂ ਇਕ ਇਸ਼ਾਰੇ ਮਾਤਰ। ਅੱਗੋਂ ਪਾਠਕ ਦਾ ਕੰਮ ਹੈ, ਉਨ੍ਹਾਂ ਦੀ ਰਮਜ਼ ਸਮਝ ਕੇ ਆਪਣੇ ਅਧਿਐਨ, ਆਪਣੀ ਕਲਪਣਾ ਜਾਂ ਮਿਥਣ ਸ਼ਕਤੀ ਨਾਲ ਉਨ੍ਹਾਂ ਵਿਚ ਰੰਗ ਭਰੇ। ਇਕ ਅਜੀਬ ਰਹੱਸਮਈ ਵਾਯੂ ਮੰਡਲ ਹੈ ਉਸ ਦੀ ਵਾਰਤਕ ਦਾ, ਜਿਹੜਾ ਕੋਈ ਗੱਲ ਕਹਿਣ ਨਾਲੋਂ ਉਸ ਦੀ ਪ੍ਰਤੀਤੀ ਕਰਾਣ ਤੇ ਵਧੇਰੇ ਜ਼ੋਰ ਦਿੰਦਾ ਹੈ। ਇਨ੍ਹਾਂ ਕਾਰਣਾਂ ਕਰਕੇ ਉਸ ਦੀ ਵਾਰਤਕ ਕਵਿਤਾ ਦੇ ਵਧੇਰੇ ਨੇੜੇ ਰਹਿੰਦੀ ਹੈ।'[10]

## ਗੁਰਬਾਣੀ ਤੇ ਹੋਰ ਹਵਾਲੇ

ਪ੍ਰੋ. ਪੂਰਨ ਸਿੰਘ ਦੇ ਸਮੁੱਚੇ ਚਿੰਤਨ ਦਾ ਧੁਰਾ ਗੁਰਬਾਣੀ ਹੈ ਅਤੇ ਉਸ ਨੇ ਆਪਣੀ ਗੱਦ ਰਚਨਾ ਵਿਚ ਆਪਣੇ ਭਾਵਾਂ ਤੇ ਵਿਚਾਰਾਂ ਦੀ ਅਭਿਵਿਅਕਤੀ ਸਮੇਂ ਗੁਰਬਾਣੀ ਵਿਚੋਂ ਹਵਾਲੇ ਵਿਆਪਕ ਰੂਪ ਵਿਚ ਦਿੱਤੇ ਹਨ। ਭਾਈ ਵੀਰ ਸਿੰਘ ਦੀ ਕਾਵਿ-ਰਚਨਾ ਵਿਚੋਂ ਵੀ ਬਹੁਤ ਸਾਰੇ ਹਵਾਲੇ ਦਿੱਤੇ ਹਨ। 'ਕਵਿਤਾ' ਨਾਂ ਦੇ ਨਿਬੰਧ ਵਿਚ ਭਾਈ ਵੀਰ ਸਿੰਘ ਦੀ ਕਵਿਤਾ 'ਕੇਲੋਂ ਦੇ ਗਲ ਲੱਗੀ ਵੇਲ' ਅਤੇ 'ਬਨਫ਼ਸ਼ਾ ਦਾ ਫੁੱਲ' ਪੂਰੀ ਦੀ ਪੂਰੀ ਹੀ ਅੰਕਿਤ ਹੈ। ਭਗਤੀ ਲਹਿਰ ਦੀ ਕਵਿਤ੍ਰੀ ਮੀਰਾਂ ਬਾਈ[11] ਦੀ ਕਵਿਤਾ ਦਾ ਹਵਾਲਾ ਦਿੰਦੇ ਹੋਏ ਉਸ ਦੀ ਕਵਿਤਾ ਨੂੰ ਭਾਈ ਵੀਰ ਸਿੰਘ ਵਾਂਗ ਸਿੱਖ ਕਵਿਤਾ ਮੰਨਿਆ ਹੈ।

'ਮਿਤ੍ਰਤਾ' ਸਿਰਲੇਖ ਵਾਲੇ ਨਿਬੰਧ ਵਿਚ ਅੰਗਰੇਜ਼ੀ ਕਵੀ ਸ਼ੈਲੀ ਦੀ ਪੂਰੀ ਕਵਿਤਾ ਦਾ ਸੈਲਾਨੀ ਛੰਦ ਵਿਚ ਪੰਜਾਬੀ ਅਨੁਵਾਦ ਦੇ ਦਿੱਤਾ ਗਿਆ ਹੈ।

ਆਪਣੇ ਭਾਵਾਂ ਤੇ ਵਿਚਾਰਾਂ ਦੀ ਪੁਸ਼ਟੀ ਲਈ ਪ੍ਰੋ. ਪੂਰਨ ਸਿੰਘ ਨੇ ਸਾਹਿਤ, ਇਤਿਹਾਸ ਤੇ ਮਿਥਿਹਾਸ ਵਿਚੋਂ ਕਈਆਂ ਵਿਅਕਤੀਆਂ ਦੇ ਜੀਵਨ ਜਾਂ ਰਚਨਾ ਵਿਚੋਂ ਹੀ ਹਵਾਲੇ ਦਿੱਤੇ ਹਨ ਜੋ ਲੇਖਕ ਦੇ ਕਥਨ ਨੂੰ ਵਧੇਰੇ ਪ੍ਰਭਾਵਸ਼ਾਲੀ ਬਨਾਉਣ ਵਿਚ ਹੀ ਸਹਾਈ ਨਹੀਂ ਹੋਏ ਸਗੋਂ ਲੇਖਕ ਦੇ ਵਿਸ਼ਾਲ ਅਨੁਭਵ ਨੂੰ ਵੀ ਪ੍ਰਮਾਣਿਤ ਕਰਦੇ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਦ੍ਰਿਸ਼-ਚਿਤ੍ਰਣ

ਪ੍ਰੋ. ਪੂਰਨ ਸਿੰਘ ਦੀ ਨਿਬੰਧ-ਸ਼ੈਲੀ ਦੀ ਇਕ ਹੋਰ ਵਿਸ਼ੇਸ਼ਤਾ ਦ੍ਰਿਸ਼ ਚਿਤ੍ਰਣ ਹੈ। ਉਸ ਨੇ ਆਪਣੀ ਕਲਮ ਦੀ ਹਲਕੀ ਜਿਹੀ ਛੂਹ ਨਾਲ ਬੜੇ ਸਜੀਵ ਚਿੱਤਰ ਉਲੀਕੇ ਹਨ। ਦ੍ਰਿਸ਼ ਚਿਤ੍ਰਣ ਦੀ ਇਕ ਅਜਿਹੀ ਉਦਾਹਰਣ 'ਆਪਣੇ ਮਨ ਨਾਲ ਗੱਲਾਂ' ਸਿਰਲੇਖ ਅਧੀਨ ਅੰਕਿਤ ਲੇਖ ਵਿਚੋਂ ਵੇਖੀ ਜਾ ਸਕਦੀ ਹੈ, ਜਿਵੇਂ :

> 'ਹੁਣ ਅੱਜ ਜਦ ਇਹ ਲਿਖ ਰਿਹਾ ਹਾਂ, ਸ਼ਾਮ ਦਾ ਵੇਲਾ ਹੈ. ਮੀਂਹ ਆਪਣਾ ਤੇਜ਼ ਛੜਾਕਾ ਦੇ ਕੇ ਹਟਿਆ ਹੈ। ਕਾਲੇ ਬੱਦਲ ਅਸਮਾਨ ਵਿਚ ਫਿਰ ਰਹੇ ਹਨ ਤੇ ਸੂਰਜ ਨੇ ਪੱਛਮ ਵਿਚ ਇੰਨੀ ਗੂਹੜੀ ਲਾਲੀ ਦੀ ਛਟਾ ਕੀਤੀ ਹੈ ਕਿ ਅੱਖ ਵੇਖ ਕੇ ਹੈਰਾਨ ਹੈ ਕਿ ਦੁਨੀਆ ਵਿਚ ਕਿਸ ਤਰ੍ਹਾਂ ਨ਼ਾਲ ਗੁਲਾਬਾਂ ਦੇ ਖਿੜੇ ਫੁੱਲਾਂ ਦੇ ਹੜ ਆ ਗਏ। ਸੋਹਣੀ ਏਕਾਂਤ ਹੈ, ਨਹੀਂ ਏਕਾਂਤ ਨਹੀਂ। ਬੱਦਲ ਹਨ ਨ੍ਹਾਤੇ ਧੋਤੇ ਬ੍ਰਿਛ ਕੋਈ ਕੋਈ ਇਉਂ ਖੜੇ ਹਨ ਜਿਵੇਂ ਕ੍ਰਿਸਾਨ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਹਨ। ਅਨੇਕਾਂ ਘਾਹ ਦੇ ਬੂਟੇ ਆਪਣੇ ਪ੍ਰਾਪਤ ਫੁੱਲਾਂ ਨੂੰ ਹਵਾ ਵਿਚ ਉਛਾਲ ਰਹੇ ਹਨ।'[12]

## ਸੁਚੱਜੀ ਗੋਂਦ

ਪ੍ਰੋ. ਪੂਰਨ ਸਿੰਘ ਦੇ ਨਿਬੰਧਾਂ ਦੀ ਗੋਂਦ ਵੀ ਬੜੀ ਸੁਚੱਜੀ ਹੁੰਦੀ ਹੈ। ਨਿਬੰਧ ਦਾ ਆਦਿ, ਮੱਧ ਤੇ ਅੰਤ ਕਲਾਮਈ ਹੁੰਦਾ ਹੈ। ਨਿਬੰਧ ਦਾ ਆਰੰਭ ਲੇਖਕ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਦਾ ਹੈ। ਮੁੱਢਲੀਆਂ ਪੰਕਤੀਆਂ ਹੀ ਵਿਸ਼ੇ ਵੱਲ ਇਸ਼ਾਰਾ ਕਰ ਦਿੰਦੀਆਂ ਹਨ। ਇਹ ਇਕ ਚੰਗੇ ਨਿਬੰਧ ਦੀ ਵਿਸ਼ੇਸ਼ਤਾ ਮੰਨੀ ਜਾਂਦੀ ਹੈ। 'ਪਿਆਰ' ਲੇਖ ਦਾ ਪਹਿਲਾ ਵਾਕ ਹੀ ਪਿਆਰ ਦੀ ਪ੍ਰਕ੍ਰਿਤੀ ਨੂੰ ਰੂਪਮਾਨ ਕਰਦਾ ਹੈ, ਜਿਵੇਂ :

> 'ਪਿਆਰ ਮੱਲੋਮੱਲੀ ਰਾਹ ਜਾਂਦਿਆਂ ਪੈਂਦੇ ਹਨ, ਨਿਹੁੰ ਨਾ ਲਗਦੇ ਜੋਰੀ।'[13]

ਇਸੇ ਤਰ੍ਹਾਂ 'ਮਜ਼੍ਹਬ' ਸਿਰਲੇਖ ਅਧੀਨ ਨਿਬੰਧ ਦਾ ਪਹਿਲਾ ਵਾਕ ਹੀ ਮਜ਼੍ਹਬ ਦੀ ਸ੍ਰੇਸ਼ਟਤਾ ਨੂੰ ਉਜਾਗਰ ਕਰਦਾ ਹੈ, ਜਿਵੇ :

> 'ਮਜ਼੍ਹਬ ਸਭ ਥੀਂ ਉੱਚਾ, ਸੁੱਚਾ ਤੀਖਣ ਤੇ ਜੀਂਦਾ ਧਿਆਨੀ ਪਿਆਰ ਹੈ।'[14]

'ਕਵਿਤਾ' ਨਾਂ ਦੇ ਨਿਬੰਧ ਦਾ ਆਰੰਭ ਭਾਈ ਵੀਰ ਸਿੰਘ ਦੇ ਕਾਵਿ-ਟੋਟੇ ਨਾਲ ਕੀਤਾ ਗਿਆ ਹੈ[15] ਜਿਸ ਦਾ ਸੰਬੰਧ ਨਿਬੰਧ ਵਿਚ ਅੰਕਿਤ ਭਾਵਾਂ ਨਾਲ ਹੈ। ਇਸ ਉਪਰੰਤ ਨਿਬੰਧ ਦੀ ਪਹਿਲੀ ਸਤਰ ਵਿਚ ਹੀ ਕਵਿਤਾ ਦੀ ਪਰਿਭਾਸ਼ਾ ਦੇ ਦਿੱਤੀ ਹੈ, ਜਿਵੇਂ :

> 'ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹਨ।'[16]

ਹਰ ਨਿਬੰਧ ਦੇ ਮੱਧ ਵਿਚ ਸੰਬੰਧਿਤ ਵਿਸ਼ੇ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਨਿਬੰਧ ਦੀ ਇਹ ਥਾਂ ਹੈ ਜਿਥੇ ਨਿਬੰਧਕਾਰ ਆਪਣੇ ਭਾਵਾਂ ਤੇ ਵਿਚਾਰਾਂ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਗਟਾਅ ਲਈ ਸੁਤੰਤਰ ਹੋ ਕੇ ਪੂਰੀ ਖੁਲ੍ਹ ਮਾਣਦਾ ਹੈ। ਕਦੀ ਉਹ ਵਿਚਾਰਾਂ ਦੀ ਗਹਿਰਾਈ ਵਿਚ ਜਾਂਦਾ ਹੈ ਤੇ ਕਦੀ ਭਾਵਾਂ ਦੇ ਉੱਚੇ ਅਰਸ਼ਾਂ ਵਿਚ ਵਿਚਰਦਾ ਹੈ।

ਪ੍ਰੋ. ਪੂਰਨ ਸਿੰਘ ਦੇ ਨਿਬੰਧਾਂ ਦਾ ਅੰਤ ਵੀ ਪ੍ਰਭਾਵਸ਼ਾਲੀ ਹੁੰਦਾ ਹੈ। ਉਹ ਵਿਚਾਰਾਂ ਦੀ ਕੋਈ ਤੰਦ ਢਿੱਲੀ ਨਹੀਂ ਛੱਡਦਾ। ਨਿਬੰਧ ਦੇ ਅੰਤਲੇ ਭਾਗ ਵਿਚ ਲੇਖਕ ਆਪਣੇ ਵਿਚਾਰਾਂ ਦਾ ਨਿਚੋੜ ਦੇ ਦਿੰਦਾ ਹੈ। 'ਪੰਜਾਬੀ ਸਾਹਿਤਯ ਪਰ ਚਟਾਖਯ' ਨਿਬੰਧ ਦੇ ਅੰਤ ਵਿਚ ਲੇਖਕ ਨੇ ਕਿਹਾ ਹੈ :

> 'ਸਾਹਿਤਯ ਬਿਨਾਂ ਬੀ ਦੇ ਮੀਂਹ ਵਾਂਗ ਅਰਸ਼ੋਂ ਵਰਦਾ ਹੈ ਤੇ ਇਕ ਇਕ ਕਤਰੇ ਵਿਚ ਲੱਖ ਲੱਖ ਬਾਗ਼ ਹਨ।'[17]

'ਪਿਆਰ' ਨਾਂ ਦੇ ਨਿਬੰਧ ਵਿਚ ਲੇਖਕ ਨੇ ਅੰਤ ਵਿਚ ਪਿਆਰ ਦੀ ਮਹਾਨਤਾ ਨੂੰ ਸਪੱਸ਼ਟ ਕਰਨ ਲਈ ਗੁਰੂ ਗੋਬਿੰਦ ਸਿੰਘ ਦਾ ਮਹਾਂ ਵਾਕ ਅੰਕਿਤ ਕੀਤਾ ਹੈ, ਜਿਵੇਂ :

> 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'[18]

## ਵਾਕ-ਬਣਤਰ ਤੇ ਸ਼ਬਦਾਵਲੀ

ਪ੍ਰੋ. ਪੂਰਨ ਸਿੰਘ ਇਕ ਅਜਿਹਾ ਅਲਬੇਲਾ ਸ਼ਾਇਰ ਹੈ ਜਿਸ ਨੇ ਛੰਦਾਬੰਦੀ ਨੂੰ ਕਵਿਤਾ ਲਈ ਨਵਾਬੀ ਕੈਦ ਕਿਹਾ ਹੈ ਪਰ ਉਸ ਦੀ ਗੱਦ-ਰਚਨਾ ਵੀ ਕਈ ਵਾਰ ਵਿਆਕਰਣਕ ਨਿਯਮਾਂ ਤੋਂ ਕੋਰੀ ਜਾਪਦੀ ਹੈ। ਉਸ ਦੇ ਵਾਕ ਬੜੇ ਲੰਮੇ ਤੇ ਗੁੰਝਲਦਾਰ ਹੁੰਦੇ ਹਨ ਤੇ ਕਈ ਵਾਰ ਤਾਂ ਇਕੋ ਵਾਕ ਹੀ ਸਾਰੇ ਪੰਨੇ ਵਿਚ ਪਸਰਿਆ ਹੁੰਦਾ ਹੈ। ਇਕ ਵਾਕ ਵਿਚ ਵੀ ਇਕ ਵਿਚਾਰ ਸਥਿਰ ਨਹੀਂ ਰਹਿੰਦਾ। ਉਸ ਦੀ ਵਿਚਾਰਧਾਰਾ ਖੰਡਿਤ ਹੋ ਜਾਂਦੀ ਹੈ। ਵਿਚਾਰਾਂ ਦੀ ਲੜੀ ਟੁੱਟ ਜਾਂਦੀ ਹੈ। ਵਿਚਾਰਧਾਰਾ ਨਿਯਮਤ ਹੋ ਕੇ ਚੱਲਣ ਦੀ ਥਾਂ ਹੜ੍ਹ ਦੇ ਪਾਣੀ ਵਾਂਗ ਆਪ-ਮੁਹਾਰੀ ਹੋ ਕੇ ਖਿੰਡ-ਪੁੰਡ ਜਾਂਦੀ ਹੈ।

ਸ਼ਬਦ ਚੋਣ ਵਿਚ ਵੀ ਲੇਖਕ ਨੇ ਕੋਈ ਉਚੇਚ ਨਹੀਂ ਕੀਤੀ ਜਾਪਦੀ। ਜਿਸ ਭਾਸ਼ਾ ਦਾ ਜਿਹੜਾ ਸ਼ਬਦ ਵੀ ਠੀਕ ਲੱਗਾ, ਲਿਖਤ ਵਿਚ ਸਮੋ ਲਿਆ। ਲੇਖਕ ਨੇ ਅਰਬੀ-ਫ਼ਾਰਸੀ, ਸੰਸਕ੍ਰਿਤ ਤੇ ਅੰਗਰੇਜ਼ੀ ਭਾਸ਼ਾ ਵਿਚੋਂ ਅਨੇਕਾਂ ਸ਼ਬਦਾਂ ਦਾ ਪ੍ਰਯੋਗ ਤਦਭਵ ਤੇ ਤੱਤਸਮ ਰੂਪ ਵਿਚ ਕੀਤਾ ਹੈ। ਉਸ ਦੀ ਪੰਜਾਬੀ ਬੋਲੀ ਵਿਚ ਪੋਠੋਹਾਰੀ ਰੰਗ ਦੀ ਭਾਅ ਮਾਰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਆਪਣੇ ਮਨ ਨਾਲ ਗੱਲਾਂ, 'ਖੁਲ੍ਹੇ ਲੇਖ' (1971) ਪੰਨਾ 108.
2. ਪਿਆਰ, 'ਖੁਲ੍ਹੇ ਲੇਖ' (1971) ਪੰਨਾ 12.
3. ਕਵਿਤਾ, 'ਖੁਲ੍ਹੇ ਲੇਖ' (1971) ਪੰਨਾ 21.



CC-0. In Public Domain. Gurukul Kangri Collection, Haridwar

4. ਕਿਰਤ 'ਖੁਲ੍ਹੇ ਲੇਖ' (1971) ਪੰਨਾ 111.

Digitized by Arya Samaj Foundation Chennai and eGangotri

5. ਪੰਜਾਬੀ ਸਾਹਿਤਯ ਪਰ ਕਟਾਖਯ, 'ਖੁਲ੍ਹੇ ਲੇਖ' (1971) ਪੰਨਾ 167.
6. ਕਵਿਤਾ, 'ਖੁਲ੍ਹੇ ਲੇਖ' (1971) ਪੰਨਾ 32.
7. ਪਿਆਰ, 'ਖੁਲ੍ਹੇ ਲੇਖ' (1971) ਪੰਨਾ 11.
8. ਉਹੀ
9. ਕਵਿਤਾ, 'ਖੁਲ੍ਹੇ ਲੇਖ' (1971) ਪੰਨਾ 22.
10. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ (1972) ਪੰਨਾ 452.
11. 'ਰਾਣਾ ਰੂਠੇ ਨਗਰੀ ਰਾਖੇ, ਹਰੀ ਰੂਠੇ ਕਹਾਂ ਜਾਣਾ ।'
    ਕਵਿਤਾ, 'ਖੁਲ੍ਹੇ ਲੇਖ' (1971) ਪੰਨਾ 24.
12. ਆਪਣੇ ਮਨ ਨਾਲ ਗੱਲਾਂ, 'ਖੁਲ੍ਹੇ ਲੇਖ' (1971) ਪੰਨਾ 108.
13. ਪਿਆਰ, 'ਖੁਲ੍ਹੇ ਲੇਖ' (1971) ਪੰਨਾ 9.
14. ਮਜ਼੍ਹਬ, 'ਖੁਲ੍ਹੇ ਲੇਖ' (1971) ਪੰਨਾ 50
15. 'ਹਰਦਮ ਖਿੜੇ ਮਿਲੇ ਹੋ ਮਿਤ੍ਰੋ, ਤੁਸਾਂ ਮੱਥੇ ਵੱਟ ਨਾ ਪਾਏ ।
    ਸੀਨੇ ਸਾਫ ਕੀਨੀਓ ਤੁਹਾਡੇ, ਤੁਸਾਂ ਵੈਰ ਨਾ ਕਦੇ ਕਮਾਏ ।
    ਡਿੱਠਿਆਂ ਖਿੜੇ ਕਾਲਜਾ ਸਾਡਾ, ਅਸਾਂ ਦੇਖ ਦੇਖ ਸੁਖ ਪਾਏ ।'
    ਕਵਿਤਾ, 'ਖੁਲ੍ਹੇ ਲੇਖ' (1971) ਪੰਨਾ 21.
16. ਉਹੀ
17. ਪੰਜਾਬੀ ਸਾਹਿਤਯ ਪਰ ਕਟਾਖਯ, 'ਖੁਲ੍ਹੇ ਲੇਖ' (1971) ਪੰਨਾ 167.
18. ਪਿਆਰ, 'ਖੁਲ੍ਹੇ ਲੇਖ' (1971) ਪੰਨਾ 20.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੋਹਨ ਸਿੰਘ ਦਾ ਪ੍ਰਗਤੀਵਾਦ

ਅੰਤਰ ਰਾਸ਼ਟਰੀ ਖੇਤਰ ਵਿਚ ਈ. ਐਮ. ਫਾਰਸਟਰ ਦੀ ਪ੍ਰਧਾਨਗੀ ਹੇਠ 1935 ਵਿਚ ਪੈਰਿਸ ਵਿਖੇ ਪ੍ਰਗਤੀਵਾਦੀ ਲੇਖਕ ਸੰਘ ਦੀ ਪਹਿਲੀ ਇਕੱਤਰਤਾ ਹੋਈ ਅਤੇ ਇਸ ਦੇ ਪ੍ਰਭਾਵ ਅਧੀਨ ਹੀ 1936 ਦੇ ਲਗ ਭਗ ਭਾਰਤ ਵਿਚ ਕੁਝ ਅਗਾਂਹ ਵਧੂ ਲੇਖਕਾਂ ਨੇ ਜਿਨ੍ਹਾਂ ਵਿਚ ਮੁਲਕ ਰਾਜ ਆਨੰਦ, ਸੱਜਾਦ ਜ਼ਹੀਰ ਆਦਿ ਦੇ ਨਾਂ ਵਰਣਨ ਯੋਗ ਹਨ, ਮਿਲ ਕੇ ਸਰਬ ਹਿੰਦ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਕੀਤੀ ਅਤੇ ਪ੍ਰਮੁੱਖ ਸਾਹਿੱਤਕਾਰ ਰਾਵਿੰਦਰ ਨਾਥ ਟੈਗੋਰ, ਮੁਨਸ਼ੀ ਪ੍ਰੇਮ ਚੰਦ, ਸਰਦਾਰ ਜਾਫ਼ਰੀ, ਆਦਿ ਇਸ ਸੰਘ ਦੇ ਸਮਰਥਕ ਸਨ। ਸਾਹਿੱਤ ਦੇ ਖੇਤਰ ਵਿਚ ਇਸ ਸੰਘ ਦੀ ਸਥਾਪਨਾ ਦਾ ਪ੍ਰਭਾਵ ਪੰਜਾਬੀ ਦੇ ਸਵਸਥ ਸੋਚਣੀ ਵਾਲੇ ਲੇਖਕਾਂ ਤੇ ਪੈਣਾ ਸੁਭਾਵਿਕ ਸੀ। ਮੋਹਨ ਸਿੰਘ ਦੀ ਕਵਿਤਾ ਵਿਚ ਪ੍ਰਗਤੀਵਾਦੀ ਅੰਸ਼ ਇਸੇ ਸੰਘ ਦੁਆਰਾ ਚਲਾਈ ਗਈ ਲਹਿਰ ਅਧੀਨ ਹੀ ਜ਼ੋਰ ਪਕੜਦੇ ਹਨ।

'ਕੁਸੁੰਭੜਾ' ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਵਿਚ ਲੋਕ-ਪੀੜਾਂ ਦਾ ਅੰਸ਼ ਮਿਲਦਾ ਹੈ। 'ਅਧਵਾਟੇ' ਤੱਕ ਇਹ ਰੁੱਚੀ ਹੋਰ ਬਲਵਾਨ ਹੁੰਦੀ ਗਈ। ਇਸ ਤੋਂ ਅਗੇਰੇ 'ਕੱਚ ਸੱਚ' ਮੋਹਨ ਸਿੰਘ ਦੀ ਕਾਵਿ-ਕਲਾ ਦਾ ਅਜਿਹਾ ਪੜਾ ਹੈ ਜਿਥੇ ਉਹ ਆਪਣੇ ਨਿੱਜੀ ਪਿਆਰ ਨੂੰ 'ਕੱਚ' ਤੇ ਲੋਕ ਗ਼ਮ ਨੂੰ 'ਸੱਚ' ਸਮਝਦਾ ਹੈ। ਕਵੀ ਦੀ ਰਚਨਾ ਤੋਂ ਪ੍ਰਗਟ ਹੈ ਕਿ ਉਹ ਹੁਣ ਤੱਕ ਆਪਣੇ ਇਸ਼ਕ ਦੇ ਭੇਤ ਹੀ ਨਸ਼ਰ ਕਰਦਾ ਰਿਹਾ ਹੈ ਤੇ ਹੁਣ ਉਹ ਸੱਚ ਦਾ ਪੱਲੂ ਫੜ ਕੇ ਤੁਰੇਗਾ। ਕਵੀ ਵਿਅਕਤਿਗਤ ਪਿਆਰ ਦੀ ਤੰਗ ਵਲਗਣ 'ਚੋਂ ਨਿਕਲ ਕੇ ਵਿਸ਼ਾਲ ਜਨ-ਸਮੂਹ ਦੇ ਹਿੱਤਾਂ ਲਈ ਕੁਝ ਕਰਨ ਦੀ ਇੱਛਾ ਰੱਖਦਾ ਹੈ। ਮਹਿਬੂਬ ਦੀ 'ਹਿੱਕ ਦੇ ਸੁਹਲ ਆਲ੍ਹਣੇ ਛੱਡ ਕੇ ਹੁਣ ਉਹ 'ਬਿੱਛੂ ਡੰਗੇ ਰਾਹਾਂ' ਤੇ ਤੁਰਨ ਦੀ ਇੱਛਾ ਰੱਖਦਾ ਹੈ :

ਹਿੱਕ ਤੇਰੀ ਦੇ ਸੁਹਲ ਆਹਲਣੇ,
ਪੈਣ ਮੈਨੂੰ ਹੁਣ ਸੌੜਾਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਛੂ ਡੰਗ ਰਾਹਾਂ ਤੇ ਹੁਣ,
ਖੰਭ ਫਟਕਾਣੇ ਲੋੜਾਂ ।

(ਕੱਚ ਸੱਚ, ਪੰਨਾ 9)

'ਅਧਵਾਟੇ' ਦੇ ਸਿਰਜਕ ਮੋਹਨ ਸਿੰਘ ਦਾ ਸੰਕਟ ਸਿਰਫ਼ ਪਿਆਰ ਵਿਚ ਅਧਵਾਟੇ ਰਹਿਣ ਦਾ ਸੀ । 'ਕੱਚ ਸੱਚ' ਵਿਚ ਇਹ ਸੰਕਟ ਦੋ ਵਿਚਾਰਧਾਰਾਵਾਂ ਦਾ ਹੈ । ਇਥੇ ਕਵੀ ਅਜਿਹੇ ਦੁਰਾਹੇ ਤੇ ਖੜ੍ਹਾ ਹੈ ਜਿਸ ਦੇ ਇਕ ਪਾਸੇ ਪਿਆਰ ਹੈ ਤੇ ਦੂਜੇ ਪਾਸੇ 'ਕ੍ਰਾਂਤੀਕਾਰੀ ਭਾਵਨਾ ।' ਦੂਜੇ ਸੰਸਾਰ ਯੁੱਧ ਦੀ ਸਮਾਪਤੀ ਹੋ ਗਈ ਸੀ । ਭਾਰਤ ਆਜ਼ਾਦ ਹੋ ਚੁੱਕਾ ਸੀ । ਭਾਰਤ ਦੀ ਵੰਡ ਨੇ ਫਿਰਕੂ ਜਨੂਨ ਪੈਦਾ ਕਰ ਕੇ ਮਨੁੱਖਤਾ ਦੇ ਇਤਿਹਾਸ ਦੇ ਦੁੱਧ-ਚਿੱਟੇ ਵਰਕੇ ਲਹੂ ਨਾਲ ਰੰਗ ਦਿੱਤੇ । ਕਵੀ ਦੇ ਇਹਸਾਸ ਜਿਵੇਂ ਜ਼ਖ਼ਮੀ ਹੋ ਕੇ ਤੜਪ ਉੱਠੇ । ਗੁਰੂ ਨਾਨਕ ਵਰਗੀ ਸ਼ਖ਼ਸੀਅਤ ਨੂੰ ਮੁਖ਼ਾਤਿਬ ਹੋ ਕੇ ਇਸ ਕਰੁਣਾਮਈ ਅਵਸਥਾ ਨੂੰ ਕਾਵਿ-ਬੱਧ ਕਰਨ ਲੱਗਾ :

ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਦਾ ਮੈਂ,
'ਆਇਆ ਨਾ ਤੈਂ ਕੀ ਦਰਦ ਏਨਾ ਘਾਣ ਹੋ ਗਿਆ ।'

(ਕੱਚ ਸੱਚ-ਪੰਨਾ 26)

ਆਜ਼ਾਦੀ ਲਈ ਲੋਕਾਂ ਨੇ ਅਕਹਿ ਤਸੀਹੇ ਝੱਲੇ ਸਨ । ਦੇਸ਼-ਭਗਤਾਂ ਦੀ ਜਾਨ ਦੀ ਆਹੂਤੀ ਦਿੱਤੀ । ਪਰ ਜਦ ਆਜ਼ਾਦੀ ਮਿਲੀ ਤਾਂ ਕਵੀ ਨੂੰ ਆਪਣੇ ਭਵਿੱਖ ਦੇ ਸੁਪਨੇ ਰੇਤ ਦੀ ਕੰਧ ਵਾਂਗ ਭੁਰਦੇ ਜਾਪੇ । ਕਲਪਿਤ ਸੁਪਨਿਆਂ ਦੀ ਥਾਂ ਅਸਲੀਅਤ ਤਾਂ ਇਹ ਸੀ :

ਕੁਝ ਸੌ ਮੂੰਹਾਂ ਉੱਤੇ ਰੌਣਕਾਂ,
ਬਾਕੀ ਪਹਿਲਾਂ ਤੋਂ ਵੀ ਮਰੀਅਲ ਸੂਰਤਾਂ ।

(ਕੱਚ ਸੱਚ, ਪੰਨਾ 27)

ਇਸ ਦਾ ਕਾਰਣ, ਕਵੀ ਸਮਝ ਜਾਂਦਾ ਹੈ, ਕਿ ਆਰਥਕ ਨਾ-ਬਰਾਬਰੀ ਹੈ । ਉਸ ਨੂੰ ਇਹ ਧਰਤੀ ਦੋ ਟੋਟਿਆਂ ਵਿਚ ਵੰਡੀ ਨਜ਼ਰ ਆਉਂਦੀ ਹੈ । ਇਹ ਵੇਖ ਕੇ ਉਹ ਨਿਰਾਸ਼ ਨਹੀਂ ਹੁੰਦਾ, ਸਗੋਂ ਉਹ ਕਿਸੇ ਚੰਗੇ ਭਵਿੱਖ ਦੀ ਆਸ ਲਾਈ ਬੈਠਾ ਹੈ :

ਖੂਹਾਂ ਵਿਚ ਪਾਣੀ ਢੇਰ ਅਜੇ ।
ਟਿੰਡਾਂ ਲਾਣੇ ਕਈ ਗੇੜ ਅਜੇ ।
ਕੁਝ ਹੋਰ ਵੀ ਹੋਵਣ ਵਾਲਾ ਹੈ ।
ਐਵੇਂ ਨਹੀਂ ਖਿੱਤੀਆਂ ਘੁੰਮ ਰਹੀਆਂ ।

(ਕੱਚ ਸੱਚ, ਪੰਨਾ 59)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1949 ਵਿਚ ਚੀਨ ਅੰਦਰ ਚਿਆਂਗ ਕਾਈ ਸ਼ੇਕ ਲੋਕ ਸ਼ਕਤੀ ਅੱਗੇ, ਜਿਸ ਦੀ ਅਗਵਾਈ ਕਮਿਊਨਿਸਟ ਪਾਰਟੀ ਕਰ ਰਹੀ ਸੀ, ਹਾਰ ਖਾ ਕੇ ਅਮਰੀਕਾ ਵੱਲ ਨਸ ਗਿਆ। ਇਸ ਘਟਨਾ ਨੇ ਮੋਹਨ ਸਿੰਘ ਦੀਆਂ ਕ੍ਰਾਂਤੀਕਾਰੀ ਰੁੱਚੀਆਂ ਨੂੰ, ਜੋ ਆਂਸ਼ਿਕ ਰੂਪ ਵਿਚ ਪਹਿਲਾਂ ਹੀ ਵਿਦਮਾਨ ਸਨ, ਹੋਰ ਉਤੇਜਿਤ ਕਰ ਦਿੱਤਾ। ਇਸ ਘਟਨਾ ਨੂੰ ਉਹ ਇਕ 'ਨਵਾਂ ਕੌਤਕ' ਸਮਝਦਾ ਹੈ ਅਤੇ ਉਸ ਦੇ ਮਨ ਅੰਦਰ ਵਿਚਾਰ ਜਾਗਦਾ ਹੈ ਕਿ ਜੇ ਚੀਨ ਵਰਗਾ ਦੇਸ਼, ਜਿੱਥੋਂ ਦੀ ਜਨਤਾ ਨਸ਼ਿਆਂ ਦੀ ਨਕਾਰਾ ਕੀਤੀ ਹੋਈ ਹੈ, ਅਜਿਹਾ ਕੌਤਕ ਰਚ ਸਕਦਾ ਹੈ ਤਾਂ ਦੁਨੀਆਂ ਦੀ ਕਿਸੇ ਨੁੱਕਰ ਵਿਚ ਅਜਿਹਾ ਕ੍ਰਿਸ਼ਮਾ ਹੋ ਸਕਦਾ ਹੈ।

"ਜਾਇਦਾਦ" ਕਵਿਤਾ ਵਿਚ ਮੋਹਨ ਸਿੰਘ ਦੀ ਕਲਾ ਤੇ ਸਾਮਵਾਦੀ ਰੁੱਚੀਆਂ ਦਾ ਮਿਸ਼ਰਣ ਹੈ। ਇਸ ਰਚਨਾ 'ਚੋਂ ਪ੍ਰਤੱਖ ਸੰਕੇਤ ਮਿਲਦਾ ਹੈ ਕਿ ਮੋਹਨ ਸਿੰਘ ਇਕ ਯੁੱਗ ਬਦਲਣ ਦੀ ਭਾਵਨਾ ਦਿਲ ਵਿਚ ਲੁਕਾਈ ਬੈਠਾ ਹੈ :

ਹੋਰ ਇਸ ਅਗਨੀ ਨੂੰ ਭੜਕਾਵਾਂਗਾ ਮੈਂ।
ਜੁਗ ਬਦਲ ਕੇ ਫਿਰ ਕਦੀ ਆਵਾਂਗਾ ਮੈਂ।

(ਕੱਚ ਸੱਚ, ਪੰਨਾ 11)

ਕ੍ਰਾਂਤੀਕਾਰੀ ਰੁਚੀਆਂ ਦੇ ਪ੍ਰਭਾਵ ਅਧੀਨ ਹੁਣ ਉਹ ਲੋਹੇ ਨੂੰ ਕ੍ਰਾਂਤੀ ਦਾ ਚਿੰਨ੍ਹ ਮੰਨਦਾ ਹੈ। ਲੋਹੇ ਨੂੰ ਆਪਣਾ ਸਭ ਕੁਝ ਸਮਝਦਾ ਹੈ।

ਲੋਹਾ ਸਾਡਾ ਪਿਓ
ਅਸੀਂ ਲੋਹੇ ਦੇ ਪੁੱਤਰ
ਲੋਹਾ ਸਾਡੀ ਮਾਂ
ਅਸੀਂ ਲੋਹੇ ਦੇ ਜਾਏ
ਲੋਹਾ ਸਾਡਾ ਇਸ਼ਟ
ਅਸੀਂ ਲੋਹੇ ਦੇ ਪੁਜਾਰੀ
ਲੋਹਾ ਸਾਡੀ ਪੱਤ
ਅਸੀਂ ਲੋਹੇ ਦੇ ਪਰਣਾਏ।

(ਕੱਚ ਸੱਚ, ਪੰਨਾ 15)

ਇਸ ਤਰ੍ਹਾਂ ਮੋਹਨ ਸਿੰਘ ਦੀ ਕਲਮ ਕਿਸੇ ਮਜ਼ਦੂਰ ਦੇ ਹਥੌੜੇ ਅਤੇ ਕਿਸਾਨ ਦੀ ਦਾਤਰੀ ਦੇ ਨਾਲ ਨਾਲ ਸੰਘਰਸ਼ ਦੇ ਇਸ ਖੇਤਰ ਵਿਚ ਇਕ ਪੂਰਕ ਸ਼ਕਤੀ ਬਣ ਗਈ। ਉਹ ਕਲਮੀ-ਮਜ਼ਦੂਰ ਬਣ ਕੇ ਇਸ ਲੋਕ-ਲਹਿਰ ਦੀ ਅਗਵਾਈ ਕਰਨ ਲੱਗਾ। ਲੋਕ-ਸ਼ਕਤੀਆਂ ਅੱਗੇ ਸਾਮਰਾਜੀ ਸ਼ਕਤੀਆਂ ਨਿਰਬਲ ਜਾਪਣ ਲੱਗੀਆਂ। ਸੋਨੇ ਨੂੰ ਸਾਮਰਾਜੀ ਸ਼ਕਤੀਆਂ ਦਾ ਚਿੰਨ੍ਹ ਸਮਝਦਾ ਹੋਇਆ ਉਹ ਅਨੁਭਵ ਕਰਦਾ ਹੈ ਕਿ ਇਸ ਨੂੰ ਲੋਕ ਸ਼ਕਤੀਆਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਗੇ ਝੁਕਣਾ ਹੀ ਪਵੇਗਾ :

ਸੋਨੇ ਗਿੱਚੀ ਸੁੱਟਣੀ,
ਜਦ ਚੰਡ ਪੈਣੀ ਲੋਹੇ ਦੀ ।

(ਕੱਚ ਸੱਚ, ਪੰਨਾ 46)

ਮੋਹਨ ਸਿੰਘ ਦੀ ਪ੍ਰਗਤੀਵਾਦੀ ਰੁੱਚੀ ਨੇ 'ਆਵਾਜ਼ਾਂ' ਵਿਚ ਵਧੇਰੇ ਵਿਕਾਸ ਕੀਤਾ ਹੈ । ਇਸ ਪੁਸਤਕ ਵਿਚ ਉਸ ਦੀ ਸਮਾਜਕ ਚੇਤੰਨਤਾ ਦਾ ਪਕੇਰਾ ਰੂਪ ਸਾਹਮਣੇ ਆਇਆ ਹੈ । ਇੱਥੇ ਉਹ ਆਪਣੇ ਨਿੱਜੀ ਪਿਆਰ ਨੂੰ ਕ੍ਰਾਂਤੀਕਾਰੀ ਰੁਚੀਆਂ ਨੂੰ ਬਲਵਾਨ ਬਣਾਉਣ ਲਈ ਪੂਰਕ ਸ਼ਕਤੀ ਦੇ ਰੂਪ ਵਿਚ ਵਰਤਣ ਦੀ ਇੱਛਾ ਰੱਖਦਾ ਹੈ :

ਹੁਣ ਤਾਂ ਮੰਗ ਸਮੇਂ ਦੀ ਪਿਆਰੀ,
ਇਸ਼ਕ ਮੇਰਾ ਲੋਹਾਰ ਬਣੇ ।
ਤਦ ਸੀਨੇ ਦੀ ਭੱਠੀ ਅੰਦਰ,
ਦਿਲ ਮੇਰਾ ਹਥਿਆਰ ਬਣੇ ।
ਜੀਵਨ ਭਰ ਮੈਂ ਮਾਣ ਕਰਾਂਗਾ,
ਪਿਆਰੀ ਤੇਰੇ ਪਿਆਰ ਉੱਤੇ ।
ਬਣ ਕੇ ਸਿਕਲੀ ਗਰਨੀ ਜੇ ਤੂੰ,
ਪਾਣ ਚੜ੍ਹਾ ਦਏਂ ਸਾਰ ਉੱਤੇ ।

(ਆਵਾਜ਼ਾਂ, ਪੰਨਾ 10)

ਹੁਣ ਉਹ ਆਪਣੀਆਂ ਖੁਸ਼ੀਆਂ ਗ਼ਮੀਆਂ ਸਮੂਹ ਲੋਕਾਂ ਨਾਲ ਸਾਂਝੀਆਂ ਕਰਨੀਆਂ ਲੋੜਦਾ ਹੈ । ਉਸ ਨੂੰ ਇਕ ਆਪਣੀ ਪ੍ਰੀਤ ਦੇ ਸਿਰੇ ਚੜ੍ਹ ਜਾਣ ਦੀ ਕੋਈ ਖੁਸ਼ੀ ਨਹੀਂ ਕਿਉਂਕਿ ਉਹ ਦੇਖਦਾ ਹੈ ਹੋਰ ਲੋਕ ਗ਼ਮਗੀਨ ਹਨ, ਲੱਖਾਂ ਪ੍ਰੀਤਾਂ ਅਧਵਾਟੇ ਹਨ :

ਕਾਹਦੀ ਖੁਸ਼ੀ ਜੇ ਚੜ੍ਹ ਗਈ ਇਕ ਪ੍ਰੀਤ ਨੇਪਰੇ,
ਲੱਖਾਂ ਪ੍ਰੀਤਾਂ ਫਿਰਦੀਆਂ ਜਦ ਜੀ ਭਿਆਣੀਆਂ ।

(ਆਵਾਜ਼ਾਂ, ਪੰਨਾ 57)

ਤੇ ਉਸ ਦੀ ਪ੍ਰੀਤ ਵਿਚ ਹੁਣ ਪਹਿਲਾਂ ਵਾਲੀ ਨਿਰੋਲ ਜਜ਼ਬਾਤੀ ਤੜਪ ਨਹੀਂ, ਆਪ ਮੁਹਾਰੀ ਭਾਵੁਕਤਾ ਨਹੀਂ, ਸਗੋਂ ਉਹ ਸੋਚਾਂ ਦੇ ਪਹਿਰੇ ਅਧੀਨ ਆ ਗਈ ਹੈ ਤੇ ਹੁਣ ਉਸ ਵਿਚ ਗੰਭੀਰਤਾ ਹੈ ।

ਸੋਚਾਂ ਨੇ ਮੂੰਹ ਪ੍ਰੀਤ ਦਾ ਗੰਭੀਰ ਕਰ ਦਿੱਤਾ,
ਗ਼ਮ ਨਾਲ ਹੋ ਗਈਆਂ ਨੇ ਪ੍ਰੀਤਾਂ ਸਿਆਣੀਆਂ ।

(ਆਵਾਜ਼ਾਂ, ਪੰਨਾ 58)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਵੀ ਦਾ ਯੁੱਗ-ਚੇਤੰਨਤਾ ਦਾ ਮਾਧਿਅਮ ਉਸ ਦੀ ਨਿੱਜੀ ਪ੍ਰੀਤ ਹੈ। ਇਹ ਗੱਲ ਇੰਜ ਵੀ ਕਹੀ ਜਾ ਸਕਦੀ ਹੈ ਕਿ ਉਸ ਦੇ ਨਿੱਜੀ ਪਿਆਰ ਨੇ ਹੀ ਲੋਕ ਪਿਆਰ ਦਾ ਰੂਪ ਧਾਰਨ ਕੀਤਾ ਹੈ :

ਪੈ ਕੁਠਾਲੀ ਇਸ਼ਕ ਵਾਲੀ,
ਤੜਪ ਬਦਲੀ ਵੇਗ ਵਿਚ।
ਹੌਲੀ ਹੌਲੀ ਬਣ ਗਿਆ,
ਮਿੱਤਰਾਂ ਦਾ ਗ਼ਮ ਲੋਕਾਂ ਦਾ ਗ਼ਮ।

(ਆਵਾਜ਼ਾਂ, ਪੰਨਾ 47)

ਸਾਮਰਾਜੀ ਸ਼ਕਤੀਆਂ ਨਾਲ ਲੜਨ ਲਈ ਉਹ ਲੋਕਾਂ ਨੂੰ ਇਕ ਮੁੱਠ ਹੋਣ ਲਈ ਪ੍ਰੇਰਦਾ ਹੈ। ਉਹ ਲੁੱਟੇ ਜਾ ਰਹੇ ਲੋਕਾਂ ਨੂੰ ਲੁੱਟਣ ਵਾਲਿਆਂ ਨਾਲ ਟੱਕਰ ਲੈਣ ਲਈ ਉਤੇਜਿਤ ਕਰਦਾ ਹੈ। ਇਸ ਸੰਘਰਸ਼ ਨੂੰ ਕਵੀ ਲੋਕਾਂ ਅਤੇ ਜੋਕਾਂ ਵਿਚਕਾਰ ਘੋਲ ਸਮਝਦਾ ਹੈ। ਲੋਕ-ਵਿਰੋਧੀ ਸ਼ਕਤੀਆਂ ਨੂੰ ਕਵੀ ਪੰਹਲੀ ਤੇ ਭਰੁੱਟ ਹੀ ਸਮਝਦਾ ਹੈ, ਜੋ ਇਸ ਧਰਤੀ ਤੇ ਜੀਵਨ ਨੂੰ ਮੌਲਣ ਨਹੀਂ ਦਿੰਦੇ। "ਘੋਲ" ਨਾਂ ਦੀ ਕਵਿਤਾ ਵਿਚ ਇਕ ਸੱਚਾ ਲੋਕ-ਕਵੀ ਬਣ ਕੇ ਆਪਣੀ ਕਲਮ ਨੂੰ ਲੋਕ ਲਹਿਰ ਨੂੰ ਸਮਰਪਣ ਕਰ ਚੁੱਕਾ ਜਾਪਦਾ ਹੈ। ਅਜਿਹੇ ਪ੍ਰਭਾਵ ਅਧੀਨ ਹੀ ਉਸ ਨੇ ਲੋਕ-ਕਵੀਆਂ ਵਾਂਗ ਆਪਣੀ ਕਵਿਤਾ ਰੂਪਕ ਪੱਖ ਤੋਂ ਕਿੱਸਾ-ਕਾਵਿ ਪ੍ਰਣਾਲੀ ਦੇ ਬਹੁਤ ਨੇੜੇ ਰੱਖੀ ਹੈ। ਕਿੱਸਾਕਾਰਾਂ ਵਾਂਗ ਹੀ ਅੰਤ ਵਿਚ ਆਪਣਾ ਨਾਂ ਵਰਤਿਆ ਹੈ। 'ਆਵਾਜ਼ਾਂ' ਨਾਂ ਦੀ ਕਵਿਤਾ ਵਿਚ ਕਵੀ 'ਪਗੜੀ ਸੰਭਾਲ ਜੱਟਾ' ਕਹਿੰਦਾ ਹੋਇਆ ਕਿਰਸਾਨਾਂ ਨੂੰ ਉਨ੍ਹਾਂ ਦੀ ਇੱਜ਼ਤ ਦਾ ਵਾਸਤਾ ਪਾ ਕੇ ਇਸ ਘੋਲ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ। ਇਸੇ ਤਰ੍ਹਾਂ ਜੱਟੀਆਂ ਦਾ 'ਗੀਤ' ਕੁਝ ਤਰੀਮਤਾਂ ਦੀਆਂ ਸਿੱਠਣੀਆਂ ਹੀ ਨਹੀਂ, ਸਗੋਂ ਲੋਕਾਂ ਅੰਦਰ ਲੁੱਟੇ ਜਾਣ ਦੀ ਚੇਤੰਨਤਾ, ਹੱਕ ਦੀ ਪ੍ਰਾਪਤੀ ਦਾ ਅਹਿਸਾਸ ਇਸ ਗੀਤ ਵਿਚ ਚਿਤਰਿਆ ਗਿਆ ਹੈ। ਇਕ ਪਾਸੇ 'ਜੋਕਾਂ' ਪਾਸ ਰੰਗ-ਰਲੀਆਂ ਮਨਾਉਣ ਦੇ ਸਾਰੇ ਸਾਧਨ ਹਨ ਤੇ ਦੂਜੇ ਪਾਸੇ 'ਲੋਕਾਂ' ਨੂੰ ਜੀਵਨ ਦੀਆਂ ਲੋੜਾਂ 'ਕੁੱਲੀ, ਗੁੱਲੀ, ਜੁੱਲੀ' ਵੀ ਨਸੀਬ ਨਹੀਂ ਹੁੰਦੀਆਂ। ਵਿਕਸਿਤ ਹੋ ਰਹੀ ਲੋਕ ਲਹਿਰ ਨੂੰ ਵਿਸ਼ਵਾਸ ਹੈ :

ਪਾਟੀ ਕਿਰਤ ਨੇ ਇਕ ਮੁੱਠ ਹੋਣਾ,
ਬਣ ਜਾਣਾ ਇਕ ਝੱਖੜਾ ਵੇ ਹੋ।
ਤੀਲੀਆਂ ਰਲ ਕੇ ਬਹੁਕਰ ਬਣਨਾ,
ਹੂੰਝ ਦੇਣਾ ਕੱਖ ਕੰਡਵਾ ਵੇ ਹੋ।

(ਆਵਾਜ਼ਾਂ, ਪੰਨਾ 75)

ਮੋਹਨ ਸਿੰਘ ਨੇ ਇਸ ਲੋਕ-ਸੰਘਰਸ਼ ਵਿਚ ਲੜਨ ਵਾਲੇ ਕੁਝ ਮੋਢੀ ਪਾਤਰਾਂ ਦੀ ਸਿਰਜਨਾ ਮੰਗਲੀ, ਸੁਰੇਸ਼ ਤੇ ਕਤੀਬਾ, ਰੋਜ਼ਨ ਬਰਗ, ਗੱਜਣ ਸਿੰਘ, ਕਿਹਰ ਸਿੰਘ ਆਦਿ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਪ ਵਿਚ ਕੀਤੀ ਹੈ। ਇਹ ਪਾਤਰ ਲੋਕ ਸ਼ਕਤੀ ਨੂੰ ਹੋਰ ਸਰਗਰਮ ਕਰਨ ਲਈ ਆਦਰਸ਼ ਬਣ ਜਾਂਦੇ ਹਨ। ਜਾਗੀਰਦਾਰੀ ਨਿਜ਼ਾਮ ਦੇ ਜ਼ੁਲਮ ਦੀ ਕਹਾਣੀ ਅਤੇ ਲੋਕਾਂ ਦੇ ਸਿਦਕ ਤੇ ਕੁਰਬਾਨੀ ਦੀ ਗਾਥਾ ਕਵੀ ਨੇ ਇਨ੍ਹਾਂ ਪਾਤਰਾਂ ਦੇ ਅਭਿਨੈ ਦੁਆਰਾ ਕਵਿਤਾ ਵਿਚ ਗਾਈ ਹੈ। ਮੋਹਨ ਸਿੰਘ ਰਚਿਤ ਇਹ ਬੈਲਡ ਕ੍ਰਾਂਤੀਕਾਰੀ ਰਚਨਾ ਦਾ ਅਤਿ ਸੁੰਦਰ ਨਮੂਨਾ ਹਨ।

ਪਿਆਰ ਅਤੇ ਕਿਰਤ ਅਮਨਾਂ ਦੀ ਛਾਵੇਂ ਹੀ ਵਧਦੇ ਫੁੱਲਦੇ ਹਨ। ਜੰਗ ਕੁਝ ਸ਼ਰਾਰਤੀ ਦਿਮਾਗਾਂ ਦੀ ਉੱਪਜ ਹੈ। ਮੋਹਨ ਸਿੰਘ ਪਿਆਰ ਤੇ ਕਿਰਤ ਦਾ ਪੁਜਾਰੀ ਬਣ ਕੇ ਲੋਕਾਂ ਨੂੰ ਅਮਨ ਦੇ ਝੰਡੇ ਹੇਠ ਇਕੱਤਰ ਹੋਣ ਲਈ ਪ੍ਰੇਰਦਾ ਹੈ। ਉਹ ਲੋਕਾਂ ਨੂੰ ਜੰਗਬਾਜ਼ਾਂ ਦੀਆਂ ਚਾਲਾਂ ਤੋਂ ਬਚਣ ਲਈ ਸੁਚੇਤ ਕਰਦਾ ਹੈ, ਸੌਂਹਾਂ ਖਾਂਦਾ ਹੈ :

ਸੌਂਹ ਕਲਾ ਸੰਗੀਤ ਤੇ ਕਵਿਤਾ ਦੀ,
ਸੌਂਹ ਇਸ਼ਕ ਹੁਸਨ ਦੇ ਖੇੜਿਆਂ ਦੀ।
ਸੌਂਹ ਖੁਰਲੀ ਬੱਧੇ ਡੰਗਰਾਂ ਦੀ,
ਸੌਂਹ ਵੱਸਦੇ ਰਸਦੇ ਵਿਹੜਿਆਂ ਦੀ।
ਅਸਾਂ ਬਣਨਾ ਧੋਖੇ ਵਿਚ ਆ ਕੇ,
ਜੰਗਬਾਜ਼ਾਂ ਦਾ ਹਥਿਆਰ ਨਹੀਂ।

(ਆਵਾਜ਼ਾਂ, ਪੰਨਾ 46)

'ਵੱਡਾ ਵੇਲਾ' ਦੀਆਂ ਕਵਿਤਾਵਾਂ ਅੰਦਰ ਪ੍ਰਗਤੀਵਾਦੀ ਵਿਚਾਰਧਾਰਾ ਪਰਪੱਕ ਮਾਧਿਅਮ ਰਾਹੀਂ ਪ੍ਰਗਟ ਹੋਈ ਹੈ। ਇਥੇ ਆ ਕੇ ਉਹ ਸਾਰੀ ਦੀ ਸਾਰੀ ਜ਼ਿੰਦਗੀ ਨੂੰ ਕਰਮਸ਼ੀਲ ਹੋਣ ਲਈ ਕਹਿੰਦਾ ਹੈ :

ਉਠੋ ਕਿ ਉੱਠਣਾ ਹੀ ਹੈ ਜ਼ਿੰਦਗੀ ਦਾ ਪਹਿਲਾ ਕਦਮ,
ਤੁਰੋ ਕਿ ਤੁਰਨਾ ਹੀ ਹੈ ਜ਼ਿੰਦਗੀ ਦਾ ਪਹਿਲਾ ਪੜਾ।

(ਵੱਡਾ ਵੇਲਾ, ਪੰਨਾ 8)

ਇਹ ਕਹਿਣਾ ਕਿਸੇ ਹੱਦ ਤੱਕ ਯੋਗ ਹੀ ਹੋਵੇਗਾ ਕਿ ਮੋਹਨ ਸਿੰਘ ਨੂੰ ਪ੍ਰੀਤ ਦੇ ਅੱਲੜ੍ਹ ਜਜ਼ਬਿਆਂ ਤੋਂ ਪੂਰਨ ਭਾਂਤ ਛੁਟਕਾਰਾ ਕਦੇ ਨਹੀਂ ਮਿਲਿਆ ਪਰ ਇਥੇ ਆ ਕੇ ਉਹ ਪ੍ਰੀਤ ਦੇ ਸੋਹਿਲੇ ਗਾ ਗਾ ਕੇ ਅੱਕ ਗਿਆ ਜਾਪਦਾ ਹੈ ਤੇ ਸੋਚ ਰਿਹਾ ਹੈ :

ਨੈਣਾਂ ਨੂੰ ਅਸਾਂ ਕਿਹਾ ਮਸ਼ਾਲਾਂ,
ਹੋਠਾਂ ਨੂੰ ਸ਼ੱਕਰ ਖੰਡ ਓ ਯਾਰ।
ਜ਼ੁਲਫ਼ਾਂ ਨੂੰ ਅਸਾਂ ਬੱਦਲ ਬੰਨ੍ਹਿਆਂ,
ਮੂੰਹ ਨੂੰ ਬੰਨ੍ਹਿਆ ਚੰਦ ਓ ਯਾਰ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾ ਗਾ ਇਸ਼ਕ ਹੁਸਨ ਦੇ ਸੋਹਿਲੇ.
ਗਈ ਜੁਆਨੀ ਹੰਢ ਓ ਯਾਰ ।
ਏਸ ਵਿਸ਼ੈਲੇ ਚੌਗਿਰਦੇ ਵਿਚ,
ਪਿਆਰ ਨਾ ਪਾਂਦਾ ਠੰਢ ਓ ਯਾਰ ।

(ਵੱਡਾ ਵੇਲਾ, ਪੰਨਾ 17)

ਉਹ ਜ਼ੁਲਮ ਜਬਰ ਦੀਆਂ ਪ੍ਰਤੀਕ ਸਾਮਰਾਜੀ ਸ਼ਕਤੀਆਂ, ਜਿਸ ਨੇ ਇਹ ਚੰਗੀ ਭਲੀ ਧਰਤੀ ਨੂੰ ਅੱਗ ਲਾ ਛੱਡੀ ਹੈ, ਦੇ ਵਿਰੁੱਧ ਲੜਨ ਲਈ ਕਿਸਾਨਾਂ, ਲੇਖਕਾਂ ਤੇ ਕਿਰਤੀਆਂ ਨੂੰ ਇਕੱਠੇ ਹੋਣ ਲਈ ਸੱਦਾ ਦਿੰਦਾ ਹੈ :

ਦਾਤੀਆਂ, ਕਲਮਾਂ ਅਤੇ ਹਥੌੜੇ,
ਕੱਠੇ ਕਰ ਲਓ ਸੰਦ ਓ ਯਾਰ ।
ਤਕੜੀ ਇਕ ਤ੍ਰਿਸ਼ੂਲ ਬਣਾਓ,
ਯੁੱਧ ਕਰੋ ਪਰਚੰਡ ਓ ਯਾਰ ।

(ਵੱਡਾ ਵੇਲਾ, ਪੰਨਾ 19)

ਇਸ ਤਰ੍ਹਾਂ ਦੀਆਂ ਕ੍ਰਾਂਤੀਕਾਰੀ ਭਾਵਨਾਵਾਂ ਦਾ ਸਿਖਰ ਉਸ ਦੀ ਕਵਿਤਾ "ਕ੍ਰਾਂਤੀ" ਵਿਚੋਂ ਦਿੱਸਦਾ ਹੈ। ਉਹ ਪੁਰਾਣੀਆਂ ਸਮਾਜਕ ਕਦਰਾਂ ਕੀਮਤਾਂ ਨੂੰ ਹੀ ਨਹੀਂ ਨਿੰਦਦਾ ਸਗੋਂ ਉਨ੍ਹਾਂ ਸ਼ਕਤੀਆਂ ਦੀ ਕਰੜੀ ਆਲੋਚਨਾ ਕਰਦਾ ਹੈ ਜਿਨ੍ਹਾਂ ਨੇ ਮਨੁੱਖ ਤੇ ਆਈ ਮੁਸੀਬਤ ਸਮੇਂ ਭਾਣਾ ਮੰਨਣ ਵਾਲੀ ਵਿਚਾਰਧਾਰਾ ਨੂੰ ਅਪਣਾਇਆ ਹੈ। ਇਸ ਪ੍ਰਤੀਕਰਮ ਨੂੰ ਉਹ 'ਠੁੰਮਣਾ ਜਿਹਾ' ਸਮਝਦਾ ਹੈ। ਇਹ ਪ੍ਰਤੀਕਰਮ ਸਗੋਂ ਹੋਰ ਅਨੇਕਾਂ ਮੁਸੀਬਤਾਂ ਨੂੰ ਜਨਮ ਦਿੰਦੇ ਰਹੇ :

ਸੱਪ ਮਾਰਨ ਦਾ ਵੱਲ ਨਾ ਧਰਮਾਂ ਨੇ ਦੱਸਿਆ,
ਸਗੋਂ ਸਿਖਾਇਆ ਮੂੰਹ ਸਦਾ ਸੱਪਾਂ ਦਾ ਚੁੰਮਣਾ ।

(ਵੱਡਾ ਵੇਲਾ, ਪੰਨਾ 42)

ਇਸ ਤਰ੍ਹਾਂ ਕ੍ਰਾਂਤੀਕਾਰੀ ਭਾਵਨਾਵਾਂ ਅਧੀਨ ਮੋਹਨ ਸਿੰਘ ਜ਼ਿੰਦਗੀ ਦੇ ਸਾਗਰ ਵਿਚ ਜੋਸ਼ ਭਰੀਆਂ ਲਹਿਰਾਂ ਲਿਆਉਣ ਦੀ ਇੱਛਾ ਰੱਖਦਾ ਹੈ। ਇਸ ਘੋਲ ਵਿਚ ਰੁੱਝਿਆ ਮੋਹਨ ਸਿੰਘ ਉਜਲੇ ਭਵਿੱਖ ਦਾ ਸੁਨਹਿਰੀ ਸੁਪਨਾ ਨੈਣਾਂ ਵਿਚ ਲਟਕਾਈ ਫਿਰਦਾ ਹੈ। ਉਸ ਨੂੰ ਬਦਲ ਰਹੀ ਦੁਨੀਆ ਵਿਚ ਮਜ਼ਦੂਰ ਦਾ ਬਦਲ ਰਿਹਾ ਰੂਪ ਦਿੱਸ ਰਿਹਾ ਹੈ। ਗ਼ਜ਼ਲ ਕਾਵਿ ਰੂਪ ਵਿਚ ਵੀ ਮੋਹਨ ਸਿੰਘ ਨੇ ਲੋਕ ਹਿੱਤਾਂ ਦੀ ਰਾਖੀ ਕਰਦਿਆਂ ਲਿਖਿਆ ਹੈ :

ਪੱਤਝੜ ਦੇ ਪੀਲੇ ਪੱਤਰਾਂ ਤੇ,
ਮੁਸਕਾਨ ਨਵੀਂ ਮੈਂ ਤੱਕਦਾ ਹਾਂ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਜ਼ਦੂਰ ਦੇ ਰੋਸ਼ਨ ਮੱਥੇ ਤੇ,
ਇਕ ਸ਼ਾਨ ਨਵੀਂ ਮੈਂ ਤੱਕਦਾ ਹਾਂ।

(ਵੱਡਾ ਵੇਲਾ, ਪੰਨਾ 53)

ਇਸ ਤਰ੍ਹਾਂ ਮੋਹਨ ਸਿੰਘ ਦੀ ਬਹੁਤ ਸਾਰੀ ਰਚਨਾ ਵਿਸ਼ੇਸ਼ ਕਰ ਕੇ 'ਆਵਾਜ਼ਾਂ' ਤੇ 'ਵੱਡਾ ਵੇਲਾ', ਪ੍ਰਗਤੀਵਾਦੀ ਵਿਚਾਰਧਾਰਾ ਨਾਲ ਗਰਭਿਤ ਹੈ। ਮੋਹਨ ਸਿੰਘ ਇਕ ਸਮਰੱਥ ਲੋਕ-ਕਵੀ ਹੈ ਜਿਸ ਨੇ ਕਿਰਤੀ ਅਤੇ ਮਜ਼ਦੂਰ ਸ਼੍ਰੇਣੀ ਦੇ ਹਿੱਤਾਂ ਲਈ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਨਿਰਸੰਦੇਹ ਮੋਹਨ ਸਿੰਘ ਦੀ ਰਚਨਾ ਵਿਚ, ਕਿਸੇ ਹੱਦ ਤੱਕ, ਨਾਅਰੇਬਾਜ਼ੀ ਦਾ ਵੀ ਦਖ਼ਲ ਹੈ ਪਰੰਤੂ ਇਹ ਗੱਲ ਸ਼ਾਇਦ ਸਮੇਂ ਦੀ ਮੰਗ ਹੀ ਸੀ। ਮੋਹਨ ਸਿੰਘ ਦਾ ਪ੍ਰਗਤੀਵਾਦ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਹੈ, ਅਤੇ ਸਾਰਥਿਕ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਦਰਸ਼ਨ ਸਿੰਘ ਅਵਾਰਾ ਦਾ ਕਾਵਿ-ਸੰਦੇਸ਼

ਪ੍ਰਸਿੱਧ ਪੰਜਾਬੀ ਕਵੀ ਦਰਸ਼ਨ ਸਿੰਘ ਅਵਾਰਾ ਦਾ ਜਨਮ ਇਕ ਗੁਰਸਿਖ ਪਰਿਵਾਰ ਵਿਚ ਹੋਇਆ, ਬਚਪਨ ਗੁਰਸਿੱਖੀ ਦੇ ਮਹੌਲ ਵਿਚ ਬੀਤਿਆ, ਧਾਰਮਿਕ ਸਿੱਖਿਆ ਗ੍ਰਹਿਣ ਕੀਤੀ, ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਕਥਾ-ਕੀਰਤਨ ਕਰਨ ਦੀ ਰੁਚੀ ਪੈਦਾ ਹੋਈ, ਧਾਰਮਿਕ ਕਵਿਤਾ ਰਚੀ, ਅੰਮ੍ਰਿਤ ਛਕ ਕੇ ਸਿੰਘ ਸੱਜਿਆ ਅਤੇ ਅਕਾਲੀ ਲਹਿਰ ਦੌਰਾਨ ਅੰਗਰੇਜ਼ ਹਕੂਮਤ ਵਿਰੁਧ ਰੋਹ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਤੇ ਉਸ ਦੀ ਪੁਸਤਕ 'ਬਿਜਲੀ ਦੀ ਕੜਕ' ਜ਼ਬਤ ਹੋਈ। ਅਜਿਹੇ 'ਗੁਰਮੁਖ' ਵਿਅਕਤੀ ਵਲੋਂ ਧਰਮ ਵਿਰੁਧ ਬਗ਼ਾਵਤ ਦਾ ਝੰਡਾ ਗੱਡ ਦੇਣਾ ਬੜੀ ਅਨੋਖੀ ਗੱਲ ਜਾਪਦੀ ਹੈ।

ਜੋ ਧਰਮ ਕਵੀ ਨੂੰ ਵਿਰਸੇ ਵਿਚ ਮਿਲਿਆ, ਤੇ ਜਿਸ ਦਾ ਦੀਰਘ ਅਨੁਭਵ ਉਸ ਨੇ ਗ੍ਰਹਿਣ ਕੀਤਾ, ਉਸ ਵਿਚੋਂ ਤਾਂ 'ਨ ਕੋ ਬੈਰੀ ਨਹੀਂ ਬਿਗਾਨਾ...' 'ਸਭੇ ਸਾਂਝੀਵਾਲ ਸਦਾਇਨਿ...' 'ਏਕੁ ਪਿਤਾ ਏਕਸ ਕੇ ਹਮ ਬਾਰਿਕ...' 'ਮਾਨਸ ਕੀ ਜਾਤਿ, ਸਬੈ ਏਕੈ ਪਹਿਚਾਨਬੋ...' ਵਰਗੀ ਧੁਨ ਸੁਣਾਈ ਦਿੰਦੀ ਹੈ ਪਰ ਧਰਮ ਦਾ ਜੋ ਘਨੌਣਾ ਰੂਪ ਤੇ ਧਰਮ ਦੇ ਅਖੌਤੀ ਪੈਰੋਕਾਰਾਂ ਦਾ ਘਟੀਆ ਕਿਰਦਾਰ ਕਵੀ ਨੇ ਤੱਕਿਆ, ਉਸ ਵਿਚ ਮਨੁੱਖੀ ਪ੍ਰੇਮ ਤੇ ਸਾਂਝੀਵਾਲਤਾ ਦੀ ਥਾਂ ਨਫ਼ਰਤ ਤੇ ਪਖੰਡ ਸੀ ਅਤੇ ਉਸ ਵਿਚੋਂ ਉਸ ਨੂੰ 'ਸੱਚੇ ਮਜ਼੍ਹਬ' ਦੀ ਝਲਕ ਨਾ ਮਿਲੀ ਜਿਸ ਦੇ ਸਿੱਟੇ ਵਜੋਂ ਉਸ ਨੇ ਅਜਿਹੇ ਧਰਮ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਦਰਸ਼ਨ ਸਿੰਘ ਅਵਾਰਾ ਦੇ ਕਾਵਿ-ਸੰਗ੍ਰਹਿ 'ਬਗ਼ਾਵਤ' ਤੇ 'ਬਾਗ਼ੀ' ਵਿਚ ਅੰਕਿਤ ਕਵਿਤਾਵਾਂ ਵਿਚ ਧਰਮ ਵਿਰੁੱਧ ਵਿਦਰੋਹ ਦੀ ਭਾਵਨਾ ਹੀ ਸਰਵ-ਪ੍ਰਧਾਨ ਜਾਪਦੀ ਹੈ। ਫਿਰ ਵੀ, ਇਸ ਕਵਿਤਾ ਨੂੰ ਇਕ ਨਾਸਤਿਕ ਵਲੋਂ ਧਰਮ ਵਿਰੁੱਧ ਕੀਤਾ ਗਿਆ ਭੰਡੀ-ਪ੍ਰਚਾਰ ਸਮਝ ਲੈਣਾ ਵੀ ਵੱਡੀ ਭੁੱਲ ਹੋਵੇਗੀ ਤੇ ਕਵੀ ਨਾਲ ਅਨਿਆਂ ਵੀ! ਇਹ ਆਲੋਚਨਾ ਧਰਮ ਦੀ ਨਹੀਂ, 'ਫੋਕਟ ਧਰਮ' ਦੀ ਹੈ ਅਤੇ 'ਫੋਕਟ ਧਰਮ' ਦੀ ਅਜਿਹੀ ਤਿਖੀ ਆਲੋਚਨਾ ਉਹ ਵਿਅਕਤੀ ਹੀ ਕਰ ਸਕਦਾ ਹੈ ਜੋ ਸੱਚੇ ਧਰਮ ਦੀ ਰਮਜ਼ ਪਹਿਚਾਣਦਾ ਹੋਵੇ। ਅਜਿਹੇ 'ਫੋਕਟ ਧਰਮ' ਦੀ ਆਲੋਚਨਾ ਤਾਂ ਗੁਰਬਾਣੀ, ਵਿਸ਼ੇਸ਼ ਤੌਰ ਤੇ ਨਾਨਕਬਾਣੀ ਵਿਚ ਵੀ ਵਿਦਮਾਨ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਸ਼ਨ ਸਿੰਘ ਅਵਾਰਾ ਦੀ ਸਮੁੱਚੀ ਕਵਿਤਾ ਦਾ ਅਧਿਐਨ ਕਰਨ ਉਪਰੰਤ ਉਸ ਦੀ ਕਵਿਤਾ ਦਾ ਜੋ ਸੰਪੂਰਨ, ਸੰਜੀਵ ਤੇ ਪ੍ਰਭਾਵਸ਼ਾਲੀ ਬਿੰਬ ਉਭਰਦਾ ਹੈ, ਉਹ ਕੇਵਲ ਧਰਮ ਦੀ ਨੁਕਤਾਚੀਨੀ ਦਾ ਹੀ ਨਹੀਂ, ਸਗੋਂ ਮਨੁੱਖੀ ਪ੍ਰੇਮ ਤੇ ਭਾਈਚਾਰੇ ਦਾ ਹੈ। ਕਵੀ ਦੀ ਇੱਛਾ ਤਾਂ ਇਹ ਹੈ ਕਿ ਸਾਰੇ ਮਨੁੱਖ, ਧਾਰਮਿਕ ਵਖਰੇਵਿਆਂ ਤੋਂ ਮੁਕਤ ਹੋ ਕੇ ਦੇਸ਼ ਜਾਂ ਮਜ਼੍ਹਬ ਦੀਆਂ ਦੀਵਾਰਾਂ ਨੂੰ ਤੋੜ ਕੇ, ਸਾਗਰ ਦੀਆਂ ਲਹਿਰਾਂ ਵਾਂਗ ਇਕ ਦੂਜੇ 'ਚ ਸਮਾ ਜਾਣ। ਮਾਨਵਤਾ ਦੇ ਇਸ ਵਿਸ਼ਾਲ ਸਾਗਰ 'ਚ ਧਰਮ ਤੇ ਦੇਸ਼ ਦੀ ਹੋਂਦ ਇਕ ਆਰਜ਼ੀ ਦੀਵਾਰ ਹੈ, ਜਿਸ ਨੂੰ ਤੋੜਿਆ ਵੀ ਜਾ ਸਕਦਾ ਹੈ।

ਇਕ ਹੈ ਮਨੁੱਖਤਾ ਸਾਗਰ ਦੀਆਂ ਛੱਲਾਂ ਦੇ ਵਾਂਗ,
ਦੇਸ਼ ਜਾਂ ਮਜ਼੍ਹਬ ਵਿਚਾਲੇ, ਆਰਜ਼ੀ ਦੀਵਾਰ ਹੈ।

ਕਵੀ ਮੰਦਰਾਂ ਤੇ ਮਸੀਤਾਂ ਦੀ ਥਾਂ ਮਨੁੱਖੀ ਪਿਆਰ ਵਿਚੋਂ ਪ੍ਰਭੂ ਦੀ ਤਲਾਸ਼ ਕਰਦਾ ਹੈ, ਜਿਵੇਂ :

ਮੰਦਰਾਂ ਤੇ ਮਸਜਿਦਾਂ ਵਿਚ ਬਹੁਤ ਮੱਥਾ ਮਾਰਿਆ,
ਹੁਣ ਮੈਂ ਸੱਜਣਾ ਤੇਰੇ ਨੈਣਾਂ 'ਚੋਂ ਖ਼ੁਦਾ ਨੂੰ ਲੋੜਨਾ।

ਉਹ ਧਰਮ ਦੇ ਅਖੌਤੀ ਪੈਰੋਕਾਰਾਂ ਦੇ ਮਨ 'ਚੋਂ ਝੂਠੇ ਅਭਿਮਾਨ ਨੂੰ ਕੱਢ ਕੇ ਉਸ ਵਿਚ ਵੀ 'ਇਨਸਾਨੀਅਤ ਦੀ ਜੋਤ' ਜਗਾ ਕੇ ਉਨ੍ਹਾਂ ਨੂੰ ਵੀ 'ਇਨਸਾਨ' ਬਣਾ ਦੇਣਾ ਚਾਹੁੰਦਾ ਹੈ ਕਿਉਂਕਿ ਇਨਸਾਨੀਅਤ ਹੀ ਧਰਮ ਦਾ ਦੂਜਾ ਨਾਂ ਹੈ। ਕਵੀ ਦੀ ਇਹ ਇੱਛਾ ਨਿੰਮਨਾਂਕਿਤ ਕਾਵਿ-ਪੰਕਤੀਆਂ 'ਚ ਵਿਦਮਾਨ ਹੈ :

ਤੇਰੇ ਸਿਰ ਤੋਂ ਪੰਡ ਸ਼ਰ੍ਹਾ ਦੀ ਲੁਹਾ ਦਿਆਂ।
ਆ ਸ਼ੈਖ਼ ਮੈਕਦੇ, ਤੈਨੂੰ ਬੰਦਾ ਬਣਾ ਦਿਆਂ।
ਕੱਢ ਕੇ ਫ਼ਰਿਸ਼ਤਗੀ ਨੂੰ ਮੈਂ ਤੇਰੇ ਦਿਮਾਗ਼ 'ਚੋਂ
ਇਨਸਾਨੀਅਤ ਦੀ ਜੋਤ ਉਹ ਦੇ ਵਿਚ ਜਗਾ ਦਿਆਂ।

ਮਨੁੱਖ ਦਾ ਦੁੱਖ-ਦਰਦ ਵੰਡਾ ਕੇ, ਇਸ ਦੁਨੀਆਂ 'ਚ ਖ਼ੁਸ਼ੀ ਤੇ ਖੇੜਾ ਲਿਆਉਣਾ ਹੀ 'ਸੱਚੀ ਭਗਤੀ' ਹੈ, ਮਨੁੱਖੀ ਜੀਵਨ ਦਾ ਮੂਲ ਮਕਸਦ ਹੈ। ਅਜਿਹਾ ਸੰਦੇਸ਼ ਦਰਸ਼ਨ ਸਿੰਘ ਅਵਾਰਾ ਨੇ ਆਪਣੀ ਕਵਿਤਾ ਦੇ ਮਾਧਿਅਮ ਦੁਆਰਾ ਅੱਜ ਦੇ ਮਨੁੱਖ ਨੂੰ ਦਿੱਤਾ ਹੈ :

ਤੂੰ ਫੁੱਲ਼ ਬਣ ਕੇ ਬਾਗ਼ਾਂ 'ਚ ਰੌਣਕ ਲਗਾ ਦੇ।
ਤੂੰ ਸਹਿ ਨੋਕ ਕੰਡੇ ਦੀ ਖ਼ੁਸ਼ਬੂ ਲੁਟਾ ਦੇ।
ਤੂੰ ਖਿੜ ਕੇ ਕਲੀ ਬੰਦ ਕੋਈ ਖਿੜਾ ਦੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸੇ ਰੋਂਦੀ ਬੁਲ੍ਹਬੁਲ੍ਹ ਨੂੰ ਗਾਣਾ ਸਿਖਾ ਦੇ।
ਇਹੀ ਤੇਰੀ ਭਗਤੀ ਇਹੀ ਬੰਦਗੀ ਹੈ।
ਤੇਰੇ ਜੱਗ ਤੇ ਆਵਣ ਦਾ ਮਕਸਦ ਇਹੀ ਹੈ :

ਇਸ ਉਦੇਸ਼ ਦੀ ਪੂਰਤੀ ਲਈ ਕਵੀ ਮਨੁੱਖ ਨੂੰ ਧਾਰਮਿਕ ਵਖਰੇਵਿਆਂ ਤੋਂ ਉੱਚਾ ਉੱਠਣ ਲਈ ਪ੍ਰੇਰਨਾ ਪ੍ਰਦਾਨ ਕਰਦਾ ਹੈ।

ਆ ! ਮੰਦਰੋਂ-ਮਸੀਤੋਂ ਜ਼ਰਾ ਉੱਚੇ ਹੋਈਏ।
ਤੇ ਸਾਂਝੇ ਆਕਾਸ਼ ਹੇਠ ਰਲ ਕੇ ਖਲੋਈਏ।
ਗਲੇ ਮਿਲ ਕੇ, ਪਿਛਲੀ ਹਿਮਾਕਤ ਤੇ ਰੋਈਏ।
ਤੇ ਬੀਤੇ ਦੇ ਦਾਗ਼ਾਂ ਨੂੰ ਹੰਝੂਆਂ 'ਚ ਧੋਈਏ।
ਭਰਾ-ਪਣ ਜ਼ਰਾ ਦਿਲ 'ਚ ਮਾਰੇ ਉਛਾਲੇ।
ਤੇ ਭੁੱਲ ਜਾਣ ਸਾਨੂੰ ਮਸੀਤਾਂ ਸ਼ਿਵਾਲੇ।

ਧਰਮ ਦੇ ਨਾਂ 'ਤੇ ਫਿਰਕੂ ਜਨੂੰਨ ਦਾ ਸ਼ਿਕਾਰ ਹੋਏ ਅੱਜ ਦੇ ਮਨੁੱਖ ਲਈ ਦਰਸ਼ਨ ਸਿੰਘ ਅਵਾਰਾ ਦੇ ਅਜਿਹੇ ਕਾਵਿ-ਸੰਦੇਸ਼ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਈ ਦਹਾਕੇ ਪਹਿਲਾਂ ਰਚੀ ਗਈ ਕਵਿਤਾ 'ਚ ਵਿਦਮਾਨ ਕਵੀ ਦੇ ਇਸ ਪੈਗ਼ਾਮ ਦੀ ਅਹਿਮੀਅਤ 'ਚ ਹੋਰ ਇਜ਼ਾਫਾ ਹੋਇਆ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੁਹਜਵਾਦੀ ਸ਼ੈਲੀਕਾਰ ਗੁਰਬਖ਼ਸ਼ ਸਿੰਘ

ਗੁਰਬਖ਼ਸ਼ ਸਿੰਘ ਆਧੁਨਿਕ ਪੰਜਾਬੀ ਵਾਰਤਕ ਦਾ ਪਿਤਾ ਹੈ। ਉਸ ਨੇ ਪੰਜਾਬੀ ਸਾਹਿਤ ਵਿਚ ਅਸਲੋਂ ਨਵੀਂ ਕਿਸਮ ਦੀ ਸੁਹਜ-ਭਰਪੂਰ ਵਾਰਤਕ ਦਾ ਮੁੱਢ ਬੰਨ੍ਹਿਆ ਹੈ। ਉਹ ਸ਼ੈਲੀਕਾਰ ਦੇ ਤੌਰ ਤੇ ਜਾਣਿਆ ਜਾਂਦਾ ਪੰਜਾਬੀ ਵਾਰਤਕ ਦਾ ਲੇਖਕ ਹੈ। ਉਸ ਦੀਆਂ ਲਗ ਭਗ ਪੰਜ ਦਰਜਨ ਪੁਸਤਕਾਂ ਵਿਚ ਕਹਾਣੀ, ਨਾਟਕ, ਇਕਾਂਗੀ, ਨਾਵਲ ਆਦਿ ਸਾਹਿਤ ਦੇ ਵਿਭਿੰਨ ਰੂਪ ਸ਼ਾਮਲ ਹਨ ਪਰ ਵਧੇਰੇ ਗਿਣਤੀ ਨਿਬੰਧਾਂ ਦੀ ਹੋਣ ਕਰਕੇ ਉਹ ਨਿਬੰਧਕਾਰ ਦੇ ਤੌਰ ਤੇ ਜਾਣਿਆ ਜਾਂਦਾ ਸਾਹਿਤਕਾਰ ਹੈ। ਉਸ ਦੀ ਸੁਹਜ ਭਰਪੂਰ ਵਾਰਤਕ ਸ਼ੈਲੀ ਨੇ ਹੀ ਉਸ ਦੇ ਪਾਠਕਾਂ ਦੇ ਘੇਰੇ ਨੂੰ ਮੋਕਲਾ ਕੀਤਾ ਹੈ। ਨਾਨਕ ਸਿੰਘ ਵਾਂਗ ਉਹ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਹੈ। ਉਸ ਦੀ ਵਾਰਤਕ ਵਿਚ ਉੱਤਮ ਵਾਰਤਕ-ਸ਼ੈਲੀ ਦੇ ਲਗ ਭਗ ਸਾਰੇ ਗੁਣ ਵਿਦਮਾਨ ਹਨ।

ਗੁਰਬਸ਼ਸ਼ ਸਿੰਘ ਦੇ ਪੂਰਵਵਰਤੀ ਲੇਖਕ ਕੁਝ ਸੀਮਿਤ ਵਿਸ਼ੇ ਲੈ ਕੇ ਹੀ ਵਾਰਤਕ ਲਿਖਦੇ ਰਹੇ ਹਨ। ਬਹੁਤੇ ਲੇਖਕਾਂ ਨੇ ਤਾਂ ਧਾਰਮਿਕ ਵਿਸ਼ਿਆਂ ਨੂੰ ਹੀ ਅਪਣਾਇਆ ਤੇ ਉਹ ਇਕ ਸੌੜੇ ਜੇਹੇ ਦ੍ਰਿਸ਼ਟੀਕੋਣ ਤੋਂ ਹੀ ਲਿਖਦੇ ਰਹੇ ਸਨ। ਗੁਰਬਖਸ਼ ਸਿੰਘ ਨੇ ਪੱਛਮੀ ਸਾਹਿਤ ਅਤੇ ਜੀਵਨ ਦੇ ਪ੍ਰਭਾਵ ਅਧੀਨ ਅਸਲੋਂ ਨਵੇਂ ਤੇ ਵਰਜਿਤ ਵਿਸ਼ਿਆਂ ਨੂੰ ਆਪਣੀ ਲਿਖਤ ਦਾ ਆਧਾਰ ਬਣਾਇਆ। ਪਿਆਰ, ਲਿੰਗ, ਸਾਂਝੀਵਾਲਤਾ, ਰੱਬ, ਵਿਗਿਆਨ, ਮਨੋ-ਵਿਗਿਆਨ, ਸਮਾਜ, ਸਭਿਆਚਾਰ, ਭਾਸ਼ਾ, ਸਾਹਿਤ, ਕਲਾ, ਰਾਜਨੀਤੀ, ਦੇਸ਼-ਪਿਆਰ, ਸਿਹਤ ਵਿਗਿਆਨ ਆਦਿ ਕਿੰਨੇ ਹੀ ਵਿਸ਼ਿਆਂ ਨੂੰ ਗੁਰਬਖ਼ਸ਼ ਸਿੰਘ ਨੇ ਆਪਣੀ ਲਿਖਤ ਦੇ ਘੇਰੇ ਵਿਚ ਲਿਆਂਦਾ। ਉਸ ਨੇ ਉਨ੍ਹਾਂ ਵਿਸ਼ਿਆਂ ਤੇ ਵੀ ਲਿਖਣ ਵਿਚ ਪਹਿਲ ਕੀਤੀ ਜਿਨ੍ਹਾਂ ਬਾਰੇ ਲਿਖਣਾ ਉਸ ਸਮੇਂ ਸਭਿਅਤਾ ਤੋਂ ਉਲਟ ਸਮਝਿਆ ਜਾਂਦਾ ਸੀ। ਪਿਆਰ ਤੇ ਲਿੰਗ ਬਾਰੇ ਲਿਖਣ ਕਰਕੇ ਕੁਝ ਲੋਕਾਂ ਨੇ ਉਸ ਦੀ ਲਿਖਤ ਉੱਤੇ ਅਸ਼ਲੀਲਤਾ ਦਾ ਵੀ ਦੋਸ਼ ਲਾਇਆ, ਇਸ ਗੱਲ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਉਸ ਦੀ ਵਾਰਤਕ ਵਿਚ ਵਿਸ਼ੇ ਦੀ ਨਵੀਨਤਾ ਤੇ ਵੰਨ-ਸਵੰਨਤਾ ਹੈ।

ਗੁਰਬਖ਼ਸ਼ ਸਿੰਘ ਨੂੰ ਜੀਵਨ ਦਾ ਵਿਸ਼ਾਲ ਅਨੁਭਵ ਹੈ। ਦੇਸ਼ਾਂ-ਪਰਦੇਸ਼ਾਂ ਦੇ ਰਟਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਉਸ ਅੰਦਰ ਗਿਆਨ ਦੀ ਜੋਤ ਪ੍ਰਚੰਡ ਕੀਤੀ ਹੈ ਜਿਸ ਦੇ ਫ਼ਲਸਰੂਪ ਉਸ ਨੇ ਜਿਸ ਵਿਸ਼ੇ ਉਪਰ ਵੀ ਲਿਖਿਆ ਹੈ ਉਸ ਬਾਰੇ ਉਸ ਨੂੰ ਪੂਰਾ ਗਿਆਨ ਹੁੰਦਾ ਹੈ। ਇਸ ਤਰ੍ਹਾਂ ਉਸ ਦੇ ਵਿਚਾਰਾਂ ਵਿਚ ਕੋਈ ਕਚਿਆਈ ਨਹੀਂ ਰਹਿੰਦੀ। ਉਹ ਆਪਣੇ ਵਿਚਾਰਾਂ ਨੂੰ ਹਰ ਪੱਖੋਂ ਸੰਪੂਰਨ ਕਰਕੇ ਹੀ ਪਾਠਕਾਂ ਨੂੰ ਭੇਟ ਕਰਦਾ ਹੈ। ਵਿਸ਼ੇ ਦਾ ਪੂਰਨ ਗਿਆਨ ਗੁਰਬਖ਼ਸ਼ ਸਿੰਘ ਦੀ ਵਾਰਤਕ ਸ਼ੈਲੀ ਨੂੰ ਸਾਰਥਿਕ ਬਣਾ ਦਿੰਦਾ ਹੈ। ਇਸ ਤਰ੍ਹਾਂ ਉਸ ਦੀ ਵਾਰਤਕ ਨਿਰੀ ਸ਼ਬਦਾਂ ਦੀ ਸੁੰਦਰ ਘਾੜਤ ਹੀ ਨਹੀਂ ਰਹਿੰਦੀ ਸਗੋਂ ਇਹ ਪਾਠਕ ਦੇ ਗਿਆਨ ਵਿਚ ਵੀ ਵਾਧਾ ਕਰਦੀ ਹੈ।

ਨਿਬੰਧਕਾਰ ਵਿਚ ਸ੍ਵੈ-ਵਿਸ਼ਵਾਸ ਦਾ ਹੋਣਾ ਜ਼ਰੂਰੀ ਹੈ ਤਾਂ ਹੀ ਉਹ ਆਪਣੀ ਲਿਖਤ ਦੁਆਰਾ ਪਾਠਕ ਨੂੰ ਪ੍ਰਭਾਵਿਤ ਕਰ ਸਕਦਾ ਹੈ। ਵਿਸ਼ਾ ਭਾਵੇਂ ਕੋਈ ਵੀ ਹੋਵੇ, ਗੁਰਬਖ਼ਸ਼ ਸਿੰਘ ਜੋ ਗੱਲ ਵੀ ਕਰਦਾ ਹੈ, ਬੜੇ ਸ੍ਵੈ-ਵਿਸ਼ਵਾਸ ਨਾਲ ਕਰਦਾ ਹੈ। ਆਪਣਾ ਪੱਖ ਪੇਸ਼ ਕਰਨ ਸਮੇਂ ਉਸ ਅੰਦਰ ਕੋਈ ਮਾਨਸਿਕ ਉਲਾਰ ਨਹੀਂ ਹੁੰਦਾ। ਆਪਣੇ ਵਿਚਾਰ ਪ੍ਰਗਟ ਕਰਦਿਆਂ ਉਸ ਅੰਦਰ ਇਹ ਵਿਸ਼ਵਾਸ਼ ਹੁੰਦਾ ਹੈ ਕਿ ਜੋ ਕੁਝ ਉਹ ਕਹਿ ਰਿਹਾ ਹੈ ਠੀਕ ਹੈ ਤੇ ਉਸ ਦਾ ਪਾਠਕ ਉਸ ਨੂੰ ਗ੍ਰਹਿਣ ਕਰ ਲਵੇਗਾ। ਅਜਿਹੇ ਸ੍ਵੈ-ਵਿਸ਼ਵਾਸ ਨਾਲ 'ਖ਼ੁਸ਼ੀ' ਬਾਰੇ ਪਾਠਕਾਂ ਨੂੰ ਆਪਣੇ ਵਿਚਾਰ ਗੁਰਬਖਸ਼ ਸਿੰਘ ਨੇ ਇਸ ਤਰ੍ਹਾਂ ਦੱਸੇ ਹਨ :

> 'ਖ਼ੁਸ਼ੀ ਚੀਜ਼ਾਂ ਵਿਚ ਨਹੀਂ, ਸੁਆਦ ਵਿਚ ਹੈ, ਮਲਕੀਅਤ ਵਿਚ ਨਹੀਂ, ਮਾਣ ਸਕਣ ਵਿਚ ਹੈ, ਚੰਗੇ ਹਾਦਸਿਆਂ ਵਿਚ ਨਹੀਂ, ਉਨ੍ਹਾਂ ਦੇ ਸਾਡੇ ਉੱਤੇ ਪ੍ਰਤਿਕ੍ਰਮ ਵਿਚ ਹੈ[1]।'

ਵਾਰਤਕ ਦਾ ਕਾਰਜ ਵਿਸ਼ੇ-ਵਸਤੂ ਦਾ ਵਰਣਨ ਹੀ ਨਹੀਂ ਸਗੋਂ ਉਹ ਭਾਵ-ਭਰਪੂਰ ਹੋਣੀ ਚਾਹੀਦੀ ਹੈ ਅਤੇ ਉਸ ਵਿਚ ਪਾਠਕਾਂ ਦੇ ਭਾਵਾਂ ਨੂੰ ਟੁੰਬ ਕੇ ਜਗਾਉਣ ਦੀ ਸਮਰੱਥਾ ਹੋਣੀ ਜ਼ਰੂਰੀ ਹੈ। ਵਾਰਤਕ ਦਾ ਭਾਵ-ਪੂਰਨ ਹੋਣਾ ਹੀ ਉਸ ਨੂੰ ਆਮ ਲਿਖਤ ਨਾਲੋਂ ਨਿਖੇੜ ਕੇ 'ਸਾਹਿਤਿਕ ਵਾਰਤਕ' ਦੀ ਪਦਵੀ ਪ੍ਰਦਾਨ ਕਰਦਾ ਹੈ। ਜਿਹੜੀ ਵਾਰਤਕ ਪਾਠਕ ਦੇ ਭਾਵਾਂ ਨੂੰ ਉਤੇਜਿਤ ਕਰਕੇ ਉਸ ਅੰਦਰ ਜੀਵਨ ਦੀ ਨਵੀਂ ਰੌਅ ਉਤਪਨ ਨਹੀਂ ਕਰਦੀ ਤਾਂ ਅਜਿਹੀ ਲਿਖਤ ਚੰਗੀ ਸ਼ਬਦ-ਰਚਨਾ ਤਾਂ ਹੋ ਸਕਦੀ ਹੈ ਪਰ ਉੱਤਮ ਵਾਰਤਕ ਨਹੀਂ ਹੋ ਸਕਦੀ। ਚੰਗੀ ਵਾਰਤਕ ਉਹ ਹੀ ਹੋ ਸਕਦੀ ਹੈ ਜਿਸ ਦੇ ਪਾਠ ਸਮੇਂ ਲੇਖਕ ਤੇ ਪਾਠਕ ਇਕਸੁਰ ਹੋ ਜਾਣ। ਨਿਪੁੰਨ ਸ਼ੈਲੀਕਾਰ ਪਾਠਕ ਨਾਲ ਆਪਣੀ ਭਾਵਕ-ਸਾਂਝ ਜੋੜ ਲੈਂਦਾ ਹੈ ਤੇ ਇਸ ਤਰ੍ਹਾਂ ਉਹ ਪਾਠਕ ਦੇ ਭਾਵਾਂ ਨੂੰ ਟੁੰਬਣ ਵਿਚ ਸਫ਼ਲ ਹੋ ਜਾਂਦਾ ਹੈ। ਗੁਰਬਖ਼ਸ਼ ਸਿੰਘ ਅਜਿਹੀ ਕਲਾ ਵਿਚ ਪ੍ਰਬੀਨ ਹੈ। ਬੜੇ ਸ੍ਵੈ-ਭਰੋਸੇ ਨਾਲ ਆਪਣੇ ਪਾਠਕ ਨਾਲ ਗੱਲਾਂ ਕਰਦਿਆਂ ਉਹ ਉਸ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ। ਇਸ ਤਰ੍ਹਾਂ ਇਹ ਲਿਖਤ ਪਾਠਕ ਨੂੰ ਓਪਰੀ ਓਪਰੀ ਨਹੀਂ ਲਗਦੀ। ਪਾਠਕ ਤੇ ਲੇਖਕ ਦਾ ਰਿਸ਼ਤਾ ਗੂੜ੍ਹਾ ਹੋ ਜਾਂਦਾ ਹੈ ਤੇ ਉਹ ਇਕ ਦੂਜੇ ਵਿਚ ਰਚ ਮਿਚ ਜਾਂਦੇ ਹਨ। ਪਾਠਕ ਨਾਲ ਅਜਿਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਾਵਕ ਸਾਂਝ ਕਇਮ ਕਰਦਿਆਂ ਗੁਰਬਖ਼ਸ਼ ਸਿੰਘ ਪਾਠਕ ਦੇ ਵਿਅਕਤਿਤਵ ਨੂੰ ਹਮੇਸ਼ਾਂ ਆਪਣੇ ਨਾਲੋਂ ਉਚੇਰੀ ਪੱਧਰ ਉੱਤੇ ਰੱਖਦਾ ਹੈ। ਆਪਣੇ ਕੂਲੇ ਕੂਲੇ ਸ਼ਬਦਾਂ ਦੀਆਂ ਰੇਸ਼ਮੀ ਤੰਦਾਂ ਨਾਲ ਉਹ ਪਾਠਕ ਨੂੰ ਕੀਲ ਲੈਂਦਾ ਹੈ। ਉਸ ਦੀ ਅਜਿਹੀ ਵਾਰਤਕ-ਸ਼ੈਲੀ ਨੇ ਹੀ 'ਪ੍ਰੀਤ ਲੜੀ' ਦੇ ਪਾਠਕਾਂ ਦਾ ਘੇਰਾ ਮੋਕਲਾ ਕੀਤਾ ਹੈ। ਪਾਠਕ ਨਾਲ ਭਾਵਕ ਸਾਂਝ ਪੈਦਾ ਕਰਕੇ ਉਸ ਦੇ ਭਾਵਾਂ ਨੂੰ ਉਤੇਜਿਤ ਕਰਨਾ ਉਸ ਦੀ ਮਨੋਵਿਗਿਆਨਕ ਸੂਝ ਦਾ ਪ੍ਰਤਿਫਲ ਹੈ ਜੋ ਉਸ ਦੀ ਵਾਰਤਕ-ਸ਼ੈਲੀ ਨੂੰ ਗੁਣਵੰਤ ਬਣਾਉਂਦਾ ਹੈ।

ਬਫਨ ਦਾ ਕਥਨ—ਸ਼ੈਲੀ ਹੀ ਸ਼ਖ਼ਸੀਅਤ ਹੈ—ਗੁਰਬਖ਼ਸ਼ ਸਿੰਘ ਦੀ ਵਾਰਤਕ-ਸ਼ੈਲੀ ਉਤੇ ਪੂਰੀ ਤਰ੍ਹਾਂ ਢੁੱਕਦਾ ਹੈ। ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਤੇ ਸ਼ੈਲੀ ਇਕ ਦੂਜੇ ਵਿਚ ਘੁਲ ਮਿਲ ਗਏ ਹਨ। ਉਹ ਆਪ ਵੀ ਰੰਗੀਆਂ ਸ਼ਖ਼ਸੀਅਤਾਂ ਦਾ ਆਸ਼ਕ ਰਿਹਾ ਹੈ। ਉਸ ਦੀ ਰਚਨਾ ਵਿਚੋਂ ਉਸ ਦੀ ਆਪਣੀ ਸ਼ਖ਼ਸੀਅਤ ਦੀ ਝਲਕ ਪੈਂਦੀ ਹੈ। ਸ਼ਖ਼ਸੀਅਤ ਦਾ ਪ੍ਰਭਾਵ ਉਸ ਦੀ ਵਾਰਤਕ-ਸ਼ੈਲੀ ਨੂੰ ਮਹਾਨਤਾ ਬਖਸ਼ਦਾ ਹੈ। ਜਿਵੇਂ ਗੁਰਬਖ਼ਸ਼ ਸਿੰਘ ਨੇ ਆਪਣੇ ਜੀਵਨ ਵਿਚ ਆਈਆਂ ਕੁਝ ਉੱਚੀਆਂ ਸ਼ਖ਼ਸੀਅਤਾਂ ਦਾ ਪ੍ਰਭਾਵ ਗ੍ਰਹਿਣ ਕੀਤਾ ਹੈ ਉਸੇ ਤਰ੍ਹਾਂ ਉਸ ਦੀ ਸੁਹਜ-ਭਰਪੂਰ ਸ਼ਖ਼ਸੀਅਤ ਦਾ ਅਸਰ ਪੰਜਾਬੀ ਦੇ ਅਨੇਕਾਂ ਪਾਠਕਾਂ ਨੇ ਗੁਰਬਖ਼ਸ਼ ਸਿੰਘ ਦੀ ਵਾਰਤਕ ਦੇ ਮਾਧਿਅਮ ਦੁਆਰਾ ਗ੍ਰਹਿਣ ਕੀਤਾ ਹੈ। ਗੁਰਬਖ਼ਸ਼ ਸਿੰਘ ਦੀ ਲਿਖਤ ਦੇ ਇਕ ਇਕ ਸ਼ਬਦ ਵਿਚੋਂ ਉਸ ਦੀ ਸੁਹਜ ਭਰਪੂਰ ਸ਼ਖ਼ਸੀਅਤ ਝਲਕਾਂ ਮਾਰਦੀ ਹੈ।

ਗੁਰਬਖ਼ਸ਼ ਸਿੰਘ ਹਰ ਗੱਲ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਕਰਦਾ ਹੈ। ਉਸ ਦੀ ਲਿਖਤ ਵਿਚ ਅਭਿਵਿਅਕਤ ਵਿਚਾਰ ਬੜੀਆਂ ਸਾਰਥਿਕ ਦਲੀਲਾਂ ਨਾਲ ਪੁਸ਼ਤ ਹੁੰਦੇ ਹਨ। ਯੋਗ ਉਦਾਹਰਣਾਂ ਨਾਲ ਉਹ ਆਪਣਾ ਪੱਖ ਸਪੱਸ਼ਟ ਕਰਦਾ ਹੈ। ਅਜਿਹੀ ਵਿਧੀ ਦੁਆਰਾ ਪ੍ਰਗਟ ਕੀਤੇ ਗਏ ਵਿਚਾਰ ਪਾਠਕ ਦੇ ਮਨ ਉੱਤੇ ਬੜਾ ਤੀਖਣ ਪ੍ਰਭਾਵ ਪਾਉਂਦੇ ਹਨ। "ਪਰਮ ਮਨੁੱਖ" ਵਿਚ ਜੋ ਤੱਤ ਗੁਰਬਖ਼ਸ਼ ਸਿੰਘ ਨੇ ਪਾਠਕਾਂ ਸਾਹਮਣੇ ਲਿਆਂਦੇ ਹਨ, ਜੇ ਇਨ੍ਹਾਂ ਵਿਚ ਦਲੀਲ ਦਾ ਅੰਸ਼ ਨਾ ਹੁੰਦਾ ਤਾਂ ਇਹ ਲਿਖਤ ਕਿਸੇ ਨਾਸਤਕ ਦੀ ਗੁਰੂ ਸਾਹਿਬਾਨ ਬਾਰੇ ਕੀਤੀ ਨੁਕਤਾਚੀਨੀ ਬਣ ਕੇ ਰਹਿ ਜਾਂਦੀ। ਗੁਰੂ ਗੋਬਿੰਦ ਸਿੰਘ ਨੂੰ 'ਪਰਮ ਮਨੁੱਖ' ਨਾਲ ਸੰਬੋਧਨ ਕਰਨ ਲਈ ਉਸ ਨੇ ਇਹ ਦਲੀਲ ਦਿੱਤੀ ਹੈ :

> 'ਗੁਰੂ ਸਾਹਿਬ ਨੂੰ ਮੈਂ ਅਵਤਾਰ ਨਹੀਂ ਆਖਿਆ—ਅਵਤਾਰ ਕਿਸੇ ਬਾਹਰਲੀ ਤਾਕਤ ਦੀ ਚੋਣ ਨਾਲ ਹੀ ਕੋਈ ਬਣਦਾ ਹੋਵੇਗਾ ਪਰ ਮਨੁੱਖ ਕੋਈ ਆਪਣੇ ਗਿਆਨ, ਪ੍ਰੇਮ ਤੇ ਬੀਰਤਾ ਨਾਲ ਹੀ ਬਣ ਸਕਦਾ ਹੈ—ਗੁਰੂ ਗੋਬਿੰਦ ਸਿੰਘ ਨੇ ਇਕਤਾਲੀ ਵਰ੍ਹੇ ਦੀ ਛੋਟੀ ਜਿੰਨੀ ਉਮਰ ਵਿਚ ਗਿਆਨ, ਪ੍ਰੇਮ ਤੇ ਬੀਰਤਾ ਵਿਚ ਪਰਮ ਮਨੁੱਖ ਹੋਣ ਦਾ ਰੁਤਬਾ ਹਾਸਲ ਕਰ ਲਿਆ। ਅਵਤਾਰ ਇਤਿਹਾਸ ਵਿਚ ਅਨੇਕਾਂ, ਪਰਮ ਮਨੁੱਖ ਵਿਰਲੇ ਹਨ'।[2]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਖ਼ਸ਼ ਸਿੰਘ ਦੀ ਵਾਰਤਕ ਵਿਚ ਜੀਵਨ ਵਿਚੋਂ ਲਈਆਂ ਨਿੱਕੀਆਂ ਨਿੱਕੀਆਂ ਦਿਲਚਸਪ ਘਟਨਾਵਾਂ ਦੀ ਹੋਂਦ ਹੁੰਦੀ ਹੈ ਜੋ ਵਾਰਤਕ ਵਿਚ ਕਹਾਣੀ-ਰਸ ਪੈਦਾ ਕਰਕੇ ਉਸ ਦੀ ਰੌਚਕਤਾ ਵਿਚ ਵਾਧਾ ਕਰਦੀ ਹੈ। ਕਹਾਣੀ ਦੀ ਇਹ ਹੋਂਦ ਲੇਖਕ ਦੇ ਵਿਚਾਰਾਂ ਦੀ ਪੁਸ਼ਟੀ ਕਰਨ ਵਿਚ ਸਹਾਈ ਹੁੰਦੀ ਹੈ। ਕਈ ਵਾਰ ਤਾਂ ਉਸ ਦੇ ਹਲਕੇ ਫੁਲਕੇ ਲੇਖ ਕਹਾਣੀਆਂ ਵਰਗੇ ਹੀ ਜਾਪਦੇ ਹਨ। ਉਹ ਆਪਣੇ ਜੀਵਨ ਦੀਆਂ ਅਭੁੱਲ ਯਾਦਾਂ ਨੂੰ ਆਪਣੀ ਲਿਖਤ ਵਿਚ ਸਮੋ ਕੇ ਪਾਠਕਾਂ ਦੇ ਸਾਹਮਣੇ ਲੈ ਆਉਂਦਾ ਹੈ ਜੋ ਆਪਣੇ ਆਪ ਵਿਚ ਕਹਾਣੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਨ੍ਹਾਂ ਅਭੁੱਲ ਯਾਦਾਂ ਵਿਚੋਂ ਉਭਰਦੇ ਅਭੁੱਲ ਚਿਹਰੇ ਕਿਸੇ ਕਹਾਣੀ ਦੇ ਪਾਤਰਾਂ ਵਾਂਗ ਉਭਰਦੇ ਹਨ। ਉਸ ਦੇ ਕਈ ਨਿਬੰਧ ਪਾਤਰ-ਪ੍ਰਧਾਨ ਹਨ। ਵਾਰਤਕ ਦਾ ਸਾਰਾ ਤਾਣਾ-ਬਾਣਾ ਜੀਵਨ ਦੀਆਂ ਕਈ ਘਟਨਾਵਾਂ ਦੁਆਲੇ ਬੁਣਿਆਂ ਹੋਣ ਕਰਕੇ ਉਸ ਵਿਚ ਰੌਚਕਤਾ ਆ ਜਾਂਦੀ ਹੈ।

ਗੁਰਬਖ਼ਸ਼ ਸਿੰਘ ਨੂੰ ਸ਼ਬਦਾਂ ਦਾ ਜਾਦੂਗਰ ਕਿਹਾ ਜਾਂਦਾ ਹੈ। ਸ਼ਬਦਾਂ ਦੀ ਚੋਣ ਕਰਨ ਵਿਚ ਉਹ ਬੜੀ ਉਚੇਚ ਕਰਦਾ ਹੈ। ਕੋਈ ਸ਼ਬਦ ਭੇਦਵਾ ਜਾਂ ਵਾਧੂ ਨਹੀਂ ਜਾਪਦਾ। ਉਸ ਦੀ ਰਚਨਾ ਦੇ ਸ਼ਬਦ ਲਿਸ਼ਕੇ, ਮਾਂਜੇ ਤੇ ਖ਼ੂਬਸੂਰਤ ਹੁੰਦੇ ਹਨ। ਉਹ ਹਰ ਸ਼ਬਦ ਨੂੰ ਠੀਕ ਥਾਂ ਸਿਰ ਵਰਤਣਾ ਜਾਣਦਾ ਹੈ। ਉਹ ਗ਼ੈਰ-ਪੰਜਾਬੀ ਸ਼ਬਦਾਂ ਨੂੰ ਵੀ ਆਪਣੀ ਲਿਖਤ ਵਿਚ ਇਸ ਤਰ੍ਹਾਂ ਸਮੋ ਲੈਂਦਾ ਹੈ ਕਿ ਉਹ ਓਪਰੇ ਓਪਰੇ ਨਹੀਂ ਜਾਪਦੇ। ਨਵੇਂ ਸ਼ਬਦ ਘੜਣ ਵਿਚ ਵੀ ਉਹ ਨਿਪੁੰਨ ਹੈ। ਕਈ ਅੰਗਰੇਜ਼ੀ ਸ਼ਬਦਾਂ ਦਾ ਬੜਾ ਖ਼ੂਬਸੂਰਤ ਅਨੁਵਾਦ ਵੀ ਉਸ ਨੇ ਕੀਤਾ ਹੈ। ਸੁਹਣੇ ਸੁਹਣੇ ਤੇ ਵੰਨ ਸਵੰਨੇ ਸ਼ਬਦ ਲੈ ਕੇ ਉਹ ਬੜੇ ਸੁੰਦਰ ਵਾਕ ਬਣਾਉਂਦਾ ਹੈ ਜੋ ਚਟਪਟੇ, ਚੁਸਤ ਤੇ ਤੇਜ਼ ਵਹਾ ਵਾਲੇ ਹੁੰਦੇ ਹਨ, ਜਿਨ੍ਹਾਂ ਨੂੰ ਪੜ੍ਹ ਰਿਹਾ ਪਾਠਕ ਆਪਾ ਭੁੱਲ ਕੇ ਉਨ੍ਹਾਂ ਭਾਵਾਂ ਤੇ ਵਹਿਣ ਵਿਚ ਹੀ ਵਹਿ ਤੁਰਦਾ ਹੈ। ਉਸ ਦੀ ਵਾਕ-ਰਚਨਾ ਕਿਸੇ ਪ੍ਰਬੀਨ ਕਲਾਕਾਰ ਦੇ ਉਲੀਕੇ ਦਿਲਕਸ਼ ਚਿੱਤਰਾਂ ਵਾਂਗ ਜਾਪਦੀ ਹੈ। ਕੌਲਰਿਜ ਦਾ ਕਥਨ --ਵਧੀਆ ਸ਼ਬਦ ਵਧੀਆ ਕ੍ਰਮਾਨੁਸਾਰ— ਗੁਰਬਖ਼ਸ਼ ਸਿੰਘ ਦੀ ਵਾਰਤਕ ਸ਼ੈਲੀ ਉਤੇ ਪੂਰੀ ਤਰ੍ਹਾਂ ਢੁਕਦਾ ਹੈ। ਸ਼ਬਦਾਂ ਦੀ ਚੋਣ ਤੇ ਵਾਕ ਬਣਤਰ ਦਾ ਇਕ ਨਮੂਨਾ ਵੇਖੋ :

> 'ਇਹ ਕੋਈ ਰੱਬ ਦਾ ਅਕਾਰਹੀਣ ਰੂਪ ਨਹੀਂ, ਇਹ ਮਨੁੱਖਤਾ ਦਾ ਲਹੂ-ਨਿਘਾ ਸਰੀਰ ਹੈ। ਇਹਦੇ ਵਿਚ ਬੱਚਿਆਂ ਦਾ ਪਿਆਰ ਹੈ, ਪਤਨੀ ਲਈ ਪ੍ਰੇਮ ਹੈ, ਮਾਤਾ ਲਈ ਸਤਿਕਾਰ ਹੈ, ਸਾਥੀਆਂ ਲਈ ਵਫ਼ਾ ਹੈ, ਮਨੁੱਖਤਾ ਲਈ ਦਰਦ ਹੈ, ਜੀਵਨ ਲਈ ਜੋਸ਼ ਹੈ, ਗੁਲਾਮੀ ਲਈ ਘਿਰਣਾ ਹੈ, ਜ਼ੁਲਮ ਲਈ ਤਲਵਾਰ ਹੈ, ਹੁਨਰ ਲਈ ਕਦਰ ਹੈ, ਰੂਪ ਲਈ ਰਸ ਹੈ, ਇਨਸਾਫ਼ ਲਈ ਕੁਰਬਾਨੀ ਹੈ'।[3]

ਵਾਰਤਕ ਵਿਚ ਆਮ ਤੌਰ ਤੇ ਰੁੱਖਾਪਨ ਜਿਹਾ ਆ ਜਾਂਦਾ ਹੈ, ਜਿਸ ਕਰਕੇ ਪਾਠਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਤੋਂ ਛੇਤੀ ਹੀ ਅੱਕ ਜਾਂਦਾ ਹੈ। ਗੁਰਬਖ਼ਸ਼ ਸਿੰਘ ਦੀ ਵਾਰਤਕ ਵਿਚੋਂ ਕਵਿਤਾ ਵਾਂਗ ਅਨੂਠੇ ਰਸ ਦੀ ਫੁਹਾਰ ਪੈਂਦੀ ਹੈ। ਉਸ ਦੀ ਵਾਰਤਕ ਦਾ ਸੁਭਾ ਕਵਿਤਾ ਨਾਲ ਮਿਲਦਾ ਜੁਲਦਾ ਹੈ। ਉਸ ਦੀ ਵਾਰਤਕ ਵਿਚ ਕਵਿਤਾ ਵਰਗੀ ਸੰਗੀਤਕਤਾ ਹੈ। ਅਲੰਕਾਰ ਭਾਵੇਂ ਕਵਿਤਾ ਦਾ ਸ਼ਿੰਗਾਰ ਹਨ ਪਰ ਗੁਰਬਖ਼ਸ਼ ਸਿੰਘ ਨੇ ਵਾਰਤਕ ਦੇ ਵਾਕਾਂ ਨੂੰ ਵੀ ਅਲੰਕਾਰਾਂ ਨਾਲ ਸਜਾਇਆ ਹੈ। ਆਪਣੀ ਦਾਦੀ ਜੀ ਬਾਰੇ ਉਸ ਨੇ ਬੜੀ ਅਲੰਕ੍ਰਿਤ ਸ਼ੈਲੀ ਦਾ ਪ੍ਰਯੋਗ ਕੀਤਾ ਹੈ, ਜਿਵੇਂ :

> 'ਇਹ ਖੁਸ਼ ਹਨ, ਬੜੇ ਖੁਸ਼, ਜੀਕਰ ਸੁਨਹਿਰੀ ਕਿਰਨਾਂ ਚੁੰਮਿਆਂ ਕੰਵਲ। ਇਹ ਕੋਮਲ ਹਨ, ਬੜੇ ਕੋਮਲ, ਉਸ ਨਿੱਕੀ ਨਦੀ ਵਾਂਗ ਜਿਹੜੀ ਮਹਿਕਦੇ ਬਾਗ਼ ਦੇ ਖਿੜਦੇ ਬੂਟਿਆਂ ਨੂੰ ਛੂੰਹਦੀ ਵਗਦੀ ਜਾਂਦੀ ਹੈ'।[4]

ਸ਼ਬਦਾਂ ਦਾ ਜਾਦੂਗਰ ਗੁਰਬਖ਼ਸ਼ ਸਿੰਘ ਬੜੇ ਸੁੰਦਰ ਦ੍ਰਿਸ਼ਟਾਂਤ ਦੇ ਕੇ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦਾ ਹੈ। ਇਹ ਦ੍ਰਿਸ਼ਟਾਂਤ ਰਵਾਇਤੀ ਨਹੀਂ ਸਗੋਂ ਲੇਖਕ ਦੀ ਆਪਣੀ ਮੌਲਿਕ ਕਲਪਨਾ ਦੀ ਸਿਰਜਨਾ ਹੁੰਦੇ ਹਨ। ਅਜਿਹੀ ਇਕ ਉਦਾਹਰਣ ਵੇਖੋ :

> 'ਜ਼ਿੰਦਗੀ ਨੂੰ ਪੁਰਾਣੇ ਸ਼ਿਵਾਲਿਆਂ ਅੰਦਰ ਪੁਰਾਣੇ ਬੁੱਤਾਂ ਦੀ ਪੂਜਾ ਵਿਚ ਗੁਜ਼ਰਨਾ ਏਸ ਤਰ੍ਹਾਂ ਹੈ ਜਿਸ ਤਰ੍ਹਾਂ ਰੇਲ ਦੀ ਪੁਰਾਣੀ ਵਕਤ-ਸੂਚੀ ਵਿਚੋਂ ਆਪਣੇ ਸਫ਼ਰ ਲਈ ਲੋੜੀਂਦੀਆਂ ਗੱਡੀਆਂ ਦੇ ਵਕਤ ਵੇਖਣੇ'।[5]

ਗੁਰਬਖ਼ਸ਼ ਸਿੰਘ ਦੇ ਹਾਵ-ਭਾਵ ਤਾਂ ਕਵੀਆਂ ਵਾਲੇ ਸਨ ਪਰ ਇਨ੍ਹਾਂ ਦੀ ਅਭਿ-ਵਿਅਕਤੀ ਲਈ ਉਸ ਨੇ ਵਾਰਤਕ ਦਾ ਮਾਧਿਅਮ ਅਪਣਾਇਆ ਹੈ। ਹੋਣਾ ਤਾਂ ਉਹ ਕਵੀ ਚਾਹੀਦਾ ਸੀ ਪਰ ਬਣ ਗਿਆ ਉਹ ਵਾਰਤਕ ਲੇਖਕ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰਬਖ਼ਸ਼ ਸਿੰਘ ਨੇ ਪੰਜਾਬੀ ਵਾਰਤਕ ਨੂੰ ਇਕ ਸੀਮਿਤ ਜਿਹੇ ਘੇਰੇ ਵਿਚੋਂ ਕੱਢ ਕੇ ਇਸ ਨੂੰ ਜ਼ਿੰਦਗੀ ਦੇ ਵਿਸ਼ਾਲ ਘੇਰੇ ਵਿਚ ਲਿਆ ਕੇ ਇਸ ਦੇ ਰੰਗ-ਰੂਪ ਨੂੰ ਨਿਖ਼ਾਰਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ। ਸੁਹਜ-ਭਰਪੂਰ ਵਾਰਤਕ-ਸ਼ੈਲੀ ਪ੍ਰਦਾਨ ਕਰਕੇ ਗੁਰਬਖ਼ਸ਼ ਸਿੰਘ ਨੇ ਪੰਜਾਬੀ ਭਾਸ਼ਾ ਦਾ ਗੌਰਵ ਵਧਾਇਆ ਹੈ। ਸ਼ਬਦਾਂ ਦਾ ਇਹ ਜਾਦੂਗਰ ਭਾਵੇਂ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਹੈ ਪਰ ਉਸ ਦੇ ਪਾਠਕ ਉਸ ਦੀ ਉੱਚੀ ਤੇ ਸੁਚੀ ਸ਼ਖ਼ਸੀਅਤ ਨੂੰ ਉਸ ਦੇ ਇਕ ਇਕ ਸ਼ਬਦ ਵਿਚੋਂ ਢੂੰਡ ਲੈਣਗੇ—ਉਸ ਦੀ ਸੁਹਜ-ਭਰਪੂਰ ਵਾਰਤਕ ਸ਼ੈਲੀ ਦੀ ਆਭਾ ਸਦਾ ਬਣੀ ਰਹੇਗੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਹਵਾਲੇ ਅਤੇ ਟਿੱਪਣੀਆਂ

1. 'ਸੁਖਾਵੀਂ ਸੁਧਰੀ ਜ਼ਿੰਦਗੀ', ਚੌਥੀ ਵਾਰ, 1955, ਪੰਨਾ 23.
2. 'ਪਰਮ ਮਨੁੱਖ', ਦਸਵੀਂ ਵਾਰ, 1969, ਪੰਨਾ 111.
3. ਉਹੀ, ਪੰਨਾ 88.
4. 'ਮੇਰੀ ਜੀਵਨ ਕਹਾਣੀ', 1959, ਪੰਨਾ 261.
5. 'ਨਵਾਂ ਸ਼ਿਵਾਲਾ', ਪੰਜਵੀਂ ਵਾਰ, 1968, ਪੰਨਾ 7.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰਬਚਨ ਸਿੰਘ ਸਹਿੰਸਰਾ ਦੀ ਵਾਰਤਕ ਸ਼ੈਲੀ

'ਉਹ ਵੀ ਦਿਨ ਸਨ' ਮਹਾਨ ਦੇਸ਼-ਭਗਤ ਤੇ ਪੰਜਾਬੀ ਸਾਹਿੱਤਕਾਰ ਗੁਰਚਰਨ ਸਿੰਘ ਸਹਿੰਸਰਾ ਦੀ ਉਹ ਗੱਦ-ਰਚਨਾ ਹੈ ਜਿਸ ਵਿਚ ਉਸ ਨੇ ਦੇਸ਼ ਦੀ ਸਵਤੰਤਰਤਾ ਲਈ ਕੀਤੇ ਗਏ ਸੰਘਰਸ਼ ਵਿਚ ਆਪਣੇ ਤੇ ਵਿਸ਼ਾਲ ਰੂਪ ਵਿਚ ਕਿਰਤੀ ਕਿਸਾਨ ਪਾਰਟੀ ਦੇ ਯੋਗਦਾਨ ਦਾ ਵਰਣਨ ਕੀਤਾ ਹੈ। ਨਿਰਸੰਦੇਹ ਇਸ ਪੁਸਤਕ ਦਾ ਵਿਸ਼ਾ ਬੜਾ ਉੱਤਮ ਹੈ ਪਰ ਇਸ ਵਿਚੋਂ ਗੁਰਚਰਨ ਸਿੰਘ ਸਹਿੰਸਰਾ ਦੀ ਮੌਲਿਕ ਤੇ ਸ੍ਰੇਸ਼ਟ ਵਾਰਤਕ-ਸ਼ੈਲੀ ਦੇ ਦਰਸ਼ਨ ਵੀ ਹੁੰਦੇ ਹਨ। ਇਸ ਨਿਬੰਧ ਵਿਚ ਅਸੀਂ ਗੁਰਚਰਨ ਸਿੰਘ ਸਹਿੰਸਰਾ ਦੀ ਵਾਰਤਕ-ਸ਼ੈਲੀ ਦਾ ਵਿਸ਼ਲੇਸ਼ਣ 'ਉਹ ਵੀ ਦਿਨ ਸਨ' ਦੇ ਸੰਦਰਭ ਵਿਚ ਹੀ ਕਰਨ ਦਾ ਯਤਨ ਕਰਦੇ ਸਨ।

### ਭਾਸ਼ਾ

ਲੇਖਕ ਦੀ ਭਾਸ਼ਾ ਸਰਲ, ਸਪਸ਼ਟ ਅਤੇ ਪ੍ਰਭਾਵਸ਼ਾਲੀ ਹੈ। ਉਸ ਨੂੰ ਸ਼ਬਦਾਂ ਦਾ ਜਾਦੂਗਰ ਤਾਂ ਭਾਵੇਂ ਨਹੀਂ ਕਿਹਾ ਜਾ ਸਕਦਾ ਪਰ ਕਾਲਰਿਜ ਦਾ ਕਥਨ-ਵਧੀਆ ਸ਼ਬਦ ਵਧੀਆ ਕ੍ਰਮਨੁਸਾਰ (Best Words in Best Order--Coleridge) ਉਸ ਦੀ ਭਾਸ਼ਾ ਉੱਤੇ ਬਿਲਕੁਲ ਢੁਕਦਾ ਹੈ। ਭਾਵੇਂ ਉਸ ਨੇ ਕੇਂਦਰੀ ਸਾਹਿੱਤਕ ਪੰਜਾਬੀ ਦਾ ਪ੍ਰਯੋਗ ਹੀ ਕੀਤਾ ਹੈ ਪਰ ਇਸ ਵਿਚ ਅੰਗ੍ਰੇਜ਼ੀ ਤੇ ਉਰਦੂ-ਫ਼ਾਰਸੀ ਦੀ ਸ਼ਬਦਾਵਲੀ ਵੀ ਵਿਦਮਾਨ ਹੈ। ਅੰਗ੍ਰੇਜ਼ੀ ਦੇ ਸ਼ਬਦ ਬਹੁਤੇ ਨਹੀਂ, ਸਿਰਫ਼ ਕੋਈ ਕੋਈ ਸ਼ਬਦ ਉਸੇ ਰੂਪ ਵਿਚ ਹੀ ਵਰਤਿਆ ਹੈ ਜਿਸ ਰੂਪ ਵਿਚ ਉਹ ਲੋਕ-ਭਾਸ਼ਾ ਦਾ ਅੰਗ ਬਣ ਚੁੱਕਾ ਹੈ। ਜਿਵੇਂ ਐਜੀਟੇਸ਼ਨ, ਲੀਗ ਆਦਿ। ਉਰਦੂ-ਫਾਰਸੀ ਦੇ ਸ਼ਬਦ ਕਾਫ਼ੀ ਹਨ, ਜਿਵੇਂ ਅਹਿਮਕ, ਮੁਦਾਖ਼ਲਤ, ਰਫ਼ਤਾਰ, ਖ਼ੈਰ-ਖੈਰੀਅਤ, ਬੰਦੋਬਸਤ, ਨਖ਼ਸਮੇ, ਮੁਖ਼ਬਰ, ਵਾਕਫੀਅਤ, ਫਰਿਸ਼ਤ, ਮਕਸਦ, ਖਿਲਾਫਤਾਂ (ਸੂਬਿਆਂ), ਜ਼ਖੀਰਾਂ, ਨਿਹਮਤ, ਸੁਰਖ਼ਰੂ, ਕਿਸਮਤ, ਹਕੀਕੀ, ਤੌਖਲਾ, ਰਬ-ਤਵਕਲੀ, ਤਜ਼ਰਬੇ, ਹੈਸੀਅਤ, ਖਿਲਾਫ਼, ਮਫਰੂਰ, ਇਕਬਾਲ, ਸਾਜਿਸ਼, ਖ਼ੁਦਾ-ਤਰਸੀ ਆਦਿ। ਕਈ ਵਾਰ ਲੇਖਕ ਪੰਜਾਬੀ ਤੇ ਫ਼ਾਰਸੀ ਦੇ ਸ਼ਬਦਾਂ ਦਾ ਸਮਾਸ ਵੀ ਘੜ ਲੈਂਦਾ ਹੈ, ਜਿਵੇਂ—'ਤਫਤੀਸ਼ੀ-ਕੇਂਦਰ'। ਇਸੇ ਤਰ੍ਹਾਂ ਦਾ ਇਕ ਹੋਰ ਸਮਾਜ ਹੈ—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਸਲਾਹ-ਮਸ਼ਵਰਾ' ।

ਭਾਸ਼ਾ ਦੀ ਅਮੀਰੀ ਅਖਾਉਂਤਾਂ ਅਤੇ ਮੁਹਾਵਰਿਆਂ ਦੇ ਸੁਚੱਜੇ ਤੇ ਵਿਆਪਕ ਪ੍ਰਯੋਗ ਦੁਆਰਾ ਪ੍ਰਗਟ ਹੁੰਦੀ ਹੈ ਜਿਸ ਦੇ ਫਲਸਰੂਪ ਭਾਸ਼ਾ ਬੜੀ ਪ੍ਰਭਾਵਸ਼ਾਲੀ ਅਤੇ ਵਿਅੰਜਨਾ-ਭਰਪੂਰ ਬਣ ਗਈ ਹੈ । ਕੁਝ ਅਖਾਉਂਤਾਂ ਹਨ— ਘਰ ਦੇ ਭਾਗ ਡਿਉੜੀਓਂ ਦਿਸ ਪੈਂਦੇ ਹਨ, ਤੇਲ ਤੇ ਤੇਲ ਦੀ ਧਾਰ ਵੇਖੋ, ਫਸੀ ਨੂੰ ਫਟਕਣ ਕਾਹਦਾ, ਕੀਹਦੀ ਮਾਂ ਨੂੰ ਮਾਸੀ ਆਖਾਂ ਆਦਿ । ਅਖਾਉਂਤਾਂ ਨੂੰ ਕੁਝ ਪਰਿਵਰਤਨ ਕਰਕੇ ਵੀ ਵਰਤਿਆ ਗਿਆ ਹੈ । ਆਸਮਾਨ ਤੋਂ ਡਿੱਗਿਆ ਖਜੂਰ ਵਿਚ ਅਟਕਿਆ ਦੇ ਅੰਗ੍ਰੇਜ਼ੀ ਰੂਪਾਂਤਰ ਪਤੀਲੇ ਤੋਂ ਬਚ ਕੇ ਅੱਗ ਵਿਚ ਡਿੱਗਿਆ (Out of the frying pan into the fire) ਨੂੰ ਤੰਦੂਰ ਤੋਂ ਬਚ ਕੇ ਭੱਠੀ ਵਿਚ ਡਿੱਗਿਆ ਦੇ ਰੂਪ ਵਿਚ ਵਰਤਿਆ ਹੈ । ਇਸੇ ਤਰ੍ਹਾਂ 'ਲੱਲੂ ਕਰੇ ਕਵੱਲੀਆਂ ਰੱਬ ਸਿੱਧੀਆਂ ਪਾਵੇ' ਦੀ ਥਾਂ 'ਲੱਲੂ ਕਰੇ ਕਵੱਲੀਆਂ ਸਮਾਂ ਸਿੱਧੀਆਂ ਪਾਵੇ' ਅਖਾਉਤ ਦਾ ਪ੍ਰਯੋਗ ਕੀਤਾ ਹੈ ।

ਭਾਸ਼ਾ ਵਿਚ ਮੁਹਾਵਰਿਆਂ ਦੀ ਮਿਕਦਾਰ ਕਾਫ਼ੀ ਹੈ । ਥਾਂ ਥਾਂ ਢੁਕਵੇਂ ਮੁਹਾਵਰਿਆਂ ਦਾ ਪ੍ਰਯੋਗ ਕੀਤਾ ਗਿਆ ਹੈ, ਜਿਵੇਂ— ਮੂੰਹ ਤੇ ਜੰਦਰਾ ਵੱਜਣਾ, ਘਿਓ ਦੇ ਕੁੱਪੇ ਰੁੜ੍ਹਣਾ, ਢਾਹ ਲੱਗਣਾ, ਸੜ ਬਲ ਕੇ ਕੋਲੇ ਹੋਣਾ, ਲੋਹਾ ਲਾਖਾ ਹੋਣਾ, ਬੰਦੇ ਦਾ ਪੁੱਤ ਬਣਨਾ, ਰਾਣੀ ਖਾਂ ਦੀ ਪਰਵਾਹ ਨਾ ਕਰਨਾ, ਕੜੀ ਘੋਲਣਾ, ਲੋਹਾ ਲੈਣਾ, ਘੇਸਲ ਮਾਰਨਾ, ਨੱਕ ਹੇਠ ਨਾ ਲਿਆਉਣਾ, ਭੂੰਡਾਂ ਦੀ ਖੱਖਰ, ਆਸ ਦਾ ਤੀਲਾ, ਤੌਰ ਭੌਰ ਹੋਣਾ, ਕਲੰਕ ਦਾ ਟਿੱਕਾ, ਆਸਾਂ ਤੇ ਪਾਣੀ ਫਿਰਨਾ, ਕਰੂਰਾ ਮਿਲਣਾ, ਨਿਉਲੀ ਵੱਟਣਾ, ਚਾਰੇ ਕੰਨੀਆਂ ਝਾੜਣਾ, ਕਾਂ ਵੱਟੀ ਫਿਰ ਜਾਣੀ, ਸਿਰ ਤਲੀ ਤੇ ਰੱਖਣਾ, ਸੱਤੇ ਖੈਰਾਂ, ਮੂੰਹ ਨਾ ਲਾਉਣਾ, ਸੌਂਕਣਾਂ ਵਾਂਗ ਲੜਣਾ, ਲੂਤੀ ਲਾਉਣਾ, ਗੋਡਾ ਨਿਵਾਉਣਾ, ਕੁੱਤਾ ਕੰਮ, ਅੱਖਾਂ ਵਿਚ ਘੱਟਾ ਪਾਉਣਾ, ਚੂਹੇ ਬਿੱਲੀ ਦੀ ਖੇਡ, ਕੁੱਤੇ ਮੱਖੀ ਬਣਨਾ, ਲੂੰਬੜ ਕੁੱਤਾ ਹੋਣਾ, ਠਠਿਆਰਾਂ ਦੇ ਕਬੂਤਰ ਬਣਨਾ, ਔਂਤਰ ਸੌਂਤਰ ਕਰਨਾ, ਦਾਦੇ ਦਾੜ੍ਹੀ ਹੱਗਣਾ, ਖੁੰਭ ਖੱਪਣਾ, ਬੇਰੰਗ ਮੁੜਣਾ ਆਦਿ ।

## ਹਾਸ-ਰਸ ਤੇ ਵਿਅੰਗ

ਹਾਸ-ਰਸ ਤੇ ਵਿਅੰਗ ਗੁਰਚਰਨ ਸਿੰਘ ਸਹਿੰਸਰਾ ਦੀ ਵਾਰਤਕ-ਸ਼ੈਲੀ ਦਾ ਅਤਿ ਮਹੱਤਵਪੂਰਨ ਤੱਤ ਹੈ । ਉਹ ਆਪਣੇ ਵਿਚਾਰਾਂ ਨੂੰ ਹਾਸ-ਰਸ ਤੇ ਵਿਅੰਗ ਦੀ ਚਾਸ਼ਨੀ ਵਿਚ ਡਬੋਕੇ ਪੇਸ਼ ਕਰਨ ਵਿਚ ਨਿਪੁੰਨ ਹੈ । ਲੇਖਕ ਦੇ ਪਿੰਡ ਵਿਚ ਜਥੇ ਦਾ ਸਵਾਗਤ ਕੀਤਾ ਜਾਂਦਾ ਹੈ । 'ਜ਼ੈਲਦਾਰ ਤੇ ਲੇਖਕ ਦੇ ਤਾਇਆ ਜੀ ਦੇ ਪ੍ਰਤਿਕ੍ਰਮ ਅਤੇ ਉਨ੍ਹਾਂ ਦੀ ਮਨੋਦਸ਼ਾ ਨੂੰ ਲੇਖਕ ਨੇ ਬੜੇ ਵਿਅੰਗਾਤਮਕ ਰੂਪ ਵਿਚ ਪ੍ਰਗਟ ਕੀਤਾ ਹੈ । ਲੇਖਕ ਦੇ ਕਥਨ ਅਨੁਸਾਰ, ਜ਼ੈਲਦਾਰ ਤੇ ਤਾਇਆ ਜੀ ਦੇ ਜਾਣੋਂ ਘਿਓ ਦੇ ਕੁੱਪੇ ਰੁੜ੍ਹ ਗਏ । ਘਰੋਂ ਹੀ ਢਾਹ ਲੱਗ ਜਾਣ ਕਰਕੇ ਤਾਇਆ ਜੀ ਦੀਆਂ ਅੱਖਾਂ ਗੋਲੀਆਂ ਭਰੀ ਦੁਨਾਲੀ ਵਾਂਗ ਮੇਰੇ ਵੱਲ ਸਿੱਧੀਆਂ ਹੋਈਆਂ । ਉਨ੍ਹਾਂ ਵਿਚ ਗੋਲੀ ਨਾਲੋਂ ਵੀ ਜ਼ਿਆਦਾ ਮਾਰੂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿਰ ਤੇ ਗੁੱਸਾ ਸੀ । ਜ਼ੈਲਦਾਰ ਹਾਰ ਹੋਏ ਜਵਾਰੀਏ ਵਾਂਗ ਸਿਰ ਸੁੱਟ ਬੈਠਾ'।[1] ਇਸੇ ਤਰ੍ਹਾਂ ਜੇਲ੍ਹ ਵਿਚ ਕੈਦੀਆਂ ਦੀ ਗਿਣਤੀ ਕਰਨ ਦੀ ਵਿਧੀ ਦਾ ਵਰਣਨ ਵੀ ਲੇਖਕ ਨੇ ਬੜੇ ਵਿਅੰਗਾਤਮਕ ਸਵਰ ਵਿਚ ਹੀ ਕੀਤਾ ਹੈ, ਜਿਵੇਂ 'ਦਰਬਾਨ ਨੇ ਸਾਨੂੰ ਵਾੜੇ ਵਿਚ ਵੜ ਰਹੀਆਂ ਭੇਡਾਂ ਵਾਂਗ ਲੰਘਦਿਆਂ ਨੂੰ ਮੋਢੇ ਤੇ ਹੱਥ ਲਾ ਲਾ ਗਿਣ ਲਿਆ'।[2] ਮਨਸੂਰ ਦੀ ਸੀ. ਆਈ. ਡੀ. ਨਾਲ ਮੁਖਬਰੀ ਕਾਰਣ ਲੇਖਕ ਨੇ ਉਸ ਦਾ ਚਿੱਤਰ ਵਿਅੰਗਾਤਮਕ ਛੋਹ ਦੇ ਕੇ ਉਲੀਕਿਆ ਹੈ। 'ਉਸ ਦਿਨ ਤੋਂ ਮਨਸੂਰ ਨੂੰ ਅਸੀਂ ਉਹ ਮੱਝ ਸਮਝਣ ਲੱਗ ਪਏ ਜਿਸ ਨੂੰ ਸੀ. ਆਈ. ਡੀ. ਆਪਣੇ ਕੱਟੇ ਛੱਡ ਕੇ ਚੋ ਲੈਂਦੀ ਰਹੀ'।[3]

ਹਾਸ ਤੇ ਵਿਅੰਗ ਲੇਖਕ ਦਾ ਇਕ ਸਫ਼ਲ ਹਥਿਆਰ ਹੈ ਅਤੇ ਇਸ ਦਾ ਪ੍ਰਯੋਗ ਵੀ ਵਿਆਪਕ ਮਾਤ੍ਰਾ ਵਿਚ ਕੀਤਾ ਗਿਆ ਹੈ ਪਰ ਉਸ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਸ ਨੇ ਜੇਲ੍ਹ ਦੇ ਦੁਖਦਾਈ ਜੀਵਨ ਦਾ ਵਰਣਨ ਵੀ ਬੜਾ ਸੁਆਦ ਲੈ ਕੇ ਅਤੇ ਹਾਸ ਤੇ ਵਿਅੰਗ ਦੀ ਛੋਹ ਦੇ ਹੀ ਕੀਤਾ ਹੈ। ਜੇਲ੍ਹ-ਯਾਤਰਾ ਬਾਰੇ ਲੇਖਕ ਦਾ ਅਨੁਭਵ ਹੈ ਕਿ, 'ਸਾਨੂੰ ਤਾਂ ਉਹ ਜੇਲ੍ਹ ਹੀ ਮਲੂਮ ਨਹੀਂ ਸੀ ਹੋਈ। ਇਉਂ ਜਾਪਦਾ ਸੀ ਜਿਵੇਂ ਸਰਕਾਰ ਦੇ ਜਵਾਈ ਹੁੰਦੇ ਸਾਂ'।[4] ਅਜਿਹੇ ਇਕ ਹੋਰ ਅਨੁਭਵ ਦਾ ਵਰਣਨ ਕਰਦਿਆਂ ਉਹ ਲਿਖਦਾ ਹੈ ਕਿ, 'ਸਧਾਰਨ ਵਾਲਿਆਂ ਨੂੰ ਜੇਲ੍ਹ ਵਿਚ ਕੋਈ ਕੰਮ ਨਹੀਂ ਕਰਨਾ ਪੈਂਦਾ। ਉਹ ਚਤੋ ਪਹਿਰ ਵਿਹਲੇ ਰਹਿੰਦੇ ਸਨ, ਜਿਸ ਤਰ੍ਹਾਂ ਸਹੁਰੇ ਘਰ ਜਵਾਈ—ਖਾਧਾ, ਪੀਤਾ, ਫਿਰੇ ਤੁਰੇ ਤੇ ਸੌਂ ਰਹੇ। ਬੱਸ ਐਸ਼ ਹੀ ਐਸ਼'।[5] ਇਸ ਦਾ ਭਾਵ ਇਹ ਨਹੀਂ ਕਿ ਜੇਲ੍ਹ ਸੱਚਮੁੱਚ ਹੀ ਮੌਜ-ਮੇਲੇ ਵਾਲੀ ਥਾਂ ਹੁੰਦੀ ਹੈ। ਇਹ ਤਾਂ ਲੇਖਕ ਦੀ ਵਿਅੰਗਾਤਮਕ ਸੋਚ ਤੇ ਕਥਨੀ ਦਾ ਹੀ ਕ੍ਰਿਸ਼ਮਾ ਹੈ। ਜੇਲ੍ਹ ਵਿਚ ਹੀ ਲੇਖਕ ਉਹ ਹੌਦੀਆਂ ਵੀ ਵੇਖਦਾ ਹੈ ਜਿਨ੍ਹਾਂ ਵਿਚ ਭਿਉਂ ਭਿਉਂ ਕੇ ਕੈਦੀਆਂ ਨੂੰ ਕੁੱਟਿਆ ਜਾਂਦਾ ਸੀ ਪਰ ਲੇਖਕ ਇਸ ਦੁਖਦਾਈ ਭਵਿੱਖ ਬਾਰੇ ਵੀ ਵਿਅੰਗਾਤਮਕ ਅੰਦਾਜ਼ ਵਿਚ ਹੀ ਸੋਚਦਾ ਹੈ ਕਿ 'ਵੇਖੋ, ਕਿਸ ਦਿਨ ਹੌਦੀਆਂ ਵਿਚ ਡੋਬਣ ਦੀ ਰਾਸ ਲੀਲਾ ਹੁੰਦੀ ਹੈ'।[6] 'ਰਾਸ ਲੀਲਾ' ਸ਼ਬਦ ਨਿਸ਼ਚੇ ਹੀ ਲੇਖਕ ਦੀ ਵਿਅੰਗਾਤਮਕ ਬ੍ਰਿਤੀ ਨੂੰ ਰੂਪਮਾਨ ਕਰਦਾ ਹੈ।

ਭਾਵੇਂ ਵਿਅੰਗ ਵਿਚ ਹਾਸ-ਰਸ ਵੀ ਵਿਦਮਾਨ ਹੁੰਦਾ ਹੈ ਪਰ ਹਾਸ-ਰਸ ਦਾ ਭਰਪੂਰ ਵਾਤਾਵਰਣ ਉਸ ਸਮੇਂ ਉੱਪਜਦਾ ਹੈ ਜਦ ਜੇਲ੍ਹ ਵਿਚ ਇਕ ਪੂਰਬੀ ਭਈਆ ਬੀਮਾਰੀ ਦਾ ਬਹਾਨਾ ਲਾ ਕੇ ਹਸਪਤਾਲ ਜਾਂਦਾ ਹੈ ਪਰ ਉੱਥੇ ਉਸ ਦਾ ਨੀਮਾ ਕਰ ਦਿੱਤਾ ਜਾਂਦਾ ਹੈ। ਉਹ ਭਈਆ ਵਾਪਸ ਆਉਂਦਿਆਂ ਹੀ ਕਾਂਗਰਸ, ਗਾਂਧੀ ਤੇ ਹੋਰ ਰਾਜਸੀ ਪਾਰਟੀਆਂ ਨੂੰ ਗੰਦੀਆਂ ਗੰਦੀਆਂ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੰਦਾ ਹੈ। ਸਹਿੰਸਰਾ ਜੀ ਦੀ ਸ਼ਬਦਾਵਲੀ ਵਿਚ ਉਸ ਨੇ 'ਬਰਿਜ ਭਾਸ਼ਾ ਦੀਆਂ ਗਾਲ੍ਹੀਆਂ ਦਾ ਇਨਸਾਈਕਲੋਪੀਡੀਆ ਹੀ ਉਚਾਰਨਾ ਸ਼ੁਰੂ ਕਰ ਦਿੱਤਾ ਹੈ'।[7]

ਸਮੁੱਚੇ ਤੌਰ ਤੇ ਵਿਅੰਗ ਤੇ ਹਾਸ-ਰਸ ਲੇਖਕ ਦੀ ਵਾਰਤਕ-ਸ਼ੈਲੀ ਦਾ ਜ਼ੋਰਦਾਰ ਪੱਖ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਨੇ ਘਟਨਾਵਾਂ ਦਾ ਸੂਖਮ ਵਰਣਨ ਹੀ ਨਹੀਂ ਕੀਤਾ ਸਗੋਂ ਕਈ ਥਾਵਾਂ ਤੇ ਬੜੀਆਂ ਪ੍ਰਭਾਵਸ਼ਾਲੀ ਨਾਟਕੀ ਸਥਿਤੀਆਂ ਵੀ ਉਤਪਨ ਕੀਤੀਆਂ ਹਨ। ਇਕ ਬੜੀ 'ਕ੍ਰਿਆਸ਼ੀਲ ਨਾਟਕੀ ਸਥਿਤੀ' ਉਸ ਸਮੇਂ ਉਤਪੰਨ ਹੁੰਦੀ ਹੈ ਜਦ ਜੇਲ੍ਹ ਵਿਚ ਇਕ ਦੇਅ ਵਰਗਾ ਜਵਾਨ ਕਾਬੂ ਤੋਂ ਬਾਹਰ ਹੋ ਜਾਂਦਾ ਹੈ। ਲੇਖਕ ਅਨੁਸਾਰ, 'ਨੰਬਰਦਾਰ ਠਠੰਬਰ ਗਏ ਤਾਂ ਗੋਕਲ ਨੇ ਉਨ੍ਹਾਂ ਵੱਲ ਬੜੀ ਵਿਨ੍ਹਵੀ ਘੂਰੀ ਵੱਟੀ। ਉਹ ਸੂਰਬੀਰ ਦੀਆਂ ਬਾਹਵਾ ਨੂੰ ਜਾ ਚੰਬੜੇ। ਉਸ ਨੇ ਉਨ੍ਹਾਂ ਨੂੰ ਐਨੇ ਜ਼ੋਰ ਦੀ ਛੰਡਿਆ ਕਿ ਉਹ ਸੰਡੇ ਦੀ ਚਿੱਕੜ ਲਿੱਬੜੀ ਪੂਛ ਦੇ ਛਿੱਟਿਆਂ ਵਾਂਗ ਉੱਡ ਕੇ ਪਰੇ ਜਾ ਡਿੱਗੇ। ਇਕ ਤਾਂ ਸਿੱਧਾ ਦਰੋਗੇ ਦੇ ਚੱਢਿਆਂ ਵਿਚ ਜਾ ਵੱਜਾ। ਦਰੋਗਾ ਡਿਗਣੋ ਤਾਂ ਬਚ ਗਿਆ ਪਰ ਉਸ ਦੀ ਕੁਲੇ ਵਾਲੀ ਪੱਗ ਢਹਿ ਪਈ ਜੋ ਇਕ ਚੁਸਤ ਵਾਰਡਰ ਨੇ ਭੁੰਜੇ ਡਿੱਗਣ ਤੋਂ ਪਹਿਲਾਂ ਹੀ ਬੋਚ ਲਈ। ਹੁਣ ਤਾਂ ਉਹ ਗੁੱਸੇ ਨਾਲ ਬਲ ਉੱਠਿਆ। ਉਸ ਦੇ ਇਸ ਗੁੱਸੇ ਦੀ ਅੱਗ ਦੀ ਤਾਬ ਨਾਲ ਉਸ ਦਾ ਸਾਰਾ ਅਮਲਾ ਤਪ ਕੇ ਉਸ ਜਵਾਨ ਉੱਤੇ ਟੁੱਟ ਪਿਆ। ਉਸ ਨੇ ਅੱਗੋਂ ਕਈਆਂ ਦੇ ਬੁਥਾੜ ਭੰਨੇ। ਪਰ ਬਹੁਤਿਆਂ ਅੱਗੇ ਕੀ ਪੇਸ਼ ਜਾਏ। ਅਖੀਰ ਉਹ ਉਸ ਸੂਰਮੇ ਨੂੰ ਨੱਪ ਕੇ ਲੈ ਗਏ'।[8]

ਇਕ ਹੋਰ ਥਾਂ ਲੇਖਕ ਨੇ ਬੜੀ 'ਉਤਸੁਕਤਾ ਭਰਪੂਰ ਨਾਟਕੀ ਸਥਿਤੀ' ਉਤਪਨ ਕੀਤੀ ਹੈ, ਜਿਵੇਂ, 'ਉਹ ਸੋਚਦਾ ਖੱਬੇ ਹੱਥ ਨਾਲ ਆਪਣੇ ਕੰਨ ਦੇ ਪਿਛਾੜੀ ਖੁਰਕਣ ਲੱਗ ਪਿਆ। ਫੇਰ ਇਕ ਦਮ ਪਿਛਾਂਹ ਹਟ ਕੇ ਉਸ ਨੇ ਅੰਦਰੋਂ ਬੂਹਾ ਬੰਦ ਕਰ ਲਿਆ ਤੇ ਮੁੜ ਆਪਣੀ ਥਾਂ ਆ ਖਲੋਤਾ। ਉਸ ਦਾ ਚਿਹਰਾ ਕੁਝ ਕਰ ਲੈਣ ਲਈ ਰੁਮਕਣ ਲੱਗ ਪਿਆ ਸੀ। ਮੈਂ ਡਰ ਗਿਆ 'ਮਤਾ ਮੈਨੂੰ ਮਾਰੇ! ਮੈਂ ਵੀ ਅੱਗੋਂ ਸਾਵਧਾਨ ਹੋ ਗਿਆ। ਅਖ਼ਬਾਰ ਮੇਜ਼ ਉਤੇ ਰੱਖ ਕੇ ਲੱਤਾਂ ਹੇਠਾਂ ਰੱਖ ਲਈਆਂ ਤੇ ਹਰ ਆਈ ਦਾ ਮੁਕਾਬਲਾ ਕਰਨ ਲਈ ਬੰਦਿਆਂ ਵਾਂਗ ਹੋ ਬੈਠਾ। ਉਸ ਨੇ ਨਿਉਂਕੇ ਆਪਣੇ ਸੱਜੇ ਪੈਰ ਦੇ ਬੂਟ ਨੂੰ ਹੱਥ ਪਾਇਆ। ਮੈਂ ਜਾਤਾ ਲੱਗੀਆਂ ਪੈਣ। ਮੈਂ ਵੀ ਇਕ ਦਮ ਉੱਠਕੇ ਕੁਰਸੀ ਪਿਛੇ ਹੋ ਖਲੋਤਾ ਤੇ ਅੱਗੋਂ ਚੁੱਕ ਕੇ ਮਾਰਨ ਲਈ ਦੋਵੇਂ ਹੱਥ ਕੁਰਸੀ ਦੀਆਂ ਬਾਹੀਆਂ ਨੂੰ ਪਾ ਲਏ। ਪਰ ਲੜਾਈ ਦੀ ਨੌਬਤ ਨਾ ਆਈ। ਉਸ ਨੇ ਬੂਟ ਲਾਹ ਕੇ ਮੇਜ਼ ਤੇ ਰੱਖ ਲਿਆ, ਉਸ ਦਾ ਪਤਾਵਾ ਪੁੱਟਿਆ ਤੇ ਵਿਚੋਂ ਇਕ ਤਹਿ ਕੀਤਾ ਹੋਇਆ ਕਾਗਜ਼ ਖਿੱਚ ਕੇ ਮੈਨੂੰ ਫੜਾ ਦਿੱਤਾ। ਇਹ ਇਕ ਚਿੱਠੀ ਸੀ'।[9]

ਇਕ ਥਾਂ ਲੇਖਕ ਨੇ ਰਹੱਸ ਪੂਰਨ ਨਾਟਕੀ ਸਥਿਤੀ ਵੀ ਉਤਪਨ ਕੀਤੀ ਹੈ। ਇਹ ਸਥਿਤੀ ਉਸ ਸਮੇਂ ਉਤਪਨ ਹੁੰਦੀ ਹੈ ਜਦ ਲੇਖਕ ਮੀਰ ਦਾਦ ਦੇ ਘਰ ਜਾਂਦਾ ਹੈ ਅਤੇ ਮੀਰ ਦਾਦ ਨੂੰ ਬੀਮਾਰ ਸਮਝ ਕੇ ਪੁੱਛਦਾ ਹੈ—'ਮੀਰ! ਕੀ ਹਾਲ ਆ?' ਪਰ ਜਦ ਉਹ ਰਜਾਈ ਚੁੱਕਦਾ ਹੈ ਤਾਂ ਪਤਾ ਲਗਦਾ ਹੈ ਕਿ, 'ਇਕ ਰਜ਼ਾਈ ਲਪੇਟ ਕੇ ਬੰਦੇ ਵਾਂਗ ਲੰਮੀ ਪਾਈ ਹੋਈ ਸੀ, ਜੋ ਬਾਹਰੋਂ ਵੇਖਣ ਵਾਲੇ ਨੂੰ ਕਿਸੇ ਬੀਮਾਰ ਪਏ ਹੋਣ ਦਾ ਪੂਰਾ ਝੌਲਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਉਂਦੀ ਸੀ'।[10]

ਇਕ ਹੋਰ ਵਧੀਆ 'ਨਾਟਕੀ ਸਥਿਤੀ ਗ਼ਲਤ ਫਹਿਮੀ ਕਾਰਣ' ਪੈਦਾ ਹੁੰਦੀ ਹੈ। ਫਕੀਰ ਇਪੀ ਨੂੰ ਮਿਲਣ ਗਿਆ, ਲੇਖਕ ਫਕੀਰ ਇਪੀ ਦੇ ਪ੍ਰਧਾਨ ਮੰਤਰੀ ਦੇ ਵੱਸ ਪੈ ਜਾਂਦਾ ਹੈ ਅਤੇ ਉਸ ਨੂੰ ਫਕੀਰ ਇਪੀ ਸਮਝ ਲੈਂਦਾ ਹੈ। ਜਦ ਉਸ ਨੂੰ ਅਸਲੀਅਤ ਦਾ ਪਤਾ ਲਗਦਾ ਹੈ ਤਾਂ ਉਹ ਹੱਕਾ ਬੱਕਾ ਰਹਿ ਜਾਂਦਾ ਹੈ ਤੇ ਸੋਚਦਾ ਹੈ ਕਿ, 'ਮੈਂ ਤਾਂ ਉਸੇ ਬੁੱਢੜ ਨੂੰ ਹੀ ਫਕੀਰ ਸਮਝੀ ਬੈਠਾ ਸੀ'।[11]

## ਵਿਅਕਤੀ-ਚਿੱਤਰ

ਗੁਰਚਰਨ ਸਿੰਘ ਸਹਿੰਸਰਾ ਦੀ ਵਾਰਤਕ-ਸ਼ੈਲੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਹ ਦੋ-ਤਿੰਨ ਸਤਰਾਂ ਵਿਚ ਹੀ ਕਿਸੇ ਵਿਅਕਤੀ ਦਾ ਸੰਪੂਰਨ ਚਿੱਤਰ ਉਲੀਕ ਦਿੰਦਾ ਹੈ। ਉਸ ਦੀ ਲਿਖਤ ਵਿਚੋਂ ਅਜਿਹੀਆਂ ਕਈ ਉਦਾਹਰਣਾਂ ਮਿਲ ਜਾਂਦੀਆਂ ਹਨ। ਲਾਹੌਰ ਜੇਲ੍ਹ ਦੇ ਵਾਰਡਰਾਂ ਦੀ ਤਸਵੀਰ ਲੇਖਕ ਨੇ ਇਸ ਤਰ੍ਹਾਂ ਖਿੱਚੀ ਹੈ, 'ਪੰਜ ਸੱਤ ਸੁੱਕੇ ਸੜੇ ਮੋਨੇ ਵਾਰਡਰ ਮੁੱਛਾਂ ਨੂੰ ਚੋਪੜੀ ਤੇ ਢਿੱਡਾਂ ਨੂੰ ਚਮੜੇ ਦੀਆਂ ਲਿਸ਼ਕਵੀਆ ਨਸਵਾਰੀ ਪੇਟੀਆਂ ਕੱਸੀ ਮਾਰੂ ਵਹਿੜਕਿਆਂ ਵਾਂਗ ਰੋਅਬ ਵਿਚ ਨਾਸਾਂ ਫੁਲਾਈ ਸਾਡੇ ਉਦਾਲੇ ਆ ਖਲੋਤੇ ਸਨ'।[12] ਚੰਦਰ ਭਾਨ ਦਾ ਚਿੱਤਰ ਤਾਂ ਲੇਖਕ ਨੇ ਬੜੀਆਂ ਰੀਝਾਂ ਨਾਲ ਉਲੀਕਿਆ ਹੈ। ਲੇਖਕ ਅਨੁਸਾਰ 'ਅਧ ਖੜ ਉਮਰ ਦਾ ਪਤਲਾ ਜਿਹਾ ਸ਼ਤੂੰਗੜਾ ਸਰੀਰ, ਅੱਖਾਂ ਘੁਰਕ ਬਿੱਲੇ ਵਰਗੀਆਂ ਲਾਲ, ਨਜ਼ਰਾਂ ਵਿਚ ਗੁੰਡਾਪਨ, ਤਾਮੇ ਵਰਗਾ ਲਾਲ ਰੰਗ, ਮੁੱਛਾਂ ਪਤਾ ਨਹੀਂ ਕੀ ਥਿੰਦਾ ਲਾ ਕੇ ਵਟਵੀਆਂ ਕੀਤੀਆਂ ਹੋਈਆਂ ਚੂਹੇ ਦੀ ਪੂਛ ਵਾਂਗ ਪਤਲੀਆਂ ਤੇ ਸਿੱਧੀਆਂ ਹੋ ਕੇ ਕੰਨਾਂ ਦੀਆਂ ਕਰੂੰਬਲੀਆਂ ਤੱਕ ਖਿੱਚੀਆਂ ਹੋਈਆਂ ਸਨ, ਜ਼ਿਆਦਾ ਤਲੇ ਗਏ ਪਕੌੜੇ ਵਰਗਾ ਨੱਕ ਉਸ ਦੀ ਆਮ ਨੁਹਾਰ ਹਿੰਦੂ ਧਾਰਮਿਕ ਤਸਵੀਰਾਂ ਵਿਚ ਜਿਉਂਦੇ ਬੰਦਿਆਂ ਦੇ ਕੁਹਾੜੀਆਂ ਨਾਲ ਪੜਛੇ ਲਾਹ ਰਹੇ ਜਮਦੂਤਾਂ ਵਰਗੀ ਸੀ। ਸਿਰ ਤੇ ਕੁਲੇ ਵਾਲੀ ਖਾਕੀ ਪੱਗ, ਖਾਕੀ ਬਿਰਜਸ ਤੇ ਖਾਕੀ ਹੀ ਕੋਟ, ਲਾਲ ਰੰਗ ਦੀ ਟਾਈ ਤੇ ਪੈਰੀਂ ਚੀਕੂੰ ਚੀਕੂੰ ਕਰ ਰਹੇ ਬਰਾਊਨ ਬੂਟ, ਢਿੱਡ ਤੇ ਮੌਰਾਂ ਉੱਤੋਂ ਦੀ ਅਫ਼ਸਰੀ ਪੇਟੀ ਤੇ ਮੋਢਿਆਂ ਉੱਤੇ ਸੁਨਹਿਰੀ ਕਰਾਊਨ, ਧੌਣ ਦੇ ਸਾਹਨੇ ਵਾਂਗ ਅਕੜਾਈ, ਹੱਥ ਵਿਚ ਆਬਨੂਸ ਦਾ ਡੰਡਾ ਘੁਮਾਉਂਦਾ ਵਾਰਡਰਾਂ ਤੇ ਨੰਬਰਦਾਰਾਂ ਦੀ ਧਾੜ ਦਾ ਜਲੌ ਲੈ ਕੇ ਸਾਹਨ ਵਾਂਗ ਫੁੰਕਾਰੇ ਮਾਰਦਾ ਸਾਡੇ ਵਿਹੜੇ ਆ ਵੜਿਆ। ਜਿਸ ਤਰ੍ਹਾਂ ਉਸ ਦੀ ਵਰਦੀ ਵਿਚ ਕੋਈ ਵੱਟ ਨਹੀਂ ਸੀ, ਏਸੇ ਤਰ੍ਹਾਂ ਉਸ ਦੀ ਆਕੜ ਵਿਚ ਕੋਈ ਲਿਫ ਨਹੀਂ ਸੀ ਤੇ ਉਹ ਮਦਾਰੀਆਂ ਦੇ ਪਾਟੇ ਖਾਂ ਵਾਂਗ ਪੈਰਾਂ ਤੋਂ ਸਿਰ ਤਕ ਸਿੱਧਾ ਤੁੱਕ ਸੀ'।[13]

ਗੋਕਲ ਦੀ ਕੈਦੀਆਂ ਵਿਚ ਆਉਂਦੇ ਤੇ ਜਾਂਦੇ ਦੀ ਤਸਵੀਰ ਲੇਖਕ ਨੇ ਇਕ ਦੋ ਸਤਰਾਂ ਵਿਚ ਹੀ ਬੜੇ ਸੁੰਦਰ ਢੰਗ ਨਾਲ ਉਲੀਕੀ ਹੈ। ਉਸ ਅਨੁਸਾਰ, 'ਗੋਕਲ ਆਪਣਾ ਲਾਉ ਲਸ਼ਕਰ ਲੈ ਕੇ ਢੱਗੇ ਵਾਂਗ ਫੂੰ ਫੂੰ ਕਰਦਾ ਸਾਡੇ ਵਾੜੇ ਵਿਚ ਆ ਵੜਿਆ[14]। ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਘੁਰਕੀ ਖਾਧੇ ਕੁੱਤੇ ਵਰਗੀ ਤਿੱਖੀ ਰਫ਼ਤਾਰ ਵਾਪਸ ਮੁੜਿਆ ਜਾ ਰਿਹਾ ਸੀ' ।[15]

ਕਾਬਲੋਂ ਆਏ ਪਠਾਨ ਦਾ ਚਿੱਤਰ ਵੀ ਲੇਖਕ ਨੇ ਬੜੀ ਕਲਾਮਈ ਵਿਧੀ ਦੁਆਰਾ ਉਲੀਕਿਆ ਹੈ ਜੋ ਬੜੀ ਦੇਰ ਤੱਕ ਸਾਡੀ ਸਿਮਰਤੀ ਵਿਚ ਲਟਕਦਾ ਰਹਿੰਦਾ ਹੈ। ਜਿਵੇਂ, 'ਉਹ ਰੰਗੋਂ ਸੌਲਾ ਤੇ ਕੱਦੋਂ ਮਧਰਾ ਪਰ ਗੱਠਵੇਂ ਸਰੀਰ ਦਾ ਕਾਬਲੀ ਬੰਦਾ ਸੀ। ਕੁੜਤਾ ਤੇ ਸਲਵਾਰ ਚਿੱਟੇ, ਸਿਰ ਤੇ ਨਸਵਾਰੀ ਮੁਸ਼ਹਦੀ ਲੁੰਗੀ ਜਾਕਟ ਦੇ ਪੇਸ਼ ਕਾਲੇ ਸੂਫ ਦੇ ਤੇ ਅੰਦਰਸ ਤੇ ਪਿੱਠ ਲੱਠੇ ਦੀ, ਉਸ ਦੇ ਮੈਲੇ ਤੇ ਮਧੋਲੇ ਹੋਏ ਕੱਪੜੇ ਦਸਦੇ ਸਨ ਕਿ ਉਹ ਕਈਆਂ ਦਿਨਾਂ ਤੋਂ ਸਾਫ਼ ਨਹੀਂ ਸਨ ਕੀਤੇ ਗਏ। ਅਣਸਾਂਭੀ ਸੁਕਭਰੂਲੀ ਅੱਧੀ ਕੁ ਗਿੱਠ ਲੰਮੀ ਦਾਹੜੀ ਬੋਹੜ ਦੀਆਂ ਦਾਹੜਾਂ ਵਾਂਗ ਥੋਠੀ ਤੋਂ ਸਣ ਦੀਆਂ ਰੱਸੀਆਂ ਬਣ ਕੇ ਹੇਠਾਂ ਲਟਕੀ ਹੋਈ ਸੀ। ਵੱਟਾਂ ਵਾਲੀ ਬੱਧੀ ਲੁੰਗੀ ਵਿਚੋਂ ਧੌਣ ਉੱਤੇ ਕਾਲੇ ਵਾਲਾਂ ਦੀਆਂ ਮੈਲ ਜੰਮੀਆਂ ਬੂੰਦਾਂ ਨਿਕਲੀਆਂ ਹੋਈਆਂ ਸਨ। ਉਸ ਦੇ ਮੂੰਹ ਤੇ ਹੱਥਾਂ ਦੀ ਖੁਸ਼ਕੀ ਤੋਂ ਦਿਸਦਾ ਸੀ ਕਿ ਪਿਛਲੇ ਦਿਨਾਂ ਵਿਚ ਉਸ ਨੂੰ ਆਪਣੀ ਕਾਇਆ ਸੰਵਾਰਨ ਦਾ ਮੌਕਾ ਨਹੀਂ ਮਿਲਿਆ। ਉਸ ਦਾ ਜੁਸਾ ਥਕੇਵੇਂ ਤੇ ਨੀਂਦਰੇ ਦਾ ਭੰਨਿਆ ਹੋਇਆ ਮਾਲੂਮ ਹੁੰਦਾ ਸੀ' ।[16]

ਲੇਖਕ ਨੇ ਕਰਮ ਚੰਦ ਪਾਰਸ ਦਾ ਚਿੱਤਰ ਇਕੋ ਸਤਰ ਵਿਚ ਵੀ ਵਾਹ ਦਿੱਤਾ ਹੈ ਜਿਵੇਂ, 'ਉਹ ਮੋਟੇ ਸਾਰੇ ਰੋੜੇ ਸਿਰ ਵਾਲਾ ਭਾਰੇ ਸਰੀਰ ਦਾ ਆਰੀਆ ਸਮਾਜੀ ਮਹਾਜ਼ਾ ਸੀ' ।[17]

ਦਲੀਪ ਸਿੰਘ ਜੌਹਲ ਦਾ ਪਿੱਛਾ ਕਰ ਰਹੇ ਸਿਪਾਹੀ ਦਾ ਮੁਹਾਂਦਰਾ ਵੀ ਬੜੇ ਸੁੰਦਰ ਚਿੱਤਰ ਦੁਆਰਾ ਰੂਪਮਾਨ ਕੀਤਾ ਗਿਆ ਹੈ, ਜਿਵੇਂ, 'ਗਲ੍ਹ ਬਗ਼ੈਰ ਬਾਹਵਾਂ ਦੇ ਸਵੈਟਰ, ਮੋਢਿਆਂ ਤੇ ਪਤਲੀ ਜਿਹੀ ਲੋਈ ਤੇ ਤੇੜ ਲੱਠੇ ਦੀ ਚਾਦਰ। ਸਿਰ ਤੇ ਮਾਇਆ ਵਾਲੀ ਤੁਰਲੇਦਾਰ ਨਵੀਂ ਰੰਗਾਈ ਪੱਗ ਤੇ ਗਲ ਵਿਚ ਕਾਲੇ ਧਾਗੇ ਨਾਲ ਪਰੋਤਾ ਸੋਨੇ ਦਾ ਨਿੱਕਾ ਜਿਹਾ ਤਵੀਤ ਉਸ ਦੀ ਜਵਾਨੀ ਨੂੰ ਉਭਾਰ ਕੇ ਸੁੰਦਰਤਾ ਨੂੰ ਸ਼ਿੰਗਾਰ ਰਿਹਾ ਸੀ' ।[18]

ਉਪਰੋਕਤ ਵਿਵੇਚਣ ਤੋਂ ਸਪੱਸ਼ਟ ਹੈ ਕਿ ਜੋ ਵਿਅਕਤੀ ਵੀ ਨਜ਼ਰ ਸਾਹਮਣੇ ਆਇਆ ਲੇਖਕ ਨੇ ਉਸ ਨੂੰ ਗਹੁ ਨਾਲ ਤੱਕਿਆ ਤੇ ਉਸ ਦੀ ਤਸਵੀਰ ਆਪਣੇ ਮਨ ਵਿਚ ਉਤਾਰ ਲਈ ਹੈ ਜਿਸ ਦਾ ਪੁਨਰ ਨਿਰਮਾਣ ਸ਼ਬਦਾਂ ਦੇ ਮਾਧਿਅਮ ਦੁਆਰਾ ਕੀਤਾ ਹੈ।

## ਦ੍ਰਿਸ਼-ਚਿਤ੍ਰਣ

ਵਿਅਕਤੀ-ਚਿੱਤਰ ਉਲੀਕਣ ਵਾਂਗ ਲੇਖਕ ਦ੍ਰਿਸ਼-ਚਿਤ੍ਰਣ ਵਿਚ ਵੀ ਨਿਪੁੰਨ ਹੈ। ਉਹ ਥੋੜ੍ਹੇ ਜਿਹੇ ਸ਼ਬਦਾਂ ਦੁਆਰਾ ਹੀ ਕਿਸੇ ਸਥਿਤੀ ਜਾਂ ਸਥਾਨ ਨੂੰ ਹੂਬਹੂ ਸਾਡੀਆਂ ਅੱਖਾਂ ਅੱਗੇ ਲੈ ਆਉਂਦਾ ਹੈ। ਦੇਸ਼-ਭਗਤ ਪਰਿਵਾਰ-ਸਹਾਇਕ ਕਮੇਟੀ ਦੇ ਦਫ਼ਤਰ ਦਾ ਚਿਤ੍ਰਣ ਲੇਖਕ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ, ਜਿਵੇਂ, 'ਮੀਹਾਂ ਨਾਲ ਛੱਤ ਤੋਂ ਖੁਰ ਖੁਰ ਬਾਹਰ ਕੰਧਾਂ ਦੇ ਜੰਮੀ ਮਿੱਟੀ ਦੀ ਕਾਲਿਤਣ ਤੋਂ ਪਤਾ ਨਹੀਂ ਸੀ ਲਗਦਾ, ਕਿ ਪੁਰਾਣੀਆਂ ਤੇ ਭੋਦੀਆਂ ਪੈ ਚੁੱਕੀਆਂ ਇੱਟਾਂ ਚੂਨੇ ਨਾਲ ਚਿਣੀਆਂ ਹੋਈਆਂ ਸਨ ਜਾਂ ਗਾਰੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ। ਨੀਂਹ ਲਾਗਿਉਂ ਤਿੰਨਾਂ ਚਹੁੰ ਵਾਰਾਂ ਦੀਆਂ ਇਟਾਂ ਤੇ ਪਿੰਡ ਕੱਲਰ ਨੇ ਖੋਰ ਛੱਡੇ ਸਨ। ਬੂਹੇ ਦੀ ਚੁਗਾਠ ਤੇ ਤਖਤੇ ਹਵਾ ਪਾਣੀ ਤੇ ਧੁੱਪ ਦੀ ਮਾਰ ਨਾਲ ਮੈਲੇ ਤੇ ਖੱਖਰ ਖਾਹਦੇ ਹੋ ਕੇ ਕਾਲੇ ਪਏ ਹੋਏ ਸਨ'।

'ਅੰਦਰ ਕੱਚੇ ਫਰਸ਼ ਦੀ ਝਾੜੂ ਬਹਾਰੀ ਤੋਂ ਬਿਨਾਂ ਹੋਰ ਕੋਈ ਸਫਾਈ ਨਹੀਂ ਸੀ। ਕੰਧਾਂ ਉੱਤੇ ਬਹੁਤ ਸਾਲਾਂ ਤੋਂ ਹੋਈ ਕਲੀ ਦੀਆਂ ਕਈ ਥਾਵਾਂ ਤੋਂ ਟਾਕੀਆਂ ਪਾਟੀਆਂ ਹੋਈਆਂ ਸਨ ਤੇ ਗਾਰੇ ਦੀ ਲਿਪਾਈ ਦੀਆਂ ਟਾਕੀਆਂ ਦਿਸ ਰਹੀਆਂ ਸਨ। ਹੇਠਲੇ ਕੁਝ ਵਾਰ ਸਲਾਅਬ ਨਾਲ ਖੁਰਕੇ ਇੱਟਾਂ ਦੀ ਸੁਰਖੀ ਡੋਗ ਰਹੇ ਸਨ। ਇਕ ਬੋਦੀ ਜਿਹੀ ਸ਼ਤੀਰੀ ਉਤੇ ਅਨਘੜਤ ਕੜੀਆਂ ਤੇ ਸਿਰਕੀਆਂ ਦੀ ਧੁਆਂਖੀ ਹੋਈ ਛੱਤ ਇਸ ਤਰ੍ਹਾਂ ਜਾਪਦੀ ਸੀ, ਜਿਵੇਂ ਕਾਲੋਂ ਦਾ ਲੇਪਣ ਫੇਰਿਆ ਹੋਵੇ। ਧੁਆਂਖੀਆਂ ਕੜੀਆਂ ਦੀਆਂ ਸਿਰਕੀਆਂ ਨਾਲ ਲੱਗੀਆਂ ਵੱਖੀਆਂ ਤੇ ਕੰਧਾਂ ਦੀਆਂ ਨੁਕਰਾਂ ਵਿਚ ਥਾਂ ਥਾਂ ਕਕਹਿਣੀਆਂ ਦੇ ਬਣਾਏ ਹੋਏ ਚਿੱਟੇ ਚਿੱਟੇ ਘਰ ਕਾਲੀ ਪੈ ਚੁੱਕੀ ਛੱਤ ਤੇ ਕਮਰੇ ਦੇ ਹਨੇਰੇ ਵਿਚ ਰਾਤ ਦੇ ਤਾਰਿਆਂ ਵਾਂਗ ਚਮਕਦੇ ਨਜ਼ਰ ਆਉਂਦੇ ਸਨ'।[19]

ਖੈਰਾਬਾਦ ਦੇ ਨੇੜੇ ਦਰਿਆ ਅਟਕ ਉੱਪਰ ਬਣੇ ਕਿੱਲੇ ਦਾ ਚਿੱਤਰ ਲੇਖਕ ਨੇ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ—'ਕਿਲਾ ਦਰਿਆ ਅਟਕ ਦੇ ਪੂਰਬੀ ਪਾਸੇ ਵਿਚੋਂ ਉਭਰ ਕੇ ਉਤਾਂਹ ਨੂੰ ਚੜ੍ਹੀ ਹੋਈ ਇਕ ਪਹਾੜੀ ਦੇ ਇਰਦ ਗਿਰਦ ਬਣਿਆ ਹੋਇਆ ਸੀ। ਪਹਾੜੀ ਦੀ ਉਚਾਈ ਅੰਦਲੀਆਂ ਬਾਰਕਾਂ ਤੋਂ ਕਿਲ੍ਹੇ ਦੀਆਂ ਕੰਧਾਂ ਨੀਵੀਆਂ ਸਨ। ਇੰਜ ਜਾਪਦਾ ਸੀ ਜਿਵੇਂ ਦਰਿਆ ਵਿਚੋਂ ਨਹਾ ਕੇ ਨਿਕਲ ਰਹੀ ਪਹਾੜੀ ਨੇ ਲੱਕ ਨੂੰ ਲੈਂਹਗਾ ਵਲੇਟਿਆ ਹੋਵੇ'।[20]

ਇਕ ਪਹਾੜੀ ਦ੍ਰਿਸ਼ ਨੂੰ ਉਲੀਕਦਿਆਂ ਲੇਖਕ ਲਿਖਦਾ ਹੈ ਕਿ, 'ਮੇਰੇ ਸੱਜੇ ਹੱਥ ਉੱਚਾ ਪਹਾੜ ਸੀ, ਜਿਸ ਦੀ ਵੱਖੀ ਵਿਚ ਇਹ ਸੜਕ ਬਣੀ ਹੋਈ ਸੀ ਤੇ ਖੱਬੇ ਹਥ ਡੂੰਘੀ ਖੱਡ ਵਿਚ ਇਕ ਸੁੱਕਾ ਨਾਲਾ ਸੀ, ਜੋ ਸੜਕ ਦੇ ਨਾਲ ਹੇਠਾਂ ਦੱਖਣ ਨੂੰ ਉਤਰਦਾ ਜਾਂਦਾ ਸੀ ਤੇ ਦੋ ਕੁ ਮੀਲ ਜਾ ਕੇ ਚੜ੍ਹਦੇ ਵੱਲ ਅਟਕ ਦਰਿਆ ਵਿਚ ਪੈਣ ਲਈ ਮੁੜ ਗਿਆ ਸੀ। ਇਸ ਨਾਲੇ ਦੇ ਪਰਲੇ ਕੰਢੇ ਪਹਾੜ ਫੇਰ ਉੱਚਾ ਚੜ੍ਹ ਗਿਆ ਸੀ। ਜਾਣੋਂ ਇਹ ਦ੍ਰਿਸ਼ ਇਸ ਤਰ੍ਹਾਂ ਸੀ, ਜਿਸ ਤਰ੍ਹਾਂ ਲੰਘਦੇ ਹੋਏ ਸੱਪ ਨੇ ਪਹਾੜ ਨੂੰ ਘਸਰ ਕੇ ਨਾਲੇ ਵਾਸਤੇ ਖੱਡ ਬਣਾ ਦਿੱਤੀ ਹੋਵੇ'।[21] ਇਸੇ ਪਹਾੜ ਦਾ ਇਕ ਹੋਰ ਚਿੱਤਰ ਲੇਖਕ ਨੇ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ—'ਚਿੱਟੇ ਪਹਾੜ ਦੀ ਇਹ ਸੜਕ ਪਹਾੜ ਵਾਂਗ ਹੀ ਰੁੱਖਾਂ ਦਰਖ਼ਤਾਂ ਤੋਂ ਸੱਖਣੀ ਸੀ। ਨਾਲਿਓਂ ਪਾਰ ਤੇ ਉਰਾਰ ਦੇ ਪਹਾੜਾਂ ਦੀਆਂ ਨੇੜੇ ਦੂਰ ਦਿਸ ਰਹੀਆਂ ਬੂਥੀਆਂ ਤੇ ਕਮਰੋੜਾਂ ਉੱਤੇ ਧੁੱਪਾਂ ਨਾਲ ਚਿਟਾ ਆਇਆ ਹੋਇਆ ਨੀਲਾ ਆਕਾਸ਼ ਇਸ ਤਰ੍ਹਾਂ ਜਾਪਦਾ ਸੀ, ਜਿਸ ਤਰ੍ਹਾਂ ਕਲਰਾਠੇ ਪਾਣੀ ਦੀ ਸਾਫ਼ ਤੇ ਨਿਰਮਲ ਝੀਲ ਗਲੇ ਨੂੰ ਢੱਕਣ ਲਈ ਪਹਾੜਾਂ ਉੱਤੇ ਮੂਧੀ ਮਾਰ ਦਿੱਤੀ ਗਈ ਹੋਵੇ'।[22]

ਲੇਖਕ ਨੇ ਇਕਾਂਤ ਨੂੰ ਵੀ ਬੜੇ ਕਲਾਤਮਕ ਚਿੱਤਰ ਦੁਆਰਾ ਰੂਪਮਾਨ ਕੀਤਾ ਹੈ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਵੇਂ, 'ਰਾਹ ਵਿਚ ਨਾ ਕੋਈ ਬੰਦਾ ਨਜ਼ਰੀਂ ਆਇਆ ਤੇ ਨਾ ਪਰਿੰਦਾ। ਸਭ ਉਜਾੜ ਹੀ ਉਜਾੜ ! ਪਹਾੜ ਦੀਆਂ ਖੱਡਾਂ, ਵੱਖੀਆਂ, ਖੋਰਾਂ ਤੇ ਉਤਰਾਈਆਂ ਚੜ੍ਹਾਈਆਂ ਸਭ ਸੁੰਞੀਆਂ, ਇਸ ਤਰ੍ਹਾਂ ਜਾਪਦਾ ਸੀ. ਕਿ ਵਜ਼ੀਰੀਆਂ ਤੋਂ ਨਿਰਾ ਅੰਗ੍ਰੇਜ਼ੀ ਰਾਜ ਹੀ ਡਰ ਕੇ ਮੈਦਾਨ ਨਹੀਂ ਸੀ ਛੱਡ ਗਿਆ ਸਗੋਂ ਕੁਦਰਤ ਦੇ ਹੋਰ ਜੀ ਵੀ ਨੱਸ ਗਏ ਸਨ' ।[23]

ਵਾਰਤਾਕਾਰ ਨੇ ਸ਼ਾਮ ਵੇਲੇ ਸਿਆਲਾਂ ਵਿਚ ਉਤਰਦੀ ਠੰਢ ਨੂੰ ਇਕੋ ਸਤਰ ਵਿਚ ਰੂਪਮਾਨ ਕਰ ਦਿੱਤਾ ਹੈ, ਜਿਵੇਂ, 'ਸੂਰਜ ਡੁੱਬ ਕੇ ਹਨ੍ਹੇਰਾ ਹੁੰਦੇ ਤੱਕ ਪਾਲੇ ਦੀਆਂ ਪੰਡਾਂ ਦੀਆਂ ਪੰਡਾਂ ਹੀ ਖੁੱਲ੍ਹ ਕੇ ਖਿੱਲਰ ਗਈਆਂ ।[24] ਸਿਆਲਾਂ ਦੀ ਠੰਢੀ ਰਾਤ ਵਿਚ ਠਰ ਰਹੇ ਸਿਪਾਹੀ ਦਾ ਚਿੱਤਰ ਵੀ ਲੇਖਕ ਨੇ ਬੜੀ ਖ਼ੂਬਸੂਰਤੀ ਨਾਲ ਸਾਡੀਆਂ ਅੱਖਾਂ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ, ਜਿਵੇਂ, 'ਸਿਆਲ ਦੀ ਲੰਮੀ ਹਨੇਰੀ ਰਾਤ, ਇਹ ਕੱਖ-ਕਾਨ ਦੀ ਅੱਗ ਕਿੰਨਾ ਕੁ ਚਿਰ ਬਲਦੀ। ਅੱਗ ਬਲਣੋ ਰਹਿ ਗਈ ਤੇ ਅੱਧੀ ਰਾਤ ਲੰਘਦਿਆਂ ਭੱਠੀ ਸਿਪਾਹੀ ਨਾਲੋਂ ਵੀ ਜ਼ਿਆਦਾ ਠਰ ਗਈ। ਉਹ ਹੁਣ ਜਾਂਦਾ ਵੀ ਕਿੱਥੇ ? ਉਹ ਭੱਠੀ ਤੇ ਹੀ ਮਹਿਰੀ ਦੀ ਆਪਣੇ ਬੈਠਣ ਵਾਸਤੇ ਹੂੰਝੀ ਸਵਾਰੀ ਥਾਂ ਉੱਤੇ ਗੋਡੇ ਗਲ ਨੂੰ ਲਾ ਕੇ ਆਪਣੀ ਪਤਲੀ ਜਿਹੀ ਲੋਈ ਵਿਚ ਹੀ ਕੁੱਤੇ ਵਾਂਗ ਗੁੱਛਾ ਮੁੱਛਾ ਹੋ ਕੇ ਪੈ ਗਿਆ' ।[25]

ਪ੍ਰਕ੍ਰਿਤੀ ਦੇ ਦ੍ਰਿਸ਼ ਚਿੱਤਰਦਿਆਂ ਲੇਖਕ ਨੇ ਪ੍ਰਕ੍ਰਿਤੀ ਦਾ ਮਾਨਵੀਕਰਣ ਵੀ ਕੀਤਾ ਹੈ, ਜਿਵੇਂ, 'ਸੂਰਜ ਦੇਵਤਾ ਦਿਹਾੜੀ ਭਰ ਦਾ ਭੁੱਖਾ ਭਾਣਾ ਸਾਡੇ ਵਾਂਗ ਹੀ ਆਪਣਾ ਪੰਧ ਮੁਕਾਉਣ ਲੱਗਾ ਤੇ ਸਾਥੋਂ ਖਾਂਦਿਆਂ ਤੋਂ ਸੰਗ ਕੇ ਦਰਿਆਓਂ ਪਾਰਲੀਆਂ ਉੱਚੀਆਂ ਪਹਾੜੀਆਂ ਓਹਲੇ ਜਾ ਲੁੱਕਿਆ ।[26]

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਲੇਖਕ ਦੇ ਉਲੀਕੇ ਅਨੂਪਮ ਦ੍ਰਿਸ਼-ਚਿੱਤਰ ਉਸ ਦੀ ਸ੍ਰਜਟ ਕਲਾਤਮਕ ਦ੍ਰਿਸ਼ਟੀ ਦੇ ਪ੍ਰਤੀਕ ਹਨ।

**ਸੰਖੇਪਤਾ**

ਸਹਿੰਸਰਾ ਜੀ ਦੀ ਵਾਰਤਕ-ਸ਼ੈਲੀ ਦਾ ਇਕ ਵਿਸ਼ੇਸ਼ ਗੁਣ ਸੰਖੇਪਤਾ ਹੈ, ਅਰਥਾਤ ਉਹ ਬਹੁਤ ਥੋੜ੍ਹੇ ਸ਼ਬਦਾਂ ਵਿਚ ਵਧੇਰੇ ਗੱਲ ਕਹਿ ਦਿੰਦਾ ਹੈ। ਭਗਤ ਰਾਮ ਤਲਵਾੜ ਤੇ ਹਰੀ ਕਿਸ਼ਨ ਦਾ ਪਰਿਚਯ ਇਕ-ਇਕ ਵਾਕ ਵਿਚ ਹੀ ਦੇ ਦਿੱਤਾ ਹੈ, ਜਿਵੇਂ, 'ਕੌਮੀ ਸ਼ਹੀਦ ਹਰੀ ਕਿਸ਼ਨ ਦਾ ਛੋਟਾ ਭਰਾ ਭਗਤ ਰਾਮ ਤਲਵਾੜ ਵੀ ਸੀ, ਜੋ ਕਿਰਤੀ ਪਾਰਟੀ ਦਾ ਮੈਂਬਰ ਸੀ। ਹਰੀ ਕਿਸ਼ਨ ਨੇ 23 ਦਸੰਬਰ 1930 ਨੂੰ ਪੰਜਾਬ ਯੂਨੀਵਰਸਿਟੀ ਦੀਆਂ ਡਿਗਰੀ ਦੀਆਂ ਸੰਨਦਾਂ ਵੰਡਣ ਦੇ ਜਲਸੇ ਵਿਚ ਪੰਜਾਬ ਗਵਰਨਰ ਸਰ ਜਾਫਰੀ ਡੀਮੋਂਟ ਸੋਰੈਨਸੀ ਉੱਤੇ ਗੋਲੀ ਚਲਾਈ ਸੀ ਤੇ ਅੰਗ੍ਰੇਜ਼ੀ ਸਰਕਾਰ ਨੇ ਇਸ ਦੋਸ਼ ਵਿਚ ਸੂਰਮੇ ਨੂੰ 9 ਜੂਨ 1931 ਵਾਲੇ ਦਿਨ ਮੀਆਂ ਵਾਲੀ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ' ।[27] ਇਸ ਤਰ੍ਹਾਂ ਲੇਖਕ ਨੇ ਪਾਰਟੀ ਦੀ ਇਕ ਮੀਟਿੰਗ ਦਾ ਵੇਰਵਾ ਸਿਰਫ਼ ਇਕੋ ਵਾਕ ਵਿਚ ਹੀ ਦੇ ਦਿੱਤਾ ਹੈ, ਜਿਵੇਂ, 'ਸ਼ਾਹਦਰੇ ਨੂਰਜਹਾਂ ਦੇ ਮਕਬਰੇ ਉੱਤੇ ਇਕ ਹੋਰ ਮੀਟਿੰਗ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਈ ਜਿਸ ਵਿਚ ਮਸੌਦਾ ਲਈ ਤਿਆਰ ਕੀਤਾ ਗਿਆ ਕਾਗਜ਼ ਪੱਤਰ ਪੜ੍ਹਿਆ, ਵਿਚਾਰਿਆ ਤੇ ਪਾਸ ਕੀਤਾ ਗਿਆ'।[28]

ਵਿਰਕ ਬਰਾਦਰੀ ਅੰਦਰ ਵਿਦਮਾਨ ਭਾਈਚਾਰੇ ਦੀ ਭਾਵਨਾ ਤੇ ਸਨੇਹ ਨੂੰ ਲੇਖਕ ਨੇ ਬਹੁਤ ਥੋੜ੍ਹੇ ਜਿਹੇ ਸ਼ਬਦਾਂ ਦੁਆਰਾ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਹੈ, ਜਿਵੇਂ 'ਵਿਰਕਾਂ ਵਿਚ ਪੁਰਾਣੇ ਭਾਈਚਾਰੇ ਤੇ ਬਰਾਦਰੀ ਦੇ ਸਨੇਹ ਦਾ ਰਿਵਾਜ਼ ਅਜੇ ਬੜਾ ਪਰਬਲ ਸੀ। ਉਹਨਾਂ ਵਿਚ ਰਿਸ਼ਤੇਦਾਰੀ ਤੇ ਬਰਾਦਰੀ ਦਾ ਹੇਜ, ਪਿਆਰ, ਮੇਲ, ਮਿਲਾਪ, ਅੱਖ ਲਿਹਾਜ਼, ਮੂੰਹ ਮੁਲਾਹਜ਼ਾ ਤੇ ਕਬੀਲਾ ਪਰਵਰੀ ਦੇ ਭਾਵਾਂ ਦਾ ਅਜੇ ਪੂਰਾ ਜ਼ੋਰ ਸੀ। ਪਰਾਹੁਣਚਾਰੀ ਤੇ ਲਾਈਆਂ ਦੀ ਲਾਜ ਰੱਖਣ ਦੇ ਸਾਰੇ ਪੁਰਾਣੇ ਗੁਣ ਮੌਜੂਦ ਸਨ। ਇਹਨਾਂ ਦਾ ਆਪਸ ਵਿਚ ਭਾਵੇਂ ਕਿੰਨਾ ਵੱਟ ਵਿਰੋਧ ਹੋਵੇ, ਪਰ ਆਪਣਾ ਵੱਟ ਕੱਢਣ ਲਈ ਸਰਕਾਰੇ ਦਰਬਾਰੇ ਜਾ ਕੇ ਚੁਗਲੀ ਕਰਨੀ ਅਜੇ ਬਹੁਤ ਹੀ ਘੱਟ ਸੀ। ਕਿਸੇ ਦੇ ਕਿੰਨੇ ਤੇ ਕਿਹੋ ਜਿਹੇ ਪਰਾਹੁਣੇ ਆ ਜਾਣ ਤੇ ਉਹ ਕਿੰਨੇ ਦਿਨ ਰਹਿਣ, ਨਾ ਘਰ ਵਾਲੇ ਅੱਕਦੇ ਸਨ ਸਨ ਤੇ ਨ ਆਂਢ ਗੁਵਾਂਢ ਕੁਝ ਗੌਲਦਾ ਸੀ'।[29]

ਅੰਗਰੇਜ਼ਾਂ ਦੇ ਰਾਜ ਪ੍ਰਬੰਧ ਦੀ ਪ੍ਰਕਿਰਤੀ ਨੂੰ ਲੇਖਕ ਨੇ ਕੇਵਲ ਇਕੋ ਵਾਕ ਵਿਚ ਸਪੱਸ਼ਟ ਕਰ ਦਿਤਾ ਹੈ ਜਿਵੇਂ 'ਅੰਗਰੇਜ ਤਾਂ ਉਕਾ ਹੀ ਸੀ. ਆਈ. ਡੀ. ਦੀਆਂ ਤੁਖਣੀਆਂ, ਪੁਲਸ ਦੇ ਡੰਡੇ ਤੇ ਫੌਜ ਦੀ ਗੋਲੀ ਦੇ ਤਾਣ ਰਾਜ ਕਰਦਾ ਸੀ'।[30] ਰਾਜ ਪ੍ਰਬੰਧ ਵਿਚ ਸੀ. ਆਈ. ਡੀ. ਦੀ ਭੂਮਿਕਾ ਵੀ ਇਕੋ ਵਾਕ ਵਿਚ ਸਪੱਸ਼ਟ ਕਰ ਦਿਤੀ ਹੈ। ਲੇਖਕ ਦੇ ਕਥਨ ਅਨੁਸਾਰ, ਸੀ. ਆਈ. ਡੀ. ਅੰਗਰੇਜ਼ੀ ਰਾਜ ਦਾ ਇਕ ਤਰ੍ਹਾਂ ਦਾ ਸ਼ਿਕਾਰ ਕੱਢਣ ਵਾਲਾ ਖੰਡਾ ਕੁੱਤਾ ਸੀ'।[31]

ਥੋੜ੍ਹੇ ਸ਼ਬਦਾਂ ਵਿਚ ਵੱਧ ਤੋਂ ਵੱਧ ਤੇ ਅਰਥ-ਭਰਪੂਰ ਗੱਲ ਕਹਿਣੀ ਲੇਖਕ ਦੀ ਸੁਚੱਜੀ ਵਾਰਤਕ-ਸ਼ੈਲੀ ਦੀ ਸੂਚਕ ਹੈ।

## ਅਲੰਕਰਣ

ਅਲੰਕਾਰ ਕਿਸੇ ਕਵੀ ਦੀ ਕਾਵਿ-ਸ਼ੈਲੀ ਨੂੰ ਸ਼ਿੰਗਾਰਣ ਵਿਚ ਸਹਾਈ ਹੁੰਦੇ ਹਨ ਪਰ ਗੁਰਚਰਨ ਸਿੰਘ ਸਹਿੰਸਰਾ ਨੇ ਆਪਣੀ ਲਿਖਤ ਵਿਚ ਬੜੀਆਂ ਸੁੰਦਰ ਉਪਮਾਵਾਂ, ਰੂਪਕ ਤੇ ਦ੍ਰਿਸ਼ਟਾਂਤਾਂ ਦਾ ਪ੍ਰਯੋਗ ਕਰਕੇ ਆਪਣੀ ਵਾਰਤਕ-ਸ਼ੈਲੀ ਨੂੰ ਸੁਹਜ-ਭਰਪੂਰ ਬਣਾਇਆ ਹੈ ਜਿਵੇਂ ਉਹ ਲਿਖਦਾ ਹੈ 'ਕੜਕਵੀਂ ਧੁੱਪ ਨੇ ਪਹਾੜ ਦੀ ਤ੍ਰੱਕ ਲੱਗ ਕੇ ਪੈਰਾਂ ਹੇਠਲੀ ਸਲੇਟੀ ਸੜਕ ਨੂੰ ਤਵੇ ਵਾਂਗ ਤਪਾਇਆ ਹੋਇਆ ਸੀ। ਉਤੋਂ ਧੁੱਪ ਨੇ ਤੇ ਹੇਠੋਂ ਸੜਕ ਦੇ ਸੇਕ ਨਾਲ ਮੈਂ ਮੱਛੀ ਵਾਂਗ ਭੁੱਜ ਰਿਹਾ ਸਾਂ'।[32] ਇਨ੍ਹਾਂ ਸਤਰਾਂ ਵਿਚ ਸੜਕ ਦਾ ਤਵੇ ਵਾਂਗ ਤਪਣਾ ਤੇ ਲੇਖਕ ਦਾ ਮੱਛੀ ਵਾਂਗ ਭੁਜਣਾ ਨਿਰਸੰਦੇਹ ਬੜੀਆਂ ਸੁੰਦਰ ਉਪਮਾਵਾਂ ਹਨ। ਇਸੇ ਤਰ੍ਹਾਂ ਲੇਖਕ ਨੇ ਇਕ ਸੁਰੰਗ ਦੀ ਤੁਲਣਾ ਸਤਰੰਗੀ ਪੀਂਘ ਨਾਲ ਕੀਤੀ ਹੈ, ਜਿਵੇਂ 'ਸੁਰੰਗ ਸਤਰੰਗੀ ਪੀਂਘ ਵਾਂਗ ਖੱਬੇ ਹੱਥ ਨੂੰ ਮੁੜਵੀਂ ਜਿਹੀ ਸੀ'।[33] ਕੋਈ ਕੋਈ ਰੂਪਕ ਵੀ ਲੇਖਕ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਗੱਦ ਰਚਨਾ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਵੇਂ 'ਸੋਚਾਂ ਦੇ ਸਮੁੰਦਰ ਵਿਚ ਡੁੱਬਦਾ ਤਰਦਾ ਮੈਂ ਗਲਾਅ ਲੰਘ ਕੇ ਕਰਕ ਵਾਲੀ ਸੜਕ ਦੇ ਮੋੜ ਉਤੇ ਜਾ ਖਲੋਤਾ'।[34] ਇਸ ਪੰਕਤੀ ਵਿਚ 'ਸੋਚਾਂ ਦਾ ਸਮੁੰਦਰ' ਇਕ ਖੂਬਸੂਰਤ ਰੂਪਕ ਹੈ। ਅਜਿਹੇ ਹੋਰ ਕਈ ਰੂਪਕ ਉਸ ਦੀ ਗੱਦ-ਰਚਨਾ ਵਿਚ ਵੇਖੇ ਜਾ ਸਕਦੇ ਹਨ। ਲੇਖਕ ਨੇ ਆਪਣੇ ਕਥਨ ਦੀ ਪੁਸ਼ਟੀ ਲਈ ਢੁਕਵੇਂ ਦ੍ਰਿਸ਼ਟਾਂਤ ਵੀ ਵਰਤੇ ਹਨ। ਉਦਾਹਰਣ ਵਜੋਂ ਸਾਈਕਲੋ ਮਸ਼ੀਨ ਵਾਲੇ ਖੰਡ ਵਿਚ ਉਹ ਲਿਖਦਾ ਹੈ—'ਉਨ੍ਹਾਂ ਦਿਨਾਂ ਵਿਚ ਸਾਈਕਲੋ ਮਸ਼ੀਨ ਤੇ ਉਸ ਦੇ ਸਮਾਨ ਨੂੰ ਉਸੇ ਤਰ੍ਹਾਂ ਲਕੋ ਕੇ ਰੱਖਣਾ ਤੇ ਲੈ ਜਾਣਾ ਪੈਂਦਾ ਸੀ. ਜਿਸ ਤਰ੍ਹਾਂ ਘਰ ਦੀ ਕੱਢੀ ਸ਼ਰਾਬ ਨੂੰ'।[35] ਘਰ ਦੀ ਕੱਢੀ ਸ਼ਰਾਬ ਦੇ ਦ੍ਰਿਸ਼ਟਾਂਤ ਤੋਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਉਨ੍ਹਾਂ ਦਿਨਾਂ ਵਿਚ ਸਾਈਕਲੋ ਮਸ਼ੀਨ ਰੱਖਣਾ ਬਹੁਤ ਹੀ ਖ਼ਤਰਨਾਕ ਸੀ।

### ਨਿਸ਼ਕਰਸ਼

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਉਹ ਵੀ ਦਿਨ ਸਨ' ਗੁਰਚਰਨ ਸਿੰਘ ਸਹਿੰਸਰਾ ਦੀ ਉਹ ਗੱਦ-ਰਚਨਾ ਹੈ ਜਿਸ ਵਿਚੋਂ ਪੰਜਾਬੀ ਦੀ ਵਾਰਤਕ-ਸ਼ੈਲੀ ਦਾ ਨਿਖਰਿਆ ਹੋਇਆ ਮੁਹਾਂਦਰਾ ਵੇਖਿਆ ਜਾ ਸਕਦਾ ਹੈ। ਅਜਿਹੀ ਉਤਮ ਵਾਰਤਕ-ਸ਼ੈਲੀ ਕਾਰਣ ਇਸ ਪੁਸਤਕ ਦਾ ਪੰਜਾਬੀ ਵਾਰਤਕ ਦੇ ਖੇਤਰ ਵਿਚ ਆਪਣਾ ਨਿਵੇਕਲਾ ਅਸਥਾਨ ਹੈ। 'ਉਹ ਵੀ ਦਿਨ ਸਨ' ਪੁਸਤਕ ਦੀ ਮੌਲਿਕ ਤੇ ਸ੍ਰੇਸ਼ਟ ਵਾਰਤਕ-ਸ਼ੈਲੀ ਦਾ ਸਦਕਾ ਗੁਰਚਰਨ ਸ੍ਰਿੰਘ ਸਹਿੰਸਰਾ ਦਾ ਨਾਂ ਪੰਜਾਬੀ ਦੇ ਕੁਝ ਕੁ ਚੰਗੇ ਸ਼ੈਲੀਕਾਰਾਂ ਵਿਚ ਲਿਆ ਜਾ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. 'ਉਹ ਵੀ ਦਿਨ ਸਨ', ਕੇ. ਲਾਲ ਐਂਡ ਕੰਪਨੀ, ਜਲੰਧਰ, 1973, ਪੰਨਾ 5.
2. ਉਹੀ, ਪੰਨਾ 8.
3. ਉਹੀ, ਪੰਨਾ 164.
4. ਉਹੀ, ਪੰਨਾ 13.
5. ਉਹੀ, ਪੰਨੇ 38–39.
6. ਉਹੀ, ਪੰਨਾ 31.
7. ਉਹੀ, ਪੰਨਾ 19.
8. ਉਹੀ, ਪੰਨੇ 35–36.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. ਉਹੀ, ਪੰਨਾ 54.
10. ਉਹੀ, ਪੰਨਾ 68.
11. ਉਹੀ, ਪੰਨਾ 141.
12. ਉਹੀ, ਪੰਨਾ 9.
13. ਉਹੀ, ਪੰਨੇ 32–33.
14. ਉਹੀ, ਪੰਨੇ 41–42.
15. ਉਹੀ, ਪੰਨੇ 42–43.
16. ਉਹੀ, ਪੰਨੇ 53–54.
17. ਉਹੀ, ਪੰਨਾ 61.
18. ਉਹੀ, ਪੰਨਾ 175.
19 ਉਹੀ, ਪੰਨੇ 52–53.
20. ਉਹੀ, ਪੰਨੇ 25–26.
21. ਉਹੀ, ਪੰਨੇ 152–53.
22. ਉਹੀ, ਪੰਨਾ 153.
23. ਉਹੀ, ਪੰਨਾ 53.
24. ਉਹੀ, ਪੰਨਾ 176.
25. ਉਹੀ, ਪੰਨਾ 177.
26. ਉਹੀ, ਪੰਨਾ 28.
27. ਉਹੀ, ਪੰਨਾ 77.
28. ਉਹੀ
29. ਉਹੀ, ਪੰਨਾ 114.
30. ਉਹੀ, ਪੰਨਾ 155.
31. ਉਹੀ
32. ਉਹੀ, ਪੰਨਾ 153.
33. ਉਹੀ, ਪੰਨਾ 152.
34. ਉਹੀ, ਪੰਨਾ 154.
35. ਉਹੀ, ਪੰਨੇ 122–23.

7747

कांगड़ी विश्वविद्यालय



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession
Class on 141613
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar